# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ ਭਾਗ ਪਹਿਲਾ ਸਮੈਸਟਰ ਪਹਿਲਾ

ਪੇਪਰ : ਪਹਿਲਾ (ਸਿੱਖਿਆ ਵਿੱਚ ਦਾਰਸ਼ਨਿਕ ਦ੍ਰਿਸ਼ਟੀਕੋਣ) ਯੂਨਿਟ : 2

ਮੀਡੀਅਮ : ਪੰਜਾਬੀ

**Last updated in August, 2025**

## ਪਾਠ ਨੰ.


2.1 : ਸਵਾਮੀ ਵਿਵੇਕਾਨੰਦ ਅਤੇ ਗੁਰੂ ਨਾਨਕ ਦੇਵ ਜੀ ਦਾ ਸਿੱਖਿਆ ਵਿੱਚ ਯੋਗਦਾਨ

2.2 : ਟੈਗੋਰ ਅਤੇ ਮਹਾਤਮਾ ਗਾਂਧੀ ਦਾ ਸਿੱਖਿਆ ਲਈ ਯੋਗਦਾਨ

2.3 : ਜੇ. ਕ੍ਰਿਸ਼ਨਾਮੂਰਤੀ

2.4 : **I** - ਭਾਰਤੀ ਸਿੱਖਿਆ ਕਮਿਸ਼ਨ (1964–66)

**II** - ਸਿੱਖਿਆ ਦੀ ਕੌਮੀ ਨੀਤੀ, 1986

2.5 : ਕਦਰਾਂ ਕੀਮਤਾਂ: ਵਰਗੀਕਰਨ ਅਤੇ ਤਰਜੀਹ


***website : www.pbidde.org***

ਪਾਠ ਨੰ: 2.1

ਲੇਖਿਕਾ: ਡਾ. ਹਰਿੰਦਰ ਕੌਰ ਸੋਢੀ

## 2.1.0 ਪਾਠ ਦਾ ਢਾਂਚਾ (Structure of the Lesson)

2.1.1 ਪਾਠ ਦੇ ਉਦੇਸ਼
2.1.2 ਭੂਮਿਕਾ
2.1.2.1 ਸਵਾਮੀ ਵਿਵੇਕਾਨੰਦ ਦਾ ਜੀਵਨ ਫ਼ਲਸਫ਼ਾ
2.1.2.2 ਸਵਾਮੀ ਵਿਵੇਕਾਨੰਦ ਦਾ ਸਿੱਖਿਅਕ ਫ਼ਲਸਫ਼ਾ
2.1.2.3 ਵਿਵੇਕਾਨੰਦ ਦੇ ਸਿੱਖਿਆ ਫਲਸਫ਼ੇ ਦੇ ਸਿਧਾਂਤ
2.1.2.4 ਸਿੱਖਿਆ ਦੇ ਉਦੇਸ਼
2.1.2.5 ਪਾਠਕ੍ਰਮ
2.1.2.6 ਪੜ੍ਹਾਉਣ ਦੀਆਂ ਵਿਧੀਆਂ
2.1.2.7 ਅਧਿਆਪਕ ਦਾ ਸਥਾਨ
2.1.2.8 ਸਾਰ
2.1.2.9 ਸਵੈ-ਮੁਲਾਂਕਣ ਲਈ ਪ੍ਰਸ਼ਨ
2.1.3 ਭੂਮਿਕਾ
2.1.3.1 ਗੁਰੂ ਨਾਨਕ ਦਾ ਸਿੱਖਿਅਕ ਫ਼ਲਸਫ਼ਾ
2.1.3.2 ਸਿੱਖਿਆ ਦੇ ਉਦੇਸ਼
2.1.3.3 ਪਾਠਕ੍ਰਮ
2.1.3.4 ਅਨੁਸ਼ਾਸ਼ਨ
2.1.3.5 ਪੜ੍ਹਾਉਣ ਦੀਆਂ ਵਿਧੀਆਂ
2.1.3.6 ਅਧਿਆਪਕ
2.1.3.7 ਸਿੱਖਿਅਕ ਸਮੱਸਿਆਵਾਂ
2.1.3.8 ਸਿੱਖਿਅਕ ਘਾਲਣਾਵਾਂ
2.1.3.9 ਸਾਰ
2.1.3.10 ਸਵੈ ਮੁਲਾਂਕਣ ਲਈ ਪ੍ਰਸ਼ਨ
2.1.4 ਸਾਰ
2.1.5 ਮੁੱਖ ਸੰਕਲਪ
2.1.6 ਸਵੈ ਮੁਲੰਕਣ ਲਈ ਪ੍ਰਸਨ
2.1.7 ਸੁਝਾਏ ਪ੍ਰਸ਼ਨ
2.1.8 ਸੁਝਾਈਆਂ ਪੁਸਤਕਾਂ ਅਤੇ ਵੈਬ ਸੋਮੇ

## 2.1.1 ਪਾਠ ਦੇ ਉਦੇਸ਼ (Objectives of the Lesson)

ਇਸ ਪਾਠ ਦਾ ਅਧਿਐਨ ਕਰਨ ਤੋਂ ਉਪਰੰਤ ਵਿਦਿਆਰਥੀ :

(i) ਸਵਾਮੀ ਵਿਵੇਕਾਨੰਦ ਜੀ ਦੇ ਫ਼ਲਸਫ਼ੇ ਬਾਰੇ ਸਪੱਸ਼ਟ ਭਾਂਤ ਗਿਆਨਵਾਨ ਹੋ ਜਾਣਗੇ।

(ii) ਸਵਾਮੀ ਵਿਵੇਕਾਨੰਦ ਦੇ ਵਿਦਿਅਕ ਫ਼ਲਸਫ਼ੇ ਦਾ ਸਪੱਸ਼ਟ ਭਾਂਤ ਵਰਨਣ ਕਰ ਸਕਣਗੇ।

(iii) ਸਵਾਮੀ ਜੀ ਦੇ ਭਾਰਤੀ ਤੇ ਪੱਛਮੀ ਭਾਂਤ ਦੇ ਉਦੇਸ਼ਾਂ ਬਾਰੇ ਸਪੱਸ਼ਟ ਭਾਂਤ ਜਾਣ ਸਕਣਗੇ।

(iv) ਉਹ ਸਵਾਮੀ ਜੀ ਦੀ ਸਿੱਖਿਆ ਬਾਰੇ ਸੋਚ ਨੂੰ ਸਪੱਸ਼ਟ ਭਾਂਤ ਦਰਸਾ ਸਕਣਗੇ ਤਾਂ ਕਿ ਭਾਰਤੀ ਸਿੱਖਿਆ ਨੂੰ ਸੇਧ ਮਿਲੇ ।

## 2.1.2 ਭੂਮਿਕਾ (Introduction)

ਸਵਾਮੀ ਵਿਵੇਕਾਨੰਦ ਜੀ ਦਾ ਅਸਲੀ ਨਾਂ ਨਰਿੰਦਰਾ ਨਾਥ ਦੱਤਾ ਸੀ ਤੇ ਉਹ 1963 ਵਿਚ ਕਲਕੱਤਾ ਦੇ ਉੱਚ ਪੱਧਰੀ ਪਰਿਵਾਰ ਵਿਚ ਪੈਦਾ ਹੋਏ ਸੀ । ਉਨ੍ਹਾਂ ਦੀ ਪਰਵਰਿਸ਼ ਬੜੇ ਚੰਗੇ ਢੰਗ ਨਾਲ ਹੋਈ ਅਤੇ ਉਹ ਬਚਪਨ ਤੋਂ ਹੀ ਅਰਾਧਨਾ ਕਰਿਆ ਕਰਦੇ ਸਨ । ਉਨ੍ਹਾਂ ਨੇ ਭਾਰਤੀ ਸਭਿਆਚਾਰ ਤੇ ਸਿਧਾਂਤਾਂ ਨੂੰ ਜੀਵਨ ਢੰਗ ਬਣਾਇਆ । ਉਨ੍ਹਾਂ ਦਾ ਸਮਾਜਿਕ ਜੀਵਨ ਬਹੁਤ ਘੱਟ ਸਮੇਂ ਦਾ ਕੇਵਲ 9 ਸਾਲਾਂ (1893 ਤੋਂ 1902 ) ਤੱਕ ਦਾ ਹੀ ਸੀ ਪਰ ਉਨ੍ਹਾਂ ਦੀ ਸਿੱਖਿਆ ਤੇ ਸਮਾਜ ਨੂੰ ਦੇਣ ਬਹੁਤ ਉੱਚ ਪੱਧਰੀ ਹੈ ।

ਉਹ ਵਿਅਕਤਿਤਵ ਤੇ ਕੌਮੀ ਤਰੱਕੀ ਲਈ ਬੜੇ ਚਿੰਤਤ ਸੀ । ਉਹ ਪੂਰਨ ਭਾਂਤ ਅਧਿਆਤਮਿਕ ਸੀ ਤੇ ਵਿਅਕਤੀ ਦੇ ਅੰਦਰ ਪਏ ਖਜ਼ਾਨੇ ਨੂੰ ਉਜਾਗਰ ਕਰਕੇ ਭਾਰਤ ਨੂੰ ਤਰੱਕੀ ਦੇ ਰਾਹ ਤੇ ਲੈ ਜਾ ਕੇ ਮੂਲ ਰੂਪ ਵਿਚ ਵਿਕਸਿਤ ਕਰਨਾ ਚਾਹੁੰਦੇ ਸੀ । ਇਸ ਲਈ ਉਹ ਇਹ ਜ਼ਰੂਰੀ ਸਮਝਦੇ ਸੀ ਕਿ ਸਿੱਖਿਆ ਨੂੰ ਪੂਰਨ ਭਾਂਤ ਇਕ ਸਾਧਨ ਵਜੋਂ ਵਰਤ ਕੇ ਸਮਾਜ ਦਾ ਵਿਕਾਸ ਕੀਤਾ ਜਾਵੇ ਤੇ ਕੌਮ ਨੂੰ ਉੱਚਾ ਚੁੱਕਿਆ ਜਾਵੇ । ਇਸ ਲਈ ਉਨ੍ਹਾਂ ਨੇ ਆਪਣੇ ਫਲਸਫ਼ੇ ਨੂੰ ਉਜਾਗਰ ਕਰਕੇ ਸਿੱਖਿਆ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ ।

### 2.1.2.1 ਸਵਾਮੀ ਵਿਵੇਕਾਨੰਦ ਦਾ ਜੀਵਨ ਫ਼ਲਸਫ਼ਾ (Swami Vivekananda's Philosophy of Life)

ਸਵਾਮੀ ਵਿਵੇਕਾਨੰਦ ਨੇ ਆਪਣੇ ਸਮੇਂ ਵਿੱਚ ਭਾਰਤੀਆਂ ਦੀ ਹਾਲਤ ਉੱਪਰ ਬਹੁਤ ਸ਼ੋਕ ਪ੍ਰਗਟ ਕੀਤਾ ਤੇ ਕਿਹਾ, "ਅੱਜ ਅਸੀਂ ਗਰੀਬ ਹਾਂ ਤੇ ਕਮਜ਼ੋਰ ਹਾਂ । ਅਸੀਂ ਦੂਸਰਿਆਂ ਦੇ ਡਰ ਨਾਲ ਕੰਮ ਕਰਦੇ ਹਾਂ । ਅਸੀਂ ਡਰ ਕੇ ਹੀ ਬੋਲਦੇ ਹਾਂ ਅਤੇ ਡਰ ਕੇ ਹੀ ਸੋਚਦੇ ਹਾਂ । ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਅਸੀਂ ਆਪਣੇ ਭਾਈਆਂ ਦੇ ਦੇਸ਼ ਵਿੱਚ ਨਹੀਂ ਸਗੋਂ ਦੁਸ਼ਮਣਾਂ ਦੇ ਦੇਸ਼ ਵਿੱਚ ਪੈਦਾ ਹੋਏ ਹਾਂ । ਇਸ ਪ੍ਰਕਾਰ ਦੇ ਹਾਲਾਤ ਇਸ ਲਈ ਉਤਪੰਨ ਹੋਏ ਹਨ ਕਿਉਂਕਿ ਅਸੀਂ ਵਿਧਾਨਿਕ ਫ਼ਲਸਫ਼ੇ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ ।"

ਉਨ੍ਹਾਂ ਦਾ ਫ਼ਰਮਾਨ ਸੀ ਕਿ ਇਕ ਬੁਜ਼ਦਿਲ, ਗਮਹੀਨ ਅਤੇ ਜੀਵਨ ਢੰਗ ਵੱਲ ਧਿਆਨ ਨਾ ਦੇਣ ਵਾਲਾ ਵਿਅਕਤੀ ਆਪਣੇ ਜੀਵਨ ਵਿੱਚ ਕੋਈ ਵੀ ਚੰਗੀ ਦੇਣ ਨਹੀਂ ਦੇ ਸਕਦਾ । ਸਿਰਫ਼ ਬਹਾਦੁਰ ਹੀ ਦੁਨੀਆਂ ਨੂੰ ਉੱਚਾ ਚੁੱਕ ਸਕਦੇ ਹੁੰਦੇ ਹਨ । ਇਸ ਪ੍ਰਕਾਰ ਵਿਵੇਕਾਨੰਦ ਜੀ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਬਹਾਦੁਰ, ਨਿਡਰ ਅਤੇ ਸ਼ਕਤੀਸ਼ਾਲੀ ਬਣਨ ਲਈ ਪ੍ਰੇਰਿਤ ਕੀਤਾ ਤਾਂ ਜੋ ਸਮਾਜ ਦੀ ਪੱਧਰ ਉੱਚੀ ਚੁੱਕੀ ਜਾ ਸਕੇ ।

ਸਵਾਮੀ ਜੀ ਮੂਲ ਰੂਪ ਵਿੱਚ ਆਦਰਸ਼ਵਾਦੀ ਸਨ । ਉਨ੍ਹਾਂ ਦੇ ਜੀਵਨ ਦਾ ਆਦਰਸ਼ ਸੀ ਕਿ ਨਿਡਰ ਬਣਨਾ ਚਾਹੀਦਾ ਹੈ ਤੇ ਇਸ ਢੰਗ ਨਾਲ ਘਾਲਣਾ ਘਾਲਣੀ ਚਾਹੀਦੀ ਹੈ ਕਿ ਸਮਾਜ ਦੀ ਸੇਵਾ ਕਰਕੇ ਲੋਕਾਂ ਨੂੰ ਸੁੱਖ ਪਹੁੰਚਾਇਆ ਜਾਵੇ । ਇਨਸਾਨ ਪ੍ਰਮਾਤਮਾ ਦੀ ਸਭ ਨਾਲੋਂ ਉੱਤਮ ਕਿਰਤ ਹੈ । ਉਸ ਨੇ ਪ੍ਰਮਾਤਮਾ ਦੇ ਤਿੰਨ ਗੁਣ ਸਤਿ, ਚਿੱਤ ਅਤੇ ਆਨੰਦ ਨੂੰ ਉੱਘਾ ਦਰਸਾਇਆ ਹੈ । ਉਨ੍ਹਾਂ ਦਾ ਫ਼ਰਮਾਨ ਸੀ ਕਿ ਮੂਲ ਰੂਪ ਵਿਚ ਇਹ ਤਿੰਨੇ ਗੁਣ ਪ੍ਰਮਾਤਮਾ ਦੇ ਗੁਣ ਹਨ । ਵਿਅਕਤੀ ਨੇ ਇਨ੍ਹਾਂ ਗੁਣਾਂ ਦੁਆਰਾ ਸਾਰਿਆਂ ਨੂੰ ਇਕ ਉੱਤਮ ਪੁਰਸ਼ (ਪ੍ਰਮਾਤਮਾ) ਨਾਲ ਜੋੜਨਾ ਹੁੰਦਾ ਹੈ ।

ਸਵਾਮੀ ਜੀ ਦਾ ਪੱਕਾ ਯਕੀਨ ਸੀ ਕਿ ਸੰਪੂਰਨਤਾ ਬਾਹਰ ਤੋਂ ਨਹੀਂ ਆਉਂਦੀ । ਇਹ ਵਿਅਕਤੀ ਦੇ ਅੰਦਰ ਹੀ ਵਾਪਰਦੀ ਹੈ । ਇਸ ਨੂੰ ਉਜਾਗਰ ਕਰਨ ਲਈ ਅਰਾਧਨਾ ਕਰਨੀ ਹੁੰਦੀ ਹੈ । ਉਹ ਮੂਲ ਰੂਪ ਵਿਚ ਅਧਿਆਤਮਕਵਾਦੀ ਅਤੇ ਆਦਰਸ਼ਵਾਦੀ ਵੀ ਸੀ ।

### 2.1.2.2 ਸਵਾਮੀ ਵਿਵੇਕਾਨੰਦ ਦਾ ਸਿੱਖਿਅਕ ਫ਼ਲਸਫ਼ਾ (Educational Philosophy of Swami Vivekanand)

ਉਹ ਦੁਨੀਆਂ ਦਾ ਇਕ ਵੱਡਾ ਸਿੱਖਿਆ ਫ਼ਲਸਫ਼ਾਕਾਰ ਸੀ । ਉਨ੍ਹਾਂ ਨੇ ਸਿੱਖਿਆ ਨੂੰ ਨਾ ਸਿਰਫ਼ ਮਨੋਕਲਪਿਤ ਹੀ ਕੀਤਾ ਸਗੋਂ ਅਸਲੀ ਰੂਪ ਵਿੱਚ ਜੀਵਨ ਵਿੱਚ ਰੂਪਮਾਨ ਵੀ ਕੀਤਾ । ਉਨ੍ਹਾਂ ਦਾ ਸਿੱਖਿਅਕ ਫ਼ਲਸਫ਼ਾ ਵੇਦਾਂ ਤੇ ਉਪਨਿਸ਼ਦਾਂ ਤੇ ਆਧਾਰਿਤ ਹੈ ਤੇ ਵਿਅਕਤੀ ਦੇ ਅਧਿਆਤਮਿਕ ਪੱਖਾਂ ਨੂੰ ਉਜਾਗਰ ਕਰਦਾ ਹੈ । ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਾਰੇ ਦਾ ਸਾਰਾ ਗਿਆਨ ਦੁਨਿਆਵੀ ਤੇ ਅਧਿਆਤਮਿਕ, ਇਨਸਾਨੀ ਦਿਮਾਗ਼ ਵਿੱਚ ਹੀ ਕੇਂਦਰਿਤ ਹੈ । ਇਹ ਉਥੇ ਪਹਿਲਾਂ ਹੀ ਬਿਰਾਜਮਾਨ ਹੈ । ਪਰ ਇਸ ਉੱਪਰ ਅਗਿਆਨਤਾ ਦੀ ਤਹਿ ਚੜ੍ਹੀ ਹੋਈ ਹੈ । ਸਿੱਖਿਆ ਇਸ ਦੀਆਂ ਤਹਿਆਂ ਨੂੰ ਫ਼ਾੜ ਕੇ ਇਸ ਵਿੱਚ ਕੇਂਦਰਿਤ ਗਿਆਨ ਨੂੰ ਉਜਾਗਰ ਕਰਦੀ ਹੈ । ਸਾਰੀ ਦੀ ਸਾਰੀ ਸਿਖਲਾਈ ਵਿਅਕਤਿਤਵ ਭਾਂਤ ਦੀ ਸਿਖਲਾਈ ਹੁੰਦੀ ਹੈ । ਅਧਿਆਪਕ ਤਾਂ ਮਾਰਗ ਦਰਸ਼ਨ ਕਰਦਾ ਹੈ, ਸਲਾਹ ਦਿੰਦਾ ਹੈ, ਇਸ਼ਾਰਾ ਕਰਦਾ ਹੈ ਤੇ ਬਾਹਰੋਂ ਸਹਾਇਤਾ ਪ੍ਰਦਾਨ ਕਰਦਾ ਹੈ । ਅਧਿਆਪਕ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਾ ਹੈ ਤੇ ਹੌਸਲਾ ਦਿੰਦਾ ਹੈ ਤਾਂ ਕਿ ਉਹ ਆਪਣੇ ਅੰਦਰ ਦੱਬੇ ਹੋਏ ਅਧਿਆਤਮਿਕ ਭਾਂਤ ਦੇ ਖ਼ਜ਼ਾਨੇ ਨੂੰ ਉਜਾਗਰ ਕਰ ਸਕੇ । ਸਵਾਮੀ ਜੀ ਨੇ ਆਪਣੇ ਸਮੇਂ ਦੀ ਸਿੱਖਿਆ ਨੂੰ ਨਾਕਾਰਾਤਮਿਕ ਸਿੱਖਿਆ ਹੀ ਦਸਿਆ ਹੈ ਤੇ ਲੋਕਾਂ ਨੂੰ ਉਤੇਜਤ ਹੋਣ ਲਈ ਪ੍ਰੇਰਿਤ ਕੀਤਾ ਹੈ ।

"ਤੁਸੀਂ ਉਸ ਵਿਅਕਤੀ ਨੂੰ ਸਿੱਖਿਅਕ ਵਿਅਕਤੀ ਕਹਿੰਦੇ ਹੋ ਜਿਸ ਨੇ ਕਿ ਕਈ ਡਿਗਰੀਆਂ ਪ੍ਰਾਪਤ ਕਰ ਲਈਆਂ ਹਨ, ਕੁਝ ਇਮਤਿਹਾਨ ਪਾਸ ਕਰ ਲਏ ਹਨ ਅਤੇ ਜੋ ਕਿ ਵਿਸਥਾਰਮਈ ਭਾਸ਼ਨ ਕਰ ਸਕਦਾ ਹੁੰਦਾ ਹੈ । ਪਰ ਇਹ ਅਸਲੀ ਸਿੱਖਿਆ ਨਹੀਂ ਹੁੰਦੀ । ਅਸਲੀ ਸਿੱਖਿਆ ਉਹ ਹੁੰਦੀ ਹੈ ਜੋ ਕਿ ਵਿਅਕਤੀ ਨੂੰ ਜੀਵਨ ਲਈ ਤਿਆਰ ਕਰਦੀ ਹੈ । ਇਹ ਇਨਸਾਨ ਨੂੰ ਸਮਾਜਿਕ ਸੇਵਾ ਲਈ ਤਿਆਰ ਕਰਦੀ ਹੈ, ਉਸ ਦੀ ਆਦਰਸ਼ ਉਸਾਰੀ ਕਰਦੀ ਹੈ ਤੇ ਇਸ ਪ੍ਰਕਾਰ ਉਸ ਵਿੱਚ ਸ਼ੇਰ ਵਰਗਾ ਹੌਸਲਾ ਤੇ ਮਾਨ ਸਨਮਾਨ ਫੂਕ ਦਿੰਦੀ ਹੈ । ਹੋਰ ਕੋਈ ਵੀ ਸਿੱਖਿਆ ਕਿਸੇ ਵੀ ਕੰਮ ਦੀ ਨਹੀਂ

ਹੁੰਦੀ ਹੈ ।"

ਉਨ੍ਹਾਂ ਦਾ ਸਿੱਖਿਆ ਬਾਰੇ ਸੰਕਲਪ ਬਹੁਤ ਵਿਸ਼ਾਲ ਸੀ । ਉਹ ਵਿਅਕਤੀ ਨੂੰ ਸਮੁੱਚੇ ਵਿਕਾਸ ਨਾਲ ਜੋੜਨਾ ਚਾਹੁੰਦੇ ਸੀ । ਉਨ੍ਹਾਂ ਦਾ ਸਿਧਾਂਤ ਸੀ ਕਿ ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਨੂੰ ਪੱਛਮੀ ਦੇਸ਼ਾਂ ਤੋਂ ਤਕਨਾਲੋਜੀ ਸਿੱਖਣੀ ਚਾਹੀਦੀ ਹੈ ਤੇ ਜਿਥੋਂ ਤਕ ਵੀ ਹੋ ਸਕੇ ਲੋਕਾਂ ਨੂੰ ਕਾਰਖਾਨਿਆਂ ਦਾ ਵਿਕਾਸ ਕਰਨਾ ਚਾਹੀਦਾ ਹੈ । ਇਸ ਨਾਲ ਕੌਮ ਹਰ ਪੱਖ ਤੋਂ ਤਰੱਕੀ ਕਰ ਲਵੇਗੀ । ਉਨ੍ਹਾਂ ਨੇ ਵਿਸ਼ੇਸ਼ ਭਾਂਤ ਨਾਲ ਹੀ ਪ੍ਰੈਕਟੀਕਲ ਜਾਂ ਤਜਰਬੇ ਦੀ ਸਿੱਖਿਆ ਤੇ ਜ਼ੋਰ ਦਿੱਤਾ ਹੈ ।

**2.1.2.3 ਸਵਾਮੀ ਵਿਵੇਕਾਨੰਦ ਦੇ ਸਿੱਖਿਆ ਦੇ ਸਿਧਾਂਤ (Principles of Education of Swami Vivekanand) :** ਸਵਾਮੀ ਜੀ ਅਨੁਸਾਰ ਸਿੱਖਿਆ ਦੇ ਸਿਧਾਂਤ ਹੇਠ ਲਿਖੇ ਅਨੁਸਾਰ ਹਨ ।

**(i) ਸਾਰਾ ਗਿਆਨ ਵਿਅਕਤੀ ਦੇ ਅੰਦਰ ਹੀ ਮੌਜੂਦ ਹੈ (Knowledge Resides within the Individual ) :** ਗਿਆਨ ਮਨੁੱਖ ਦੇ ਅੰਦਰ ਜਨਮਜਾਤ ਹੀ ਹੁੰਦਾ ਹੈ । ਵਿਅਕਤੀ ਇਸ ਨੂੰ ਆਪਣੇ ਯਤਨਾਂ ਨਾਲ ਹੀ ਵਿਕਸਿਤ ਕਰਦਾ ਹੈ ।

**(ii) ਸਵੈਸਿੱਖਿਆ (Self Education) : ਸਵਾਮੀ ਵਿਵੇਕਾਨੰਦ** ਦਾ ਕਥਨ ਹੈ, "ਬੱਚਾ ਆਪਣੇ ਆਪ ਗਿਆਨ ਹਾਸਿਲ ਕਰੇਗਾ, ਤੁਹਾਡਾ ਕੰਮ ਹੈ ਉਸਨੂੰ ਲੋੜੀਂਦੇ ਅਵਸਰ ਪ੍ਰਦਾਨ ਕਰਨਾ ਅਤੇ ਉਸਦੇ ਰਾਹ ਵਿਚ ਆ ਰਹੀਆਂ ਮੁਸ਼ਕਿਲਾਂ ਨੂੰ ਹਟਾਉਣਾ । ਉਹ ਆਪਣੇ ਆਪ ਹੀ ਸਿੱਖਿਆ ਪ੍ਰਾਪਤ ਕਰ ਲਵੇਗਾ । ਇਕ ਪੌਦਾ ਆਪਣੇ ਆਪ ਹੀ ਵਿਕਸਿਤ ਹੁੰਦਾ ਹੈ । ਕੀ ਕੋਈ ਮਾਲੀ ਉਸਨੂੰ ਵਿਕਸਿਤ ਕਰਦਾ ਹੈ ? ਮਾਲੀ ਸਿਰਫ਼ ਲੋੜੀਂਦਾ ਵਾਤਾਵਰਨ ਮੁਹੱਈਆ ਕਰਵਾਉਂਦਾ ਹੈ ਤੇ ਪੌਦਾ ਆਪਣੇ ਆਪ ਹੀ ਵਿਕਾਸ ਵਲ ਵੱਧਦਾ ਜਾਂਦਾ ਹੈ ।

**(iii) ਸਿੱਖਿਆ ਬੱਚੇ ਦੀ ਜ਼ਰੂਰਤ ਦੇ ਮੁਤਾਬਿਕ ਹੋਵੇ (Education According to the Need of the Child) :** ਸਿੱਖਿਆ ਨੂੰ ਜੇਕਰ ਉਪਯੋਗੀ ਬਣਾਉਣਾ ਹੋਵੇ ਤਾਂ ਜ਼ਰੂਰੀ ਹੈ ਕਿ ਸਿੱਖਿਆ ਬੱਚੇ ਦੇ ਸੁਭਾਅ ਅਤੇ ਜ਼ਰੂਰਤ ਦੇ ਮੁਤਾਬਿਕ ਹੋਵੇ ।

**(iv) ਸਿੱਖਿਆ ਦਾ ਅਰਥ ਹੈ ਵਿਚਾਰਾਂ ਨੂੰ ਪਹੁੰਚਾਉਣਾ (Education Means Assimilation of Views ) : ਸਵਾਮੀ ਵਿਵੇਕਾਨੰਦ** ਦਾ ਮੰਨਣਾ ਸੀ ਕਿ ਸਿੱਖਿਆ ਦਾ ਅਰਥ ਇਹ ਨਹੀਂ ਹੈ ਕਿ ਸਾਲਾਂ ਬੱਧੀ ਦਿਮਾਗ਼ ਵਿਚ ਜਾਣਕਾਰੀ ਇਕੱਤ੍ਰਿਤ ਕੀਤੀ ਜਾਂਦੀ ਰਹੇ ਤੇ ਫੇਰ ਉਸਨੂੰ ਦਿਮਾਗ਼ ਵਿਚ ਹੀ ਸੜਦਾ ਰਹਿਣ ਦਿੱਤਾ ਜਾਏ । ਸਿੱਖਿਆ ਦਾ ਅਰਥ ਹੈ ਉਹ ਪ੍ਰਣਾਲੀ, ਜਿਸ ਰਾਹੀਂ ਵਧੀਆ ਵਿਚਾਰ ਬੱਚੇ ਦੀ ਸਮਝ ਵਿਚ ਆਉਣ ਅਤੇ ਉਹ ਆਪਣੇ ਜੀਵਨ ਅਤੇ ਚਰਿੱਤਰ ਨਿਰਮਾਣ ਵਿਚ ਸਹਾਇਤਾ ਲੈ ਸਕੇ । ਜੇਕਰ ਕੋਈ ਬੱਚਾ ਚੰਗੇ ਵਿਚਾਰਾਂ ਨੂੰ ਸਮਝ ਕੇ ਉਹਨਾਂ ਉੱਪਰ ਅਮਲ ਕਰਦਾ ਹੈ ਤਾਂ ਸਵਾਮੀ ਜੀ ਕਹਿੰਦੇ ਹਨ ਕਿ ਅਜਿਹੇ ਬੱਚੇ ਉਸ ਵਿਅਕਤੀ ਨਾਲੋਂ ਬਹੁਤ ਵਧੀਆ ਇਨਸਾਨ ਬਣ ਸਕਦੇ ਹਨ ਜਿਸਨੂੰ ਕਿ ਬੇਸ਼ਕ ਸਾਰਾ ਪੁਸਤਕਾਲਾਂ ਰੱਟਿਆ ਹੋਇਆ ਹੋਵੇ ।

**(v) ਸਿੱਖਿਆ ਵਿਅਕਤੀ ਵਿਚ ਆਤਮ ਵਿਸ਼ਵਾਸ ਪੈਦਾ ਕਰਦੀ ਹੈ (Education Develops Self Confidence) : ਸਵਾਮੀ ਵਿਵੇਕਾਨੰਦ** ਦਾ ਖ਼ਿਆਲ ਸੀ ਕਿ ਆਤਮ ਵਿਸ਼ਵਾਸ ਰੱਬ ਉੱਪਰ ਵਿਸ਼ਵਾਸ ਕਰਨ ਤੋਂ ਵੀ ਵੱਧ ਮਹੱਤਵਪੂਰਨ ਹੈ । ਇਨਸਾਨ ਨੇ ਜਨਮ ਹੀ ਫ਼ਤਹਿ ਹਾਸਲ ਕਰਨ ਲਈ ਲਿਆ ਹੈ ਨਾ ਕਿ ਹਾਰਨ ਲਈ । ਸਵਾਮੀ ਜੀ ਅਕਸਰ ਕਟੋਪਨਿਸ਼ਦ ਦੇ ਸ਼ਬਦ ਦੁਹਰਾਉਂਦੇ ਸਨ ਕਿ ਉਠੋ, ਜਾਗੋ, ਅੱਗੇ ਵੱਧੋ ਅਤੇ ਹਾਸਿਲ ਕਰੋ ਜੋ ਕਿ ਵਾਸਤਵਿਕ ਰੂਪ ਵਿਚ ਤੁਹਾਡਾ ਆਪਣਾ ਹੈ । ਉਦੋਂ ਤਕ ਨਾ ਰੁਕੋ ਜਦ ਤਕ ਕਿ ਲਕਸ਼ ਦੀ ਪ੍ਰਾਪਤੀ ਨਾ ਹੋ ਜਾਵੇ, ਪਰ ਹਮੇਸ਼ਾਂ ਯਾਦ ਰੱਖੋ ਕਿ ਰਸਤਾ ਉਸਤਰੇ ਦੀ ਵਾਂਗੂ ਤਿੱਖਾ ਹੈ ਉਸ ਉੱਪਰ ਚੱਲਣਾ ਬਹੁਤ ਕਠਿਨ ਹੈ ।

**(vi) ਅਧਿਆਪਕ ਦੇ ਗੁਣ (Qualities of a Teacher) : ਸਵਾਮੀ-ਵਿਵੇਕਾਨੰਦ** ਅਨੁਸਾਰ ਅਧਿਆਪਕ ਇਕ ਐਸਾ ਫ਼ਿਲਾਸਫ਼ਰ, ਮਿੱਤਰ ਅਤੇ ਅਗਵਾਈ ਕਰਤਾ ਹੈ ਜੋ ਕਿ ਸਿੱਖਿਆਰਥੀ ਨੂੰ ਆਪਣੇ ਤਰੀਕੇ ਨਾਲ ਅਗੇ ਵੱਧਣ ਵਿਚ ਸਹਾਇਤਾ ਕਰਦਾ ਹੈ । ਤਿਆਗ ਦੀ ਬਿਰਤੀ ਵਾਲਾ ਅਧਿਆਪਕ ਸਿੱਖਿਆਰਥੀਆਂ ਨੂੰ ਪ੍ਰਭਾਵਿਤ ਕਰਦਾ ਹੈ । ਅਧਿਆਪਕ ਨੂੰ ਬੱਚਿਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਪਿਆਰ ਦੇਣਾ ਚਾਹੀਦਾ ਹੈ । ਉਸਦਾ ਅਧਿਆਪਨ ਦਾ ਕੰਮ ਬੱਚਿਆਂ ਦੀਆਂ ਜ਼ਰੂਰਤਾਂ, ਯੋਗਤਾਵਾਂ ਅਤੇ ਰੁਚੀਆਂ ਦੇ ਅਨਰੂਪ ਹੋਣਾ ਚਾਹੀਦਾ ਹੈ ।

**(vii) ਵਿਦਿਆਰਥੀ ਦੇ ਗੁਣ (Qualities of the Students) : ਸਵਾਮੀ ਵਿਵੇਕਾਨੰਦ** ਨੇ ਕਿਹਾ ਕਿ ਵਿਦਿਆਰਥੀ ਦੇ ਅੰਦਰ ਸਿੱਖਣ ਵੱਲ ਝੁਕਾਅ ਅਤੇ ਤੀਬਰਤਾ ਹੋਣਾ ਲਾਜ਼ਮੀ ਹੈ । ਉਹਨਾਂ ਮੁਤਾਬਿਕ ਬੱਚਾ ਸਿੱਖਣ-ਸਮੱਗਰੀ ਅਤੇ ਆਤਮਿਕ ਗੁਣਾਂ ਦੀ ਖਾਣ (store house) ਹੁੰਦਾ ਹੈ । ਵਿਦਿਆਰਥੀ ਦਾ ਆਪਣੀਆਂ ਇੰਦਰੀਆਂ ਉੱਪਰ ਕਾਬੂ ਹੋਣਾ ਜ਼ਰੂਰੀ ਹੈ । ਸਵਾਮੀ ਜੀ ਦਾ ਕਹਿਣਾਂ ਸੀ ਕਿ ਆਪਣੀ ਆਤਮਾ ਵਿਚ ਦੇਖੋ ਅਤੇ ਉਥੇ ਤੁਹਾਨੂੰ ਸਾਰੇ ਉਪਨਿਸ਼ਦ ਦਿਸਣਗੇ, ਉਹਨਾਂ ਦੇ ਮੁਤਾਬਿਕ ਆਪਣਾ ਜੀਵਨ ਢਾਲੋ । ਤੁਸੀਂ ਇਕ ਮਹਾਨ ਪੁਸਤਕ ਹੋ ਜੋ ਕਿ ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਹੋਵੇਗੀ । ਜਦੋਂ ਤਕ ਤੁਹਾਡੇ ਅੰਦਰਲਾ ਅਧਿਆਪਕ (ਆਤਮਾ ਰੂਪੀ) ਜਾਗ੍ਰਿਤ ਨਹੀਂ ਹੁੰਦਾ, ਬਾਹਰਲਾ ਸਾਰਾ ਅਧਿਆਪਨ ਬੇਕਾਰ ਹੈ । ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਧਿਆਪਕ ਦੁਆਰਾ ਰੱਖੇ ਗਏ ਆਦਰਸ਼ਾਂ ਤੇ ਚੱਲੇ ਅਤੇ ਉਹਨਾਂ ਦੀ ਪਾਲਣਾ ਕਰੇ ।

**(viii) ਇਸਤਰੀ-ਸਿੱਖਿਆ (Women Education) :** ਉਚਿਤ ਇਸਤਰੀ ਸਿੱਖਿਆ ਦੀ ਅਣਹੋਂਦ ਨਾਲ ਦੇਸ਼ ਕਦੇ ਵੀ ਤਰੱਕੀ ਨਹੀਂ

ਕਰ ਸਕਦਾ । ਉਹਨਾਂ ਦਾ ਵਿਚਾਰ ਸੀ ਕਿ ਜਿਸ ਜਗ੍ਹਾਂ ਇਸਤਰੀ ਦਾ ਸਨਮਾਨ ਕੀਤਾ ਜਾਂਦਾ ਹੈ ਉਥੇ ਦੇਵਤੇ ਨਿਵਾਸ ਕਰਦੇ ਹਨ । ਉਹ ਇਹ ਵੀ ਚਾਹੁੰਦੇ ਸਨ ਕਿ ਲੜਕੀਆਂ ਨੂੰ ਲੜਕਿਆਂ ਵਾਂਗ ਹੀ ਸਿੱਖਿਆ ਪ੍ਰਦਾਨ ਕੀਤੀ ਜਾਵੇ । ਉਹਨਾਂ ਕਿਹਾ ਕਿ ਹਿੰਦੁਸਤਾਨੀ ਇਸਤਰੀਆਂ ਦਾ ਸੀਤਾ ਮਾਤਾ ਦੇ ਪਦ-ਚਿੰਨ੍ਹਾਂ ਮੁਤਾਬਿਕ ਵਾਧਾ ਤੇ ਵਿਕਾਸ ਹੋਣਾ ਚਾਹੀਦਾ ਹੈ । ਭਾਰਤ ਨੂੰ ਸੰਘਮਿਤਰਾ, ਅਹਿਲਯਾਬਾਈ ਅਤੇ ਮੀਰਾਬਾਈ ਵਰਗੀਆਂ ਬਹਾਦੁਰ ਇਸਤਰੀਆਂ ਦੀ ਜ਼ਰੂਰਤ ਹੈ । ਜੇਕਰ ਇਸਤਰੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕੀਤੀ ਜਾਵੇ ਤਾਂ ਉਹ ਆਦਰਸ਼ ਮਾਤਾਵਾਂ ਸਾਬਿਤ ਹੋ ਸਕਦੀਆਂ ਹਨ ਅਤੇ ਆਦਰਸ਼ਕ ਮਾਤਾਵਾਂ ਦੁਆਰਾ ਅਸੀਂ ਆਦਰਸ਼ ਨਾਗਰਿਕਾਂ ਦੀ ਉਮੀਦ ਕਰ ਸਕਦੇ ਹਾਂ । ਵਿਵੇਕਾਨੰਦ ਨੂੰ ਦੁੱਖ ਹੁੰਦਾ ਸੀ ਜਦੋਂ ਉਹ ਔਰਤਾਂ ਨੂੰ ਪੱਛਮੀ ਸਭਿਅਤਾ ਨੂੰ ਅਪਣਾਉਂਦੇ ਵੇਖਦੇ ਸਨ । ਪੱਛਮੀ ਸਭਿਅਤਾ ਅਤੇ ਪੱਛਮੀ ਸਭਿਆਚਾਰ ਨੇ ਹੀ ਭਾਰਤ ਦਾ ਪਤਨ ਲਿਆਂਦਾ ਹੈ । ਭਾਰਤੀ ਔਰਤ ਨੂੰ ਭਾਰਤੀ ਸਭਿਆਚਾਰ ਅੰਦਰ ਰਹਿ ਕੇ ਆਪਣਾ ਵਿਕਾਸ ਕਰਨਾ ਚਾਹੀਦਾ ਹੈ ।

**(ix) ਸਮੂਹ ਸਿੱਖਿਆ (Mass Education) :** ਸਵਾਮੀ ਵਿਵੇਕਾਨੰਦ ਸਮੂਹਿਕ ਤੌਰ ਤੇ ਲੋਕਾਂ ਦੀਆਂ ਪ੍ਰਸਥਿਤੀਆਂ ਵਿਚ ਸੁਧਾਰ ਚਾਹੁੰਦੇ ਸਨ ਅਤੇ ਇਸੇ ਕਾਰਨ ਸਮਾਜ ਵਿਚ ਸਮੂਹਿਕ ਸਿੱਖਿਆ ਦਾ ਪ੍ਰਸਾਰ ਕਰਨਾ ਚਾਹੁੰਦੇ ਸਨ । ਉਹਨਾਂ ਦਾ ਵਿਚਾਰ ਸੀ ਕਿ ਹਰੇਕ ਅਮੀਰ ਅਤੇ ਪੜ੍ਹੇ ਲਿਖੇ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀ ਸਿੱਖਿਆ ਵਲ ਆਪਣਾ ਯੋਗਦਾਨ ਪਾਵੇ । ਸਵਾਮੀ ਜੀ ਚਾਹੁੰਦੇ ਸਨ ਕਿ ਸਿੱਖਿਆ ਦਾ ਪ੍ਰਬੰਧ ਕੁਝ ਵਿਅਕਤੀਆਂ ਦੇ ਹੱਥ ਵਿਚ ਨਾ ਹੋ ਕੇ, ਰਾਜ ਸਰਕਾਰ ਦੇ ਅਧੀਨ ਹੋਣਾ ਚਾਹੀਦਾ ਹੈ । ਸਵਾਮੀ ਵਿਵੇਕਾਨੰਦ ਦਾ ਵਿਸ਼ਵਾਸ ਸੀ ਕਿ ਜੇਕਰ ਅਨਪੜ੍ਹ ਵਿਅਕਤੀ ਸਿੱਖਿਆ ਪ੍ਰਾਪਤੀ ਲਈ ਸਾਡੇ ਕੋਲ ਨਹੀਂ ਆ ਸਕਦਾ ਤਾਂ ਸਾਨੂੰ ਸਿੱਖਿਆ ਪ੍ਰਦਾਨ ਕਰਨ ਲਈ ਉਸ ਤੱਕ ਜਾਣਾ ਚਾਹੀਦਾ ਹੈ ।

**(x) ਧਾਰਮਿਕ ਸਿੱਖਿਆ (Religious Education) :** ਵਿਅਕਤੀ ਦੇ ਵਿਕਾਸ ਲਈ ਧਾਰਮਿਕ ਸਿੱਖਿਆ ਬਹੁਤ ਜ਼ਰੂਰੀ ਹੈ । ਉਹਨਾਂ ਨੇ ਕਿਹਾ ਕਿ ਧਾਰਮਿਕ ਸਿੱਖਿਆ ਦਾ ਵਿਸ਼ਾ ਵੀ ਉਸੇ ਤਰ੍ਹਾਂ ਸਕੂਲਾਂ ਵਿਚ ਪੜ੍ਹਾਉਣਾ ਚਾਹੀਦਾ ਹੈ ਜਿਵੇਂ ਕਿ ਬਾਕੀ ਸਾਰੇ ਵਿਸ਼ੇ ਪੜ੍ਹਾਏ ਜਾਂਦੇ ਹਨ । ਵਿਦਿਆਰਥੀ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਰੱਬ ਕਿਸੇ ਇਕ ਧਾਰਮਿਕ ਗ੍ਰੰਥ ਜਾਂ ਕਿਸੇ ਇਕ ਧਾਰਮਿਕ ਸੰਪ੍ਰਦਾਇ ਤੱਕ ਸੀਮਿਤ ਨਹੀਂ ਹੈ, ਬਲਕਿ ਰੱਬ ਸਰਵ-ਵਿਆਪਕ (omnipresent) ਹੈ ।

**(xi) ਸਿੱਖਿਆ ਦੇ ਸਾਧਨ (Modes of Education) :** ਸਿੱਖਿਆ ਦੇ ਸਾਧਨ ਹੇਠ ਲਿਖੇ ਅਨੁਸਾਰ ਹਨ :-

(ੳ) **ਪਿਆਰ (Love) :** ਬੱਚੇ ਨੂੰ ਪਿਆਰ ਨਾਲ ਪੜ੍ਹਾਉਣਾ ਚਾਹੀਦਾ ਹੈ । ਇਸ ਕਾਰਨ ਕਰਕੇ ਹੀ ਸੁਆਮੀ ਜੀ ਦੇ ਵਿਦਿਅਕ ਫ਼ਲਸਫ਼ੇ ਨੂੰ ਕਈ ਵਾਰ , "ਇਨਸਾਨ ਬਣਾਉਣ ਦਾ ਫ਼ਲਸਫ਼ਾ ਵੀ ਕਿਹਾ ਜਾਂਦਾ ਹੈ ।" ਪਿਆਰ ਨਾਲ ਬੱਚਾ ਝੂਠ ਤੋਂ ਸੱਚ ਵੱਲ, ਹਨੇਰੇ ਤੋਂ ਰੋਸ਼ਨੀ ਵੱਲ, ਮੌਤ ਤੋਂ ਮੁਕਤੀ ਵੱਲ ਨੂੰ ਮੂੰਹ ਕਰ ਲੈਂਦਾ ਹੈ ।

(ਅ) **ਸਹਾਇਤਾ (Help) :** ਅਧਿਆਪਕ ਨੇ ਵਿਦਿਆਰਥੀ ਦੀ ਇਮਦਾਦ ਕਰਨੀ ਹੁੰਦੀ ਹੈ ਕਿ ਉਹ ਆਪਣੀ ਕਾਬਲੀਅਤ ਅਤੇ ਸੰਭਾਵਨਾਵਾਂ ਨੂੰ ਪਹਿਚਾਣ ਸਕੇ ਤੇ ਉਨ੍ਹਾਂ ਅਨੁਸਾਰ ਹੀ ਤਰੱਕੀ ਕਰਕੇ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭ ਸਕੇ ।

(ੲ) **ਮਾਰਗਦਰਸ਼ਨ (Guidance) :** ਅਧਿਆਪਕ ਕੋਲ ਮਨੋਵਿਗਿਆਨ ਦਾ ਗੂੜ੍ਹਾ ਗਿਆਨ ਹੋਣਾ ਚਾਹੀਦਾ ਹੈ ਤਾਂ ਕਿ ਉਹ ਵਿਦਿਆਰਥੀ ਦਾ ਮਾਰਗਦਰਸ਼ਨ ਕਰ ਸਕੇ ਕਿ ਜੀਵਨ ਦੀਆਂ ਸਮੱਸਿਆਵਾਂ ਕਿਸ ਪ੍ਰਕਾਰ ਹੱਲ ਕਰਨੀਆਂ ਹਨ ।

(ਸ) **ਨੀਝ ਨਾਲ ਸੋਚਣਾ (Concentration) :** ਹਰ ਇਕ ਵਿਅਕਤੀ ਦੀ ਸੰਜੀਦਗੀ ਨਾਲ ਸੋਚਣ ਦੀ ਸ਼ਕਤੀ ਆਪਣੀ ਆਪਣੀ ਹੁੰਦੀ ਹੈ । ਅਧਿਆਪਕ ਨੂੰ ਹਰ ਵਿਦਿਆਰਥੀ ਨੂੰ ਸੰਜੀਦਗੀ ਨਾਲ ਸੋਚਣਾ, ਕੇਵਲ ਵਿਦਿਆਰਥੀਆਂ ਦੀਆਂ ਪ੍ਰਵਿਰਤੀਆਂ ਦੇ ਅਨੁਸਾਰ ਹੀ ਸਿਖਾਉਣਾ ਚਾਹੀਦਾ ਹੈ । ਇਸ ਪ੍ਰਕਾਰ ਦੀ ਸੋਚ ਨਾਲ ਹੀ ਵੱਡੇ-ਵੱਡੇ ਚਿੰਤਕ ਤੇ ਵਿਗਿਆਨੀ ਬਣਦੇ ਹਨ ।

(ਹ) **ਬ੍ਰਹਮਚਾਰੀਆ (Brahmacharya) :** ਬ੍ਰਹਮਚਾਰੀ ਰਹਿਣ ਨਾਲ ਕਾਮ ਦੀ ਸ਼ਕਤੀ ਮਾਨਸਿਕ ਅਤੇ ਅਧਿਆਤਮਿਕ ਸ਼ਕਤੀ ਵਿਚ ਬਦਲ ਜਾਂਦੀ ਹੈ । ਭਾਰਤ ਦਾ ਪ੍ਰਾਚੀਨ ਫ਼ਲਸਫ਼ਾ ਬ੍ਰਹਮਚਾਰੀ ਰਹਿ ਕੇ ਸਿੱਖਿਆ ਪ੍ਰਾਪਤ ਕਰਨ ਤੇ ਹੀ ਜ਼ੋਰ ਦਿੰਦਾ ਹੈ ।

(ਕ) **ਵਿਚਾਰ-ਵਟਾਂਦਰਾ ਕਰਨਾ ਅਤੇ ਸਾਧਨਾ ਕਰਨਾ (Discussion and Contemplation) :** ਸੰਜੀਦਗੀ ਨਾਲ ਸੋਚਣ ਦੇ ਨਾਲ ਨਾਲ ਅਧਿਆਪਕ ਨਾਲ ਵਿਚਾਰ ਵਟਾਂਦਰਾ ਕਰਨ ਨਾਲ ਸੰਕਲਪ ਸਪੱਸ਼ਟ ਹੁੰਦੇ ਹਨ । ਸਾਧਨਾ ਕਰਨ ਨਾਲ ਆਤਮਿਕ ਤੇ ਸੋਚਣ ਸ਼ਕਤੀ ਵੱਧਦੀ ਹੈ । ਅਧਿਆਪਕ ਨੂੰ ਆਪਣੇ ਆਪ ਵਿਚ ਇਹ ਗੁਣ ਉਤਪੰਨ ਕਰਨੇ ਚਾਹੀਦੇ ਹਨ ।

### 2.1.2.4 ਸਿੱਖਿਆ ਦੇ ਮਨੋਰਥ (Aims of Education)

ਸਿੱਖਿਆ ਦੇ ਮਨੋਰਥ ਹੇਠ ਲਿਖੇ ਅਨੁਸਾਰ ਹਨ :-

**(i) ਗੁਪਤ ਭਾਵ ਦੀ ਸੁਹਿਰਦਰਤਾ (Latent Perfection) :** ਸਿੱਖਿਆ ਦਾ ਮੂਲ ਮਨੋਰਥ ਇਹ ਹੁੰਦਾ ਹੈ ਕਿ ਵਿਅਕਤੀ ਦੇ ਵਿੱਚ ਪਹਿਲਾਂ ਤੋਂ ਬਿਰਾਜਮਾਨ ਸੰਪੂਰਨਤਾ ਨੂੰ ਰੂਪਮਾਨ ਕੀਤਾ ਜਾਵੇ । ਉਨ੍ਹਾਂ ਦਾ ਸਿਧਾਂਤ ਹੈ ਕਿ ਵਿਅਕਤੀ ਦੇ ਵਿੱਚ ਪਹਿਲਾਂ ਹੀ ਇਸ ਪ੍ਰਕਾਰ ਦਾ ਗਿਆਨ ਰੂਪਮਾਨ ਹੁੰਦਾ ਹੈ ਪਰ ਉਸ ਦੇ ਉੱਪਰ ਅਗਿਆਨਤਾ ਦੀ ਝਿੱਲੀ ਚੜੀ ਹੋਈ ਹੁੰਦੀ ਹੈ । ਸਿੱਖਿਆ ਨੂੰ ਇਸ ਪ੍ਰਕਾਰ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਇਸ ਝਿੱਲੀ ਨੂੰ ਹਟਾ ਦੇਣਾ ਚਾਹੀਦਾ ਹੈ ਤਾਂ ਕਿ ਗਿਆਨ ਦਾ ਭੰਡਾਰ ਹਰ ਪੱਖ ਵਿਚ ਬਿਰਾਜਮਾਨ ਹੋ ਕੇ ਹਰ ਪ੍ਰਕਾਰ ਦੀ ਅਗਿਆਨਤਾ

ਨੂੰ ਖ਼ਤਮ ਕਰ ਦੇਵੇ ।

**(ii) ਸਰੀਰਿਕ ਤੇ ਬੌਧਿਕ ਵਿਕਾਸ (Physical and Mental Development) :** ਸਿੱਖਿਆ ਦੁਆਰਾ ਬੱਚੇ ਨੂੰ ਸਰੀਰਕ ਤੇ ਮਾਨਸਿਕ ਪੱਧਰ ਤੇ ਇਸ ਪ੍ਰਕਾਰ ਵਿਕਸਤ ਕਰਨਾ ਚਾਹੀਦਾ ਹੈ ਕਿ ਉਹ ਇਕ ਬਹਾਦੁਰ ਤੇ ਨਿਡਰ ਸ਼ਹਿਰੀ ਬਣ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਕ ਸੁਲਝਿਆ ਹੋਇਆ ਸ਼ਹਿਰੀ ਬਣੇ । ਇਸ ਤੋਂ ਉਪਰੰਤ ਸਵਾਮੀ ਜੀ ਦਾ ਸਿਧਾਂਤ ਸੀ ਕਿ ਵਿਅਕਤੀ ਨੂੰ ਆਰਥਿਕ ਪੱਖ ਤੋਂ ਤੇ ਸਮਾਜਿਕ ਪੱਖ ਤੋਂ ਆਤਮ ਨਿਰਭਰ ਹੋਣਾ ਚਾਹੀਦਾ ਹੈ ।

**(iii) ਨੈਤਿਕ ਤੇ ਅਧਿਆਤਮਿਕ ਵਿਕਾਸ (Moral and Spiritual Development) :** ਕਿਸੇ ਵੀ ਕੌਮ ਦੇ ਵੱਡੇਪਣ ਦਾ ਅੰਦਾਜ਼ਾ ਉਸ ਦੇ ਸ਼ਹਿਰੀਆਂ ਦੇ ਵੱਡੇਪਣ ਨਾਲ ਹੁੰਦਾ ਹੈ ਜਿਨ੍ਹਾਂ ਨੂੰ ਨੈਤਿਕ ਤੇ ਅਧਿਆਤਮਿਕ ਪੱਖ ਤੋਂ, ਸਿੱਖਿਆ ਦੁਆਰਾ ਪ੍ਰਫੁਲਿਤ ਕਰਨਾ ਚਾਹੀਦਾ ਹੈ ।

**(iv) ਆਚਰਨ ਉਸਾਰੀ (Character Formation) :** ਸਵਾਜੀ ਜੀ ਦਾ ਸਿਧਾਂਤ ਸੀ ਕਿ ਜੇ ਬ੍ਰਹਮਚਾਰੀ ਹੱਦ ਦੀ ਪ੍ਰਥਾ ਨਿਭਾਈ ਜਾਵੇ ਤਾਂ ਵਿਅਕਤੀ ਵਿੱਚ ਮਾਨਸਿਕ, ਨੈਤਿਕ ਤੇ ਅਧਿਆਤਮਿਕ ਪੱਖ ਪੂਰਨ ਭਾਵ ਵਿਕਸਤ ਹੁੰਦੇ ਹਨ। ਅਜਿਹਾ ਕਰਨ ਨਾਲ ਵਿਚਾਰਾਂ, ਕਿਰਿਆਵਾਂ ਅਤੇ ਸ਼ਬਦਾਂ ਵਿੱਚ ਪਵਿੱਤਰਤਾ ਤੇ ਉੱਚੇ ਭਾਵ ਪ੍ਰਗਟ ਹੁੰਦੇ ਹਨ ।

**(v) ਆਪਣੇ ਆਪ ਵਿੱਚ ਵਿਸ਼ਵਾਸ ਬਣਾਉਣਾ (Developing Faith in Ourself) :** ਵਿਅਕਤੀ ਨੂੰ ਆਪਣੇ ਆਪ ਵਿੱਚ ਅਤੇ ਆਪਣੀ ਕਾਬਲੀਅਤ ਵਿੱਚ ਵਿਸ਼ਵਾਸ ਬਣਾਉਣਾ ਚਾਹੀਦਾ ਹੈ । ਸਿੱਖਿਆ ਨੇ ਵਿਅਕਤੀ ਵਿੱਚ ਇਸ ਪ੍ਰਕਾਰ ਦੀਆਂ ਕੀਮਤਾਂ ਸਥਾਪਤ ਕਰਨੀਆਂ ਹੁੰਦੀਆਂ ਹਨ ਕਿ ਉਹ ਆਪਣੇ ਹਿੱਤਾਂ ਨੂੰ ਤੇ ਆਪਣੀ ਆਰਥਿਕਤਾ ਨੂੰ ਦੂਸਰਿਆਂ ਦੀ ਭਲਾਈ ਤੇ ਕੁਰਬਾਨ ਕਰ ਸਕਦਾ ਹੈ । ਅਜਿਹਾ ਕਰਨ ਲਈ ਅਧਿਆਪਕ ਨੂੰ ਆਪ ਇਕ ਮਿਸਾਲ ਦਾ ਸੰਪੂਰਨ ਮਾਡਲ ਬਣਨਾ ਚਾਹੀਦਾ ਹੈ ।

**(vi) ਅਨੇਕਤਾ ਵਿੱਚ ਏਕਤਾ (Unity in Diversity) :** ਸਿੱਖਿਆ ਦੁਆਰਾ ਇਸ ਪ੍ਰਕਾਰ ਦੇ ਸੰਕਲਪ ਵਿਕਸਤ ਕੀਤੇ ਜਾਂਦੇ ਹਨ ਕਿ ਵਿਅਕਤੀ ਅਨੇਕਤਾ ਵਿੱਚ ਏਕਤਾ ਨੂੰ ਮਹਿਸੂਸ ਕਰੇ ਤੇ ਇਸ ਦੀ ਦੁਨੀਆਂ ਵਿੱਚ ਵੀ ਭਾਲ ਕਰੇ । ਉਨ੍ਹਾਂ ਦਾ ਫਰਮਾਨ ਸੀ ਕਿ ਸਰੀਰਕ ਅਤੇ ਆਤਮਿਕ ਭਾਂਤ ਦੀ ਦੁਨੀਆਂ ਅਸਲ ਵਿੱਚ ਇਕੋ ਹੀ ਹੈ । ਇਹ ਸਿਰਫ਼ ਵਹਿਮ ਭਰਮ ਜਾਂ ਫੇਰ ਮਾਇਆ ਹੀ ਹੈ ਜੋ ਕਿ ਇਨ੍ਹਾਂ ਨੂੰ ਵੱਖਰਾ–ਵੱਖਰਾ ਕਰਦੀ ਹੈ । ਸਿੱਖਿਆ ਇਸ ਕਰਮ ਵਿੱਚ ਮਾਇਆ ਦੇ ਹਨੇਰੇ ਨੂੰ ਦੂਰ ਕਰਨ ਵਿੱਚ ਸਹਾਇਕ ਹੋ ਸਕਦੀ ਹੈ ।

**(vii) ਧਾਰਮਿਕ ਵਿਕਾਸ (Religious Development) :** ਵਿਅਕਤੀ ਵਿੱਚ ਪਹਿਲਾਂ ਤੋਂ ਹੀ ਧਾਰਮਿਕ ਸ਼ਕਤੀਆਂ ਬਿਰਾਜਮਾਨ ਹੁੰਦੀਆਂ ਹਨ ਜਿਨ੍ਹਾਂ ਨੂੰ ਵਿਅਕਤੀ ਆਪਣੇ ਆਪ ਵਿੱਚ ਜੋੜ ਕੇ ਵਿਕਸਤ ਕਰ ਸਕਦਾ ਹੁੰਦਾ ਹੈ । ਇਸ ਪ੍ਰਕਾਰ ਉਹ ਸਦੀਵੀ ਤੇ ਅਸਲੀਅਤ ਨੂੰ ਆਪਣੇ ਅੰਦਰ ਹੀ ਲੱਭ ਸਕਦਾ ਹੈ । ਉਨ੍ਹਾਂ ਨੇ ਭਾਵਨਾਵਾਂ ਨੂੰ ਉਜਾਗਰ ਕਰਨ ਦੀ ਵਕਾਲਤ ਕੀਤੀ ਹੈ ਤਾਂ ਕਿ ਸਾਰਾ ਜੀਵਨ ਹੀ ਸਫ਼ਲ ਹੋ ਜਾਵੇ । ਅਜਿਹਾ ਕਰਨ ਲਈ ਵਿਅਕਤੀ ਨੂੰ ਸੰਤਾਂ, ਮਹਾਤਮਾਵਾਂ ਤੇ ਉੱਚ ਆਚਰਨ ਵਾਲੇ ਵਿਅਕਤੀਆਂ ਤੋਂ ਸੇਧ ਲੈ ਕੇ ਆਪਣੇ ਆਪ ਵਿੱਚ ਸਮਾਜਿਕ ਸੇਵਾ ਭਾਵ ਉਤਪੰਨ ਕਰਕੇ, ਆਪਣੇ ਹਿੱਤਾਂ ਨੂੰ ਦੂਸਰਿਆਂ ਦੇ ਹਿੱਤਾਂ ਤੇ ਕੁਰਬਾਨ ਕਰਨ ਦਾ ਮਾਦਾ ਉਤਪੰਨ ਕਰਨਾ ਚਾਹੀਦਾ ਹੈ । ਸਿੱਖਿਆ ਨੂੰ ਇਨ੍ਹਾਂ ਸਾਰੇ ਪੱਖਾਂ ਤੇ ਵਿਕਸਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ ।

**2.1.2.5 ਪਾਠਕ੍ਰਮ (Curriculum)**

ਸਵਾਮੀ ਜੀ ਨੇ ਉਹ ਸਾਰੀਆਂ ਦੀਆਂ ਸਾਰੀਆਂ ਕਿਰਿਆਵਾਂ ਜਿਨ੍ਹਾਂ ਵਿੱਚ ਕਿ ਆਰਥਿਕਤਾ ਦੇ ਲਾਭ ਵੀ ਹੋਣ ਤੇ ਆਤਮਿਕ ਪ੍ਰਫੁਲਤਾ ਵੀ ਹੋਵੇ, ਨੂੰ ਸਿੱਖਿਆ ਦੇ ਪਾਠਕ੍ਰਮ ਅਤੇ ਪਾਠਕ੍ਰਮ ਦੀਆਂ ਕਿਰਿਆਵਾਂ ਵਿੱਚ ਸ਼ਾਮਿਲ ਕਰ ਲਿਆ ਸੀ । ਆਤਮਿਕ ਪ੍ਰਫੁਲਤਾ ਲਈ ਉਨ੍ਹਾਂ ਨੇ ਧਰਮ, ਫ਼ਲਸਫ਼ਾ, ਪੁਰਾਣਿਕ ਕਥਾਵਾਂ, ਉਪਨਿਸ਼ਦਾਂ, ਸੰਤਾਂ ਮਹਾਤਮਾਵਾਂ ਦੀ ਸੰਗਤ ਤੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਸੁਣਨਾ ਸ਼ਾਮਿਲ ਕੀਤੇ ਸੀ । ਇਸ ਪ੍ਰਕਾਰ ਹੀ ਆਰਥਿਕ ਤਰੱਕੀ ਲਈ ਉਨ੍ਹਾਂ ਨੇ ਭਾਸ਼ਾਵਾਂ, ਭੂਗੋਲ, ਵਿਗਿਆਨ, ਸਮਾਜ ਸ਼ਾਸਤਰ, ਰਾਜਨੀਤਿਕ ਵਿਗਿਆਨ, ਅਰਥ ਸ਼ਾਸਤਰ, ਮਨੋਵਿਗਿਆਨ, ਖੇਤੀਬਾੜੀ ਅਤੇ ਕਾਰਖਾਨੇਦਾਰੀ ਤੇ ਤਕਨਾਲੋਜੀ ਨਾਲ ਸੰਬੰਧਤ ਕਿਰਿਆਵਾਂ ਤੇ ਜ਼ੋਰ ਦਿੱਤਾ ਸੀ । ਸਹਾਇਕ ਪੱਖ ਨੂੰ ਤਕੜਾ ਰੱਖਣ ਲਈ ਉਨ੍ਹਾਂ ਨੇ ਖੇਡਾਂ ਤੇ ਸਰੀਰਕ ਕਸਰਤ ਕਰਨ ਦੀ ਸਿਫ਼ਾਰਸ਼ ਕੀਤੀ ਹੈ ।

**2.1.2.6 ਪੜ੍ਹਾਉਣ ਦੀਆਂ ਵਿਧੀਆਂ (Methods of Teaching)**

ਪੜ੍ਹਾਉਣ ਦੀ ਵਿਧੀ ਦੇ ਖੇਤਰ ਵਿੱਚ ਸਵਾਮੀ ਜੀ ਨੇ ਪੁਰਾਤਨ ਅਧਿਆਤਮਿਕ ਵਿਸ਼ੇ ਤੇ ਹੀ ਜ਼ੋਰ ਦਿੱਤਾ ਹੈ ਜਿਸ ਵਿੱਚ ਕਿ ਗੁਰੂ ਤੇ ਸ਼ਿਸ਼ ਇਕ ਪਰਿਵਾਰ ਦੇ ਮੈਂਬਰ ਵਾਂਗ ਇਕ ਦੂਸਰੇ ਦੇ ਬਹੁਤ ਹੀ ਨਿਕਟ ਰਹਿੰਦੇ ਸੀ । ਧਾਰਮਿਕ ਤੇ ਅਧਿਆਤਮਿਕ ਵਿਧੀ ਵਿੱਚ ਇਸ ਪ੍ਰਕਾਰ ਦੇ ਗੁਣ ਹੁੰਦੇ ਸੀ :

(i) ਗੁਰੂ ਦੀ ਸੰਗਤ ਦੇ ਅਧਿਐਨ ਨਾਲ ਵਿਅਕਤੀ ਦੀਆਂ ਭਾਵ-ਭਾਂਤ ਦੀਆਂ ਦਰਜਨਾਂ ਮਾਨਸਿਕ ਪ੍ਰਵਿਰਤੀਆਂ ਨੂੰ ਕਾਬੂ ਵਿੱਚ ਰੱਖਣਾ ।

(ii) ਪ੍ਰਾਰਥਨਾ ਕਰਕੇ ਤੇ ਨੀਝ ਲਾ ਕੇ ਮਾਨਸਿਕ ਪਰਵਿਰਤੀਆਂ ਨੂੰ ਵਿਕਸਤ ਕਰਨਾ ।

(iii) ਲੈਕਚਰਾਂ, ਬਹਿਸ ਮੁਬਾਹਸੇ, ਸਵੈ-ਤਜ਼ਰਬੇ ਅਤੇ ਸਹਿਜ ਤੇ ਉਪਜਾਊ ਢੰਗਾਂ ਨਾਲ ਗਿਆਨ ਦੀ ਪ੍ਰਾਪਤੀ ਕਰਨੀ ।

(iv) ਪ੍ਰੰਪਰਾਵਾਦੀ ਕੀਮਤਾਂ ਨੂੰ ਨਿਭਾਉਂਦੇ ਹੋਏ ਅਧਿਆਪਕ, ਸੰਤਾਂ ਮਹਾਤਮਾਵਾਂ, ਮਾਪਿਆਂ ਤੇ ਧਾਰਮਿਕ ਨੇਤਾਵਾਂ ਲਈ ਸਤਿਕਾਰ ਬਣਾਉਣਾ ।

(v) ਆਚਰਨ ਸੁਧਾਰ ਜਾਂ ਉਧਾਰ ਉਨ੍ਹਾਂ ਦਾ ਇਕ ਉੱਤਮ ਟੀਚਾ ਹੁੰਦਾ ਹੈ, ਇਸ ਲਈ ਜ਼ਰੂਰੀ ਹੁੰਦਾ ਹੈ ।

(ੳ) ਮਿਹਨਤ ਕਰਨਾ

(ਅ) ਨੈਤਿਕ ਅਤੇ ਅਧਿਆਤਮਿਕ ਕੀਮਤਾਂ

(ੲ) ਗੁਰੂਕੁਲ ਪ੍ਰਣਾਲੀ

(ਸ) ਚੰਗੀਆਂ ਕੀਮਤਾਂ ਸਥਾਪਿਤ ਕਰਨੀਆਂ

(ਹ) ਗ਼ਲਤੀਆਂ ਤੋਂ ਸਿੱਖਿਆ ਪ੍ਰਾਪਤ ਕਰਨੀ

**(vi) ਬੱਚੇ ਦਾ ਸਥਾਨ (Place of the Child) :** ਸਵਾਮੀ ਜੀ ਸਿੱਖਿਆ ਨੂੰ ਬੱਚਾ ਕੇਂਦਰਤ ਬਣਾਉਣਾ ਚਾਹੁੰਦੇ ਸੀ । ਇਸ ਪ੍ਰਕਾਰ ਬੱਚੇ ਦਾ ਸਥਾਨ ਸਿੱਖਿਆ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਹੁੰਦਾ ਸੀ । ਉਨ੍ਹਾਂ ਦਾ ਸਿਧਾਂਤ ਸੀ ਕਿ ਬੱਚੇ ਦੇ ਅੰਦਰ ਹੀ ਗਿਆਨ, ਜਿਸ ਵਿੱਚ ਅਧਿਆਤਮਿਕ ਗਿਆਨ ਵੀ ਸ਼ਾਮਿਲ ਹੈ, ਦਾ ਭੰਡਾਰ ਹੁੰਦਾ ਹੈ ।

"ਤੁਸੀਂ ਆਪਣੇ ਅੰਦਰ ਝਾਤੀ ਮਾਰੋ ਤੇ ਆਪਣੇ ਅੰਦਰੋਂ ਉਪਨਿਸ਼ਦਾਂ ਨੂੰ ਕੱਢੋ । ਤੁਸੀਂ ਆਪ ਹੀ ਇਕ ਬਹੁਤ ਉੱਚੀ ਪੁਸਤਕ ਹੋ ਜੋ ਕਿ ਪਹਿਲਾਂ ਵੀ ਸੀ ਤੇ ਭਵਿੱਖ ਵਿੱਚ ਵੀ ਹੋਵੇਗੀ । ਜਦੋਂ ਤਕ ਤੁਹਾਡੇ ਅੰਦਰ ਵਾਲੀ ਆਤਮਾ ਭਰਪੂਰ ਭਾਂਤ ਨਹੀਂ ਚੱਲਦੀ ਉਸ ਸਮੇਂ ਤਕ ਬਾਹਰੀ ਗਿਆਨ ਦੀ ਕੋਈ ਵੀ ਮਹੱਤਤਾ ਨਹੀਂ ਹੁੰਦੀ ।

## 2.1.2.7 ਅਧਿਆਪਕ ਦਾ ਸਥਾਨ (Place of the Teacher)

ਸਵਾਮੀ ਜੀ ਸਵੈ ਭਾਵ ਦੀ ਸਿੱਖਿਆ ਵਿੱਚ ਵਿਸ਼ਵਾਸ ਰੱਖਦੇ ਸਨ । ਉਨ੍ਹਾਂ ਦਾ ਕਥਨ ਹੈ ਕਿ ਅਸੀਂ ਸਾਰੇ ਹੀ ਆਪਣੇ ਆਪਣੇ ਅਧਿਆਪਕ ਹੁੰਦੇ ਹਾਂ । ਉਨ੍ਹਾਂ ਦੇ ਸ਼ਬਦਾਂ ਵਿੱਚ :

"ਅਧਿਆਪਕ ਇਕ ਚਿੰਤਕ ਹੁੰਦਾ ਹੈ, ਦੋਸਤ ਹੁੰਦਾ ਹੈ ਅਤੇ ਮਾਰਗਦਰਸ਼ਨ ਕਰਦਾ ਹੈ । ਜੋ ਕਿ ਵਿਅਕਤੀ ਨੂੰ ਇਸ ਪ੍ਰਕਾਰ ਸੁਚੇਤ ਕਰਦਾ ਹੈ ਕਿ ਉਹ ਆਪਣੇ ਆਪ ਹੀ ਵਿਕਸਤ ਹੋਵੇ ।" (Teacher is philosopher, friend and helping the individual to go forward in her own way).

### 2.1.2.8 ਸਾਰ (Summary)

ਸਵਾਮੀ ਜੀ ਦੇ ਸਿੱਖਿਆ ਚਿੰਤਨ ਵਿੱਚ ਆਦਰਸ਼ਵਾਦ ਦੇ ਅੰਸ਼ ਵੀ ਹਨ, ਪ੍ਰਕ੍ਰਿਤੀਵਾਦ ਦੇ ਵੀ ਅਤੇ ਪ੍ਰਯੋਗਵਾਦ ਦੇ ਵੀ । ਇਕ ਪ੍ਰਕ੍ਰਿਤੀਵਾਦੀ ਵਾਂਗ ਉਹ ਬੱਚੇ ਦੀ ਕੁਦਰਤ ਨੂੰ ਵਾਤਾਵਰਨ ਦੀ ਕੁਦਰਤ ਵਿੱਚ ਪ੍ਰਫੁਲਤ ਹੋਣ ਦੇਣਾ ਚਾਹੁੰਦੇ ਸੀ । ਇਕ ਆਦਰਸ਼ਵਾਦੀ ਵਾਂਗ ਉਨ੍ਹਾਂ ਦਾ ਸਿਧਾਂਤ ਸੀ ਕਿ ਬੱਚੇ ਦੇ ਅੰਦਰ ਆਤਮਿਕ ਅਤੇ ਨੈਤਿਕ ਭਾਵ ਪ੍ਰਫੁਲਿਤ ਹੋਣ ਦੇ ਅਨਸਰ ਹੁੰਦੇ ਹਨ ਤੇ ਉਨ੍ਹਾਂ ਨੂੰ ਪੂਰਨ ਭਾਂਤ ਪ੍ਰਫੁਲਿਤ ਕਰਨਾ ਚਾਹੀਦਾ ਹੈ । ਇਕ ਪ੍ਰਯੋਗਵਾਦੀ ਵਾਂਗ ਉਹ ਪੱਛਮ ਦੀ ਸਿੱਖਿਆ ਵਾਂਗ ਸਾਇੰਸ ਤੇ ਤਕਨਾਲੋਜੀ ਤੇ ਜ਼ੋਰ ਦਿੰਦੇ ਹਨ । ਅਸਲ ਵਿੱਚ ਸਵਾਮੀ ਜੀ ਦਾ ਫ਼ਲਸਫ਼ਾ ਪੁਰਾਤਨ ਭਾਰਤੀ ਫ਼ਲਸਫ਼ੇ ਦਾ ਤੇ ਪੱਛਮੀ ਵਿਚਾਰਾਂ ਦਾ ਮਿਸ਼ਰਣ ਹੁੰਦਾ ਹੈ । ਇਕ ਪਾਸੇ ਤਾਂ ਉਹ ਬੱਚੇ ਵਿੱਚ ਅਧਿਆਤਮਕ, ਆਤਮਿਕ ਤੇ ਨੈਤਿਕ ਕੀਮਤਾਂ ਪੱਕੀਆਂ ਕਰਨੀਆਂ ਲੋਚਦੇ ਹਨ ਤੇ ਦੂਸਰੇ ਪਾਸੇ ਉਹ ਉਸ ਨੂੰ ਆਰਥਿਕ ਉਨਤੀ ਵੱਲ ਨੂੰ ਵੀ ਲੈ ਜਾਣਾ ਚਾਹੁੰਦੇ ਹਨ । ਇਸੇ ਪ੍ਰਕਾਰ ਹੀ ਇਕ ਚੰਗੇ ਮਹਾਤਮਾ ਵਾਂਗ ਉਹ ਅੰਤਰ ਰਾਸ਼ਟਰੀ ਭਾਈਚਾਰੇ ਲਈ ਉਪਰਾਲੇ ਕਰਨਾ ਚਾਹੁੰਦੇ ਹਨ ਤੇ ਦੂਸਰੇ ਪਾਸੇ ਉਹ ਬਹੁਤ ਉੱਤਮ ਭਾਂਤ ਦੇ ਕੌਮੀ ਸੁਧਾਰ ਤੇ ਪਿਆਰ ਦੀ ਉੱਤਪਤੀ ਕਰਨ ਲਈ ਆਪਣੇ ਸ਼ਹਿਰੀਆਂ ਨੂੰ ਮਿਹਨਤ ਕਰਨ ਲਈ ਵੰਗਾਰਦੇ ਹਨ । ਉਨ੍ਹਾਂ ਨੇ ਸਰੀਰਕ ਅਤੇ ਆਤਮਿਕ, ਨੈਤਿਕ, ਮਾਨਸਿਕ ਤੇ ਕਿੱਤਾਕਾਰੀ ਸਿੱਖਿਆ ਉੱਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਆਮ ਲੋਕਾਂ ਦੀ ਸਿੱਖਿਆ ਨੂੰ ਵੀ ਮਹਤਤਾ ਪ੍ਰਦਾਨ ਕੀਤੀ ਹੈ । ਅਸਲ ਵਿੱਚ ਆਪਣੇ ਮਨ ਵਿੱਚ ਤਾਂ ਉਹ ਇਕ ਆਦਰਸ਼ਵਾਦੀ ਹੀ ਸੀ । ਉਹ ਸਭ ਨਾਲੋਂ ਪਹਿਲਾਂ ਆਤਮਾ ਦਾ ਵਿਕਾਸ ਕਰਨਾ ਚਾਹੁੰਦੇ ਸੀ, ਫਿਰ ਆਰਥਿਕ ਪ੍ਰਫੁਲਤਾ ਤੇ ਜ਼ੋਰ ਦਿੰਦੇ ਸਨ ਤੇ ਫੇਰ ਜੀਵਨ ਦੇ ਮਨੋਰਥ ਮੁੱਖ ਰੱਖ ਕੇ ਲੋਕਾਂ ਨੂੰ ਰੋਟੀ ਰੋਜ਼ੀ ਕਮਾਉਣ ਲਈ ਵਿਕਸਤ ਕਰਨ ਲਈ ਉਤੇਜਿਤ ਕਰਦੇ ਸੀ । **ਆਰ.ਐਸ. ਮੈਨੀ** ਦਾ ਕਥਨ ਹੈ, "ਉਨ੍ਹਾਂ ਦਾ ਮਿਸ਼ਨ ਸੀ ਕਿ ਲੋਕਾਂ ਵਿੱਚ ਵਿਸ਼ਵਾਸ ਤੇ ਹੌਂਸਲਾ ਉਤਪੰਨ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਆਤਮਾ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਤੇ ਦੂਸਰਿਆਂ ਦੇ ਭਲੇ ਲਈ ਉਨ੍ਹਾਂ ਦੀ ਕੁਰਬਾਨੀ ਕਰਨੀ ਚਾਹੀਦੀ ਹੈ । ਇਹ ਉਨ੍ਹਾਂ ਦੀ ਖਾਹਸ਼ ਸੀ ਤੇ ਅਸੀਸ ਵੀ ਸੀ ।"

**ਸਵਾਮੀ ਵਿਵੇਕਾਨੰਦ** ਬਾਬਤ ਪੰਡਿਤ **ਜਵਾਹਰ ਲਾਲ ਨਹਿਰੂ** ਜੋ ਕਿ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸੀ, ਦਾ ਕਥਨ ਹੈ, "ਉਨ੍ਹਾਂ ਦੀਆਂ ਜੜ੍ਹਾਂ ਪਿਛੋਕੜ ਵਿੱਚ ਸੀ ਤੇ ਉਨ੍ਹਾਂ ਨੂੰ ਭਾਰਤ ਦੇ ਵਕਾਰ ਨੂੰ ਉੱਚਾ ਲੈ ਜਾਣ ਵਿੱਚ ਮਾਨ ਮਹਿਸੂਸ ਹੁੰਦਾ ਸੀ । ਇਸ ਦੇ ਵਿੱਚ ਇੱਕ ਪ੍ਰਕਾਰ ਦੇ ਪੁਲ ਦਾ ਕੰਮ ਕਰਦੇ ਸੀ । ਉਨ੍ਹਾਂ ਦਾ ਸਿਧਾਂਤ ਸੀ ਮਾਨਵ ਜਾਤੀ ਦੀ ਮੰਗ ਕਰਨ ਲਈ ਸਮਾਜ ਸੇਵਾ ਕਰਨੀ, ਵਿਦਿਆ ਆਮ ਲੋਕਾਂ ਨੂੰ ਪ੍ਰਦਾਨ ਕਰਨੀ, ਧਾਰਮਿਕ ਕੀਮਤਾਂ ਨੂੰ ਮੁੜ ਸੁਰਜੀਤ ਕਰਨਾ ਤੇ ਸਮਾਜਿਕ ਚੇਤਨਤਾ ਵਿਕਸਤ ਕਰਨੀ । ਇਨ੍ਹਾਂ ਦੀ ਪ੍ਰਾਪਤੀ ਲਈ ਸਿੱਖਿਆ ਦਾ ਪ੍ਰਯੋਗ ਕਰਨਾ ।"

### 2.1.2.9 ਸਵੈ ਮੁਲਾਂਕਣ ਲਈ ਪ੍ਰਸ਼ਨ (Questions for Self Evaluation)

(1) ਸਵਾਮੀ ਵਿਵੇਕਾਨੰਦ ਕੌਮੀ ਵਿਕਾਸ ਤੋਂ ਸੰਤੁਸ਼ਟ ਸੀ। ਹਾਂ/ਨਹੀਂ

(2) ਸਵਾਮੀ ਜੀ ਵਿਅਕਤੀ ਨੂੰ ਬਾਹਰ ਤੋਂ ਗਿਆਨ ਪ੍ਰਦਾਨ ਕਰਨ ਦੇ ਹੱਕ ਵਿੱਚ ਸਨ। ਹਾਂ/ਨਹੀਂ

(3) ਸਵਾਮੀ ਵਿਵੇਕਾਨੰਦ ਜੀ ਸਿੱਖਿਆ ਨੂੰ ਬੱਚਾ-ਕੇਂਦਰਤ ਬਨਾਉਣਾ ਚਾਹੁੰਦੇ ਸਨ। ਹਾਂ/ਨਹੀਂ

(4) ਸਵਾਮੀ ਜੀ ਅਧਿਆਪਕ ਨੂੰ ਕੋਈ ਮਹੱਤਤਾ ਨਹੀਂ ਸੀ ਦਿੰਦੇ। ਹਾਂ/ਨਹੀਂ

(5) ਸਵਾਮੀ ਜੀ ਇਸਤ੍ਰੀ ਸਿੱਖਿਆ ਦੇ ਹੱਕ ਵਿਚ ਸਨ। ਹਾਂ/ਨਹੀਂ

(6) ਸਵਾਮੀ ਜੀ ਸਾਰਿਆਂ ਨੂੰ ਸਿੱਖਿਅਕ ਕਰਨਾ ਚਾਹੁੰਦੇ ਸਨ। ਹਾਂ/ਨਹੀਂ

(7) ਸਵਾਮੀ ਜੀ ਨਵੀਨੀਕਰਨ ਦੇ ਹੱਕ ਵਿਚ ਨਹੀਂ ਸਨ। ਹਾਂ/ਨਹੀਂ

(8) ਸਵਾਮੀ ਜੀ ਦੀ ਭਾਰਤੀ ਸਿੱਖਿਆ ਨੂੰ ਕੋਈ ਵਿਸ਼ੇਸ਼ ਦੇਣ ਨਹੀਂ ਹੈ। ਹਾਂ/ਨਹੀਂ

(9) ਸਵਾਮੀ ਜੀ ਨੇ ਸਿੱਖਿਆ ਵਿੱਚ ਕੀਮਤਾਂ ਨੂੰ ਸਥਾਪਤ ਕਰਨ ਦੇ ਉੱਚਤਮ ਉਪਰਾਲੇ ਕੀਤੇ ਹਨ। ਹਾਂ/ਨਹੀਂ

(10) ਸਵਾਮੀ ਜੀ ਅਧਿਆਤਮਿਕ ਤੇ ਧਾਰਮਿਕ ਸਿੱਖਿਆ ਦੇ ਹਾਮੀ ਸਨ। ਹਾਂ/ਨਹੀਂ

ਕੁੰਜੀ :

(1) ਨਹੀਂ (2) ਨਹੀਂ (3) ਹਾਂ (4) ਨਹੀਂ (5) ਹਾਂ (6) ਹਾਂ (7) ਨਹੀਂ (8) ਨਹੀ (9) ਹਾਂ (10) ਹਾਂ

### 2.1.3 ਜਾਣ ਪਛਾਣ (INTRODUCTION):

ਗੁਰੂ ਨਾਨਕ ਦਾ ਜਨਮ 1469 ਈ: ਵਿਚ ਮਹਿਤਾ ਕਾਲੂ ਦੇ ਘਰ ਨਨਕਾਣਾ ਸਾਹਿਬ ਜੋ ਕਿ ਹੁਣ ਪਾਕਿਸਤਾਨ ਵਿਚ ਹੈ, ਵਿਖੇ ਹੋਇਆ। ਇਹ ਸਥਾਨ ਹੁਣ ਜ਼ਿਲਾ ਸ਼ੇਖਪੁਰਾ ਪਾਕਿਸਤਾਨ ਵਿਚ ਹੈ। ਬਚਪਨ ਤੋਂ ਹੀ ਉਨ੍ਹਾਂ ਦੀ ਬਿਰਤੀ ਪ੍ਰਮਾਤਮਾ ਦੀ ਭਗਤੀ ਵੱਲ ਲੱਗੀ ਹੋਈ ਹੁੰਦੀ ਸੀ। ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਨੌਕਰੀ ਵੀ ਦਿਵਾਈ ਤੇ ਬਿਉਪਾਰ ਲਈ ਵੀ ਘਲਿਆ ਪਰ ਉਨ੍ਹਾਂ ਦਾ ਧਿਆਨ ਲੋਕਾਂ ਦੇ ਭਲੇ ਨਾਲ ਤੇ ਪ੍ਰਮਾਤਮਾ ਦੀ ਭਗਤੀ ਨਾਲ ਹੀ ਜੁੜਿਆ ਰਿਹਾ। ਉਨ੍ਹਾਂ ਨੇ ਆਪਣੇ ਜੀਵਨ ਵਿਚ ਚਾਰ ਉਦਾਸੀਆਂ ਕੀਤੀਆਂ ਤੇ ਲੋਕਾਂ ਵਿਚ ਪ੍ਰਮਾਤਮਾ ਇਕ ਹੈ ਦਾ ਪ੍ਰਚਾਰ ਵੀ ਕੀਤਾ। ਉਨ੍ਹਾਂ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਆਪਣੀ ਆਖਰੀ ਉਮਰ ਵਿਚ ਉਨ੍ਹਾਂ ਨੇ ਕਰਤਾਰਪੁਰ ਵਿਖੇ ਸੱਚੀ ਕਿਰਤ ਕੀਤੀ, ਹੱਲ ਵਾਹਿਆ ਤੇ ਲੋਕਾਂ ਵਿਚ ਪ੍ਰਮਾਤਮਾ ਦਾ ਪ੍ਰਚਾਰ ਕੀਤਾ। 1539 ਈ: ਵਿਚ ਉਹ ਜੋਤੀ ਜੋਤ ਸਮਾ ਗਏ।

ਗੁਰੂ ਨਾਨਕ ਦੀ ਬੁੱਧੀ ਏਨੀ ਤੇਜ਼ ਸੀ ਕਿ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਸਮਾਜਿਕ, ਨੈਤਿਕ, ਸੁਹਜਾਤਮਿਕ ਤੇ ਸਭਿਆਚਾਰਕ ਸਮੱਸਿਆਵਾਂ ਦਾ ਹਲ ਇਸ ਪ੍ਰਕਾਰ ਕੀਤਾ ਕਿ ਉਨ੍ਹਾਂ ਦੇ ਕੱਢੇ ਹੋਏ ਸਿੱਟੇ ਅੱਜ ਵੀ ਉਨੇ ਹੀ ਕਾਰਗਰ ਹਨ ਜਿਨੇ ਕਿ ਉਨ੍ਹਾਂ ਦੇ ਆਪਣੇ ਸਮੇਂ ਵਿਚ ਸੀ। ਸਿੱਖਿਆ ਦਾ ਵੀ ਇਸੇ ਪ੍ਰਕਾਰ ਦਾ ਵਰਤਾਰਾ ਹੈ, ਉਨ੍ਹਾਂ ਦੇ ਲੱਭੇ ਹੋਏ ਸਿਟੇ ਅੱਜ ਵੀ ਉਨੇ ਹੀ ਯੋਗ ਹਨ ਜਿਨੇ ਕਿ ਉਨ੍ਹਾਂ ਦੇ ਆਪਣੇ ਸਮੇਂ ਵਿਚ ਹੁੰਦੇ ਸੀ। ਉਦਾਹਰਣ ਵਜੋਂ ਗੁਰੂ ਨਾਨਕ ਦਾ ਇਹ ਸਿਧਾਂਤ ਸੀ ਕਿ ਸਾਰੇ ਲੋਕਾਂ ਨੂੰ ਸਿੱਖਿਆ ਦੇ ਫਾਰਮਲ ਢੰਗ ਨਾਲ ਨਹੀਂ ਸੀ ਪੜ੍ਹਾਇਆ ਜਾ ਸਕਦਾ। ਉਹ ਸਾਰੇ ਲੋਕਾਂ ਦੇ ਸਾਂਝੇ ਵਿਅਕਤੀ ਸੀ ਤੇ ਜੋ ਵੀ ਉਨ੍ਹਾਂ ਨੇ ਕੀਤਾ ਉਹ ਸਰਬਤ ਦੇ ਭਲੇ ਲਈ ਕੀਤਾ ਹੈ। ਇਸ ਲਈ ਉਨ੍ਹਾਂ ਨੇ ਆਪਣੀਆਂ ਕ੍ਰਿਤਾਂ ਵਿਚ ਸਿੱਖਿਆ ਦੇ ਨਾਨ ਫਾਰਮਲ ਢੰਗ ਤੇ ਹੀ ਜ਼ੋਰ ਦਿੱਤਾ ਹੈ ਜਿਵੇਂ ਕਿ ਪਛੜੇ ਹੋਏ ਲੋਕਾਂ ਨੂੰ ਉੱਚਾ ਚੁੱਕਣਾ, ਔਰਤਾਂ ਦਾ ਰੁਤਬਾ ਉੱਚਾ ਚੁੱਕਣਾ, ਲੰਗਰ ਪ੍ਰਥਾ ਅਤੇ ਰੱਬ ਦੇ ਬੰਦਿਆਂ ਨਾਲ ਪਿਆਰ ਕਰਨਾ। ਉਨ੍ਹਾਂ ਨੇ ਇਹ ਵਿਚਾਰ ਆਪਣੀ ਬਾਣੀ ਵਿਚ ਹੀ ਅੰਕਿਤ ਨਹੀਂ ਕੀਤੇ ਸਗੋਂ ਇਨ੍ਹਾਂ ਦਾ ਪ੍ਰਯੋਗ ਅੰਤਰਰਾਸ਼ਟਰੀ ਸੂਝ ਬੂਝ ਲਈ ਵੀ ਕੀਤਾ ਹੈ। ਉਨ੍ਹਾਂ ਦੀਆਂ ਜਮਾਤਾਂ ਦੇ ਕਮਰੇ ਸਾਰੇ ਦੁਨੀਆਂ ਜਿਡੇ ਵੱਡੇ ਸੀ ਤੇ ਉਨ੍ਹਾਂ ਦੇ ਵਿਦਿਆਰਥੀ ਸਾਰੀ ਮਨੁੱਖ ਜਾਤੀ ਸੀ ਤੇ ਉਨ੍ਹਾਂ ਦਾ ਵਿਸ਼ਾ ਨੇਕੀ ਸੀ। ਜੋ ਕਿ ਹਰ ਪੱਖ ਤੋਂ ਸੱਚ ਨਾਲ ਜੁੜੀ ਹੋਈ ਸੀ। ਗੁਰੂ ਨਾਨਕ ਦੇ ਸਿੱਖਿਆ ਬਾਰੇ ਬਣਾਏ ਗਏ ਸੰਕਲਪ ਤੋਂ 500 ਸਾਲ ਬਾਅਦ ਵੀ ਉਨ੍ਹਾਂ ਨੇ ਜੋ ਆਪਣੇ ਸਮੇਂ ਵਿਚ ਨਾਨ-ਫਾਰਮਲ ਸਿੱਖਿਆ ਬਾਰੇ ਕਿਹਾ ਸੀ ਉਹ ਅੱਜ ਵੀ ਉਨ੍ਹਾਂ ਹੀ ਸੱਚ ਹੈ ਜਿਨਾਂ ਉਨ੍ਹਾਂ ਦੇ ਆਪਣੇ ਸਮੇਂ ਵਿਚ ਸੀ। ਉਦਾਹਰਣ ਵਜੋਂ ਅਮਰੀਕਾ ਵਰਗੇ ਅਮੀਰ ਦੇਸ਼ ਵੀ ਹੁਣ ਇਹ ਮਹਿਸੂਸ ਕਰ ਰਹੇ ਹਨ ਕਿ ਜੇ ਸਾਰੇ ਲੋਕਾਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਦੇ ਅਨੁਸਾਰ ਪੜ੍ਹਾਉਣਾ ਹੈ ਤਾਂ ਉਨ੍ਹਾਂ ਨੂੰ "ਸਮਾਜ ਵਿਚ ਸਕੂਲ ਬੰਦ ਕਰਨੇ ਪੈਣਗੇ" (ਇਲਿਚ) ਤੇ "ਸਕੂਲ ਮਰ ਗਿਆ ਹੈ" (ਰੈਮਰ) ਦੇ ਸਿਧਾਂਤਾਂ ਨੂੰ ਮੰਨਣਾ ਪਵੇਗਾ, ਭਾਵ ਇਹ ਕਿ ਨਾਨ ਫਾਰਮਲ ਸਿੱਖਿਆ ਨੂੰ ਅਪਣਾਉਣਾ ਪਵੇਗਾ। ਜੇ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਅੱਜ ਦੀ ਪੱਤਰ-ਵਿਹਾਰ ਸਿੱਖਿਆ, ਓਪਨ ਯੂਨੀਵਰਸਿਟੀ ਤੇ ਯੂਨੀਵਰਸਿਟੀ ਬਿਨਾਂ ਦੀਵਾਰਾਂ ਆਦਿ (University without walls) ਗੁਰੂ ਨਾਨਕ ਦੇ ਅਪਣਾਏ ਹੋਏ ਨਾਨ ਫਾਰਮਲ ਸਿੱਖਿਆ ਦੀਆਂ ਲੀਹਾਂ ਤੇ ਹੀ ਆਧਾਰਿਤ ਹਨ। ਅਜਿਹੇ ਵਿਚਾਰ ਦੁਨੀਆਂ ਦੇ ਇੰਨਟਰਨੈਸ਼ਨਲ ਕਮਿਸ਼ਨ ਔਨ ਐਜੂਕੇਸ਼ਨ ਦੀ ਰੀਪੋਰਟ, "ਲਰਨਿੰਗ ਟੂ ਬੀ" ਵਿਚ ਵੀ ਅੰਕਿਤ ਕੀਤੇ ਗਏ ਹਨ।

ਗੁਰੂ ਨਾਨਕ ਨੇ ਲੋਕਾਂ ਦੀ ਭਾਸ਼ਾ ਵਿਚ ਹੀ ਲਿਖਿਆ, ਲੋਕਾਂ ਦੀ ਭਾਸ਼ਾ ਵਿਚ ਹੀ ਚਰਚਾ ਕੀਤੀ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਉਨ੍ਹਾਂ ਦੀ ਭਾਸ਼ਾ ਵਿਚ ਹੀ ਕੀਤਾ ਜੋ ਕਿ ਪੰਜਾਬੀ ਸੀ। ਉਨ੍ਹਾਂ ਨੇ ਸੱਚ ਉੱਪਰ ਸਭ ਤੋਂ ਵੱਧ ਜ਼ੋਰ ਦਿੱਤਾ ਹੈ ਤੇ ਲਿੱਖਿਆ ਹੈ :

ਸਚਿ ਸਭਨਾ ਹੋਏ ਦਾਰੂ ਪਾਪ ਕਢੈ ਧੋਇ ॥
ਨਾਨਕ ਵਿਖਾਣੈ ਬੇਨਤੀ ਜਾ ਸਚਿ ਪਲੈ ਹੋਏ ॥

2.1.3.1 **ਗੁਰੂ ਨਾਨਕ ਦਾ ਸਿੱਖਿਅਕ ਫ਼ਲਸਫ਼ਾ** (EDUCATIONAL PHILOSOPHY OF GURU NANAK): ਇਹ ਕਹਿਣਾ ਬਹੁਤ ਕਠਿਨ ਹੈ ਕਿ ਗੁਰੂ ਨਾਨਕ ਨੂੰ ਪੱਛਮ ਦੇ ਕਿਹੜੇ ਫ਼ਲਸਫ਼ੇ ਨਾਲ ਸਬੰਧਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਅਧਿਆਤਮਕ ਤੇ ਆਦਰਸ਼ਵਾਦੀ ਪਰਕਾਰ ਦੇ ਵਿਚਾਰ ਸੀ। ਉਨ੍ਹਾਂ ਦੇ ਵਿਸ਼ਵਾਸ ਪ੍ਰਕਿਰਤੀਵਾਦ ਦੀਆਂ ਰੁਚੀਆਂ ਵਿਚ ਸੀ ਤੇ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਸਮੱਸਿਆਵਾਂ ਦੇ ਪ੍ਰਯੋਜਨਵਾਦੀ ਹੱਲ ਲੱਭੇ ਹਨ। ਫੇਰ ਵੀ ਉਨ੍ਹਾਂ ਦੇ ਸਿੱਖਿਆ ਦੇ ਮੂਲ ਮਨੋਰਥ ਜਿਨਾਂ ਵਿਚ ਅਧਿਆਤਮਕ ਪ੍ਰਾਪਤੀ ਕਰਨਾ, ਸਭ ਨਾਲੋਂ ਪ੍ਰਾਥਮਿਕ ਸੀ, ਦੇ ਆਧਾਰ ਤੇ ਉਨ੍ਹਾਂ ਨੂੰ ਆਦਰਸ਼ਵਾਦੀ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਆਪਣੀ ਸਾਰੀ ਬਾਣੀ ਵਿਚ ਆਪਣਾ ਧਿਆਨ ਆਤਮਾ ਤੇ ਹੀ ਲਾਈ ਰੱਖਿਆ ਤੇ ਇਸ ਨੂੰ ਹੀ ਆਪਣੀਆਂ ਰਚਨਾਵਾਂ ਦਾ ਕੇਂਦਰ ਬਣਾਇਆ। ਉਨ੍ਹਾਂ ਨੇ ਭਾਵੇਂ ਆਪਣਾ ਧਿਆਨ ਇਸ ਵਿਸ਼ੇ ਤੇ ਹੀ ਕੇਂਦਰਤ ਕਰੀ ਰੱਖਿਆ ਪਰ ਇਸ ਦੇ ਨਾਲ ਨਾਲ ਉਨ੍ਹਾਂ ਨੇ ਦੁਨਿਆਵੀ ਗੱਲ੍ਹਾਂ ਵੱਲ ਵੀ ਪੂਰਾ ਪੂਰਾ ਧਿਆਨ ਦਿੱਤਾ ਤੇ ਉਨ੍ਹਾਂ ਦੇ ਵੀ ਪੱਕੇ ਹੱਲ ਲੱਭੇ। ਇਹ ਸਮਾਧਾਨ ਨਾ ਸਿਰਫ ਪੱਕੇ ਹੀ ਹੁੰਦੇ ਹਨ ਸਗੋਂ ਅੰਤਰਰਾਸ਼ਟਰੀ ਪੱਧਰ ਤੇ ਵੀ ਲਾਭਕਾਰੀ ਹੁੰਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਤੇ ਸਿੱਖਿਆ ਇਨ੍ਹਾਂ ਤੋਂ ਵੱਖਰੀ ਕਿਵੇਂ ਹੋ ਸਕਦੀ ਹੈ? ਉਨ੍ਹਾਂ ਦਾ ਧਾਰਮਿਕ, ਸਭਿਆਚਾਰਕ ਤੇ ਨੈਤਿਕ, ਇਤਿਹਾਸਕ ਅਤੇ ਸਦਾਚਾਰਕ ਸਮੱਸਿਆਵਾਂ ਦਾ ਹੱਲ ਲੱਭਣ ਦਾ ਢੰਗ, ਆਪਣਾ ਹੀ ਸੀ। ਉਨ੍ਹਾਂ ਦੇ ਫਲਸਫੇ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਹਰ ਸਮੱਸਿਆ ਦਾ ਪੂਰਨ ਹੱਲ ਲੱਭਣ ਦਾ ਯਤਨ ਕੀਤਾ ਹੈ ਤੇ ਅਜਿਹਾ ਕਰਦਿਆਂ ਹੋਇਆਂ ਉਨ੍ਹਾਂ ਨੇ ਆਪਣਾ ਧਿਆਨ ਆਤਮਾ ਤੇ ਹੀ ਕੇਂਦਰਤ ਰੱਖਿਆ ਹੈ। ਕਈ ਵਾਰ ਉਨ੍ਹਾਂ ਨੇ ਹੋਰ ਸਮੱਸਿਆਵਾਂ ਦੇ ਟੁਕੜੇ ਵੀ ਕਰ ਦਿੱਤੇ ਹਨ। ਪਰ ਇਨ੍ਹਾਂ ਟੁਕੜਿਆਂ ਨੂੰ ਉਨ੍ਹਾਂ ਨੇ ਇਸ ਪ੍ਰਕਾਰ ਘੜਿਆ ਹੈ ਕਿ ਇਨ੍ਹਾਂ ਨੂੰ ਇਕੱਠਿਆਂ ਕਰਕੇ ਫੇਰ ਇਨ੍ਹਾਂ ਵਿਚੋਂ ਹਰ ਇਕ ਨੂੰ ਸੰਪੂਰਨ ਬਣਾਇਆ ਜਾ ਸਕਦਾ ਹੈ। ਕਾਰੀਗਰੀ ਦਾ ਕਮਾਲ ਇਹ ਹੈ ਕਿ ਇਨ੍ਹਾਂ ਟੁੱਕੜਿਆਂ ਨੂੰ ਬਣਾਉਣ ਵਿਚੋ ਕੋਈ ਹਿੱਸਾ ਵੀ ਇਸ ਤਰ੍ਹਾਂ ਨਹੀਂ ਬਣਾਇਆ ਕਿ ਸੱਮਸਿਆ ਰੂਪੀ ਲੱਕੜੀ ਦਾ ਕੁਝ ਭਾਗ ਬੇ ਅਰਥ ਹੋ ਜਾਵੇ। ਜੇਕਰ ਕਿਸੇ ਵੀ ਸਮੱਸਿਆ ਦੇ ਇਨ੍ਹਾਂ ਘੜੇ ਹੋਏ ਭਾਗਾਂ ਨੂੰ ਇਕੱਠਾ ਕਰ ਦਿੱਤਾ ਜਾਵੇ ਤਾਂ ਉਸ ਦੇ ਵਿਚਾਰ ਵੀ ਸੰਪੂਰਨ ਹੋ ਜਾਂਦੇ ਹਨ ਤੇ ਢੁੱਕਵਾਂ ਹੱਲ ਵੀ ਨਜ਼ਰ ਆ ਜਾਂਦਾ ਹੈ। ਉਦਾਹਰਣ ਵਜੋਂ ਸਮਾਜਿਕ ਵਿਕਾਸ, ਸਭਿਆਚਾਰਕ ਉਸਾਰੀ, ਭਾਵਿਕ ਪ੍ਰਪੱਕਤਾ, ਆਰਥਿਕ ਤੇ ਵਿਅਕਤੀਤਵ ਆਦਿ ਦਾ ਪੂਰਨ ਹੱਲ ਗੁਰੂ ਸਾਹਿਬ ਨੇ ਆਪਣੀਆਂ ਕ੍ਰਿਤਾਂ ਵਿਚ ਇਸੇ ਪ੍ਰਕਾਰ ਹੀ ਦਿੱਤਾ ਹੈ। ਇਥੇ ਇਸ ਗੱਲ ਦਾ ਵਿਚਾਰ ਕਰਨ ਦੀ ਲੋੜ ਹੈ ਕਿ ਕਈ ਵਿਚਾਰ ਅਜਿਹੇ ਹਨ ਕਿ ਉਨ੍ਹਾਂ ਨੂੰ ਕਈਆਂ ਥਾਵਾਂ ਤੇ ਯੋਗ ਭਾਂਤ ਨਾਲ ਰੱਖਿਆ ਜਾ ਸਕਦਾ ਹੈ। ਉਦਾਹਰਣ ਵਜੋਂ ਕਈ ਵਿਚਾਰ ਆਤਮਾ ਦੀ ਉਸਾਰੀ ਲਈ ਵੀ ਵਰਤੇ ਜਾ ਸਕਦੇ ਹਨ ਤੇ ਸਮਾਜਿਕ ਵਿਕਾਸ ਲਈ ਇਨ੍ਹਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।

ਇਹ ਉਨ੍ਹਾਂ ਦਾ ਹੀ ਕਮਾਲ ਹੈ ਕਿ ਆਤਮਾ ਦੇ ਵਿਕਾਸ ਨੂੰ ਉਨ੍ਹਾਂ ਨੇ ਤਿੰਨਾਂ ਅਸੂਲਾਂ ਤੇ ਹੀ ਖੜਾ ਕਰ ਦਿੱਤਾ ਹੈ, ਜੋ ਹਨ ਕ੍ਰਿਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ। ਇਨ੍ਹਾਂ ਅਸੂਲਾਂ ਨੂੰ ਖੋਲਦਿਆਂ ਹੋਇਆਂ ਗੁਰੂ ਨਾਨਕ ਨੇ ਕਈ ਪ੍ਰਕਾਰ ਦੇ ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਅਤੇ ਸਿੱਖਿਅਕ ਸੰਕਲਪਾਂ ਨੂੰ ਵੀ ਸਪਸ਼ਟ ਕੀਤਾ ਹੈ। ਭਾਵੇਂ ਉਨ੍ਹਾਂ ਦਾ ਮੂਲ ਰੂਪ ਵਿਚ ਧਿਆਨ ਆਤਮਾ ਦੇ ਵਿਕਾਸ ਤੇ ਹੀ ਕੇਂਦਰਤ ਰਿਹਾ ਹੈ ਤੇ ਉਨ੍ਹਾਂ ਨੇ ਉਸ ਨੂੰ ਪ੍ਰਮਾਤਮਾ ਵਿਚ ਇਕ ਮਿਕ ਹੋਣ ਨੂੰ ਹੀ ਸਾਹਮਣੇ ਰੱਖਿਆ ਹੈ ਪਰ ਉਹ ਦੁਨਿਆਵੀ ਸਮੱਸਿਆਵਾਂ ਤੋਂ ਕਦੇ ਵੀ ਅਵੇਸਲੇ ਨਹੀਂ ਹੋਏ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਕਲਪਾਂ ਵਿਚ ਸਿੱਖਿਆ ਦੇ ਵਿਚਾਰਾਂ ਨੂੰ ਵੀ ਟੁੱਕੜੇ-ਟੁੱਕੜੇ ਕਰ ਦਿੱਤਾ ਹੈ ਤੇ ਇਸ ਦੇ ਵੱਖ ਵੱਖ ਭਾਗ ਜਿਸ ਤਰ੍ਹਾਂ ਕਿ ਸਿੱਖਿਅਕ ਵਿਚਾਰਧਾਰਾ, ਸਿੱਖਿਅਕ ਪ੍ਰੈਕਟਿਸ, ਸਿੱਖਿਅਕ ਫਲਸਫਾ, ਪੜ੍ਹਾਉਣ ਦੇ ਢੰਗ ਤੇ ਸ਼ਖਸੀਅਤ ਦੇ ਵਿਚਾਰਾਂ ਨੂੰ ਆਤਮਾ ਦੇ ਸੰਪੂਰਨ ਕਰਨ ਲਈ ਇਸ ਤਰ੍ਹਾਂ ਵਰਤਿਆ ਹੈ ਕਿ ਇਹ ਵੀ ਸਪੱਸ਼ਟ ਭਾਂਤ ਨਿਖਰ ਕੇ ਸਾਹਮਣੇ ਆ ਗਏ ਹਨ ਤੇ ਆਤਮਾ ਦਾ ਵਿਕਾਸ ਵੀ ਸਪੱਸ਼ਟ ਹੋ ਗਿਆ ਹੈ। ਜੇ ਕਿਸੇ ਨੇ ਗੁਰੂ ਨਾਨਕ ਦੇ ਸਿੱਖਿਅਕ ਫ਼ਲਸਫ਼ੇ ਤੇ ਕੰਮ ਕਰਨਾ ਹੋਵੇ ਤਾਂ ਉਸ ਨੂੰ ਉਨ੍ਹਾਂ ਦੀ ਬਾਣੀ ਵਿਚ ਵੱਖ-ਵੱਖ ਥਾਂ ਤੇ ਪਏ ਸਿੱਖਿਆ ਨਾਲ ਸੰਬੰਧਤ ਟੁਕੱੜਿਆਂ ਨੂੰ ਇਕੱਠਾ ਕਰਨਾ ਪਵੇਗਾ ਤੇ ਫੇਰ ਉਨ੍ਹਾਂ ਨੂੰ ਇਸ ਪ੍ਰਕਾਰ ਦੀ ਤਰਤੀਬ ਦੇਣੀ ਹੋਵੇਗੀ ਕਿ ਉਹ ਸੰਕਲਪ ਨਿੱਖਰ ਕੇ ਸਾਹਮਣੇ ਆ ਜਾਵੇ। ਪਰ ਅਜਿਹਾ ਕਰਨ ਲੱਗਿਆਂ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਹਰ ਇਕ ਟੁਕੱੜਾ ਆਪਣੇ ਯੋਗ ਸਥਾਨ ਤੇ ਹੀ ਰੱਖਿਆ ਜਾਵੇ ਤਾਂ ਕਿ ਮੂਲ ਵਿਚਾਰ ਸਪੱਸ਼ਟ ਭਾਂਤ ਨਿੱਖਰ ਕੇ ਸਾਹਮਣੇ ਆ ਜਾਵੇ। ਇਸ ਪ੍ਰਕਾਰ ਗੁਰੂ ਨਾਨਕ ਦੇ ਸਿੱਖਿਅਕ ਫਲਸਫੇ ਨੂੰ ਉਸਾਰਨ ਲਈ ਸਾਨੂੰ ਉਨ੍ਹਾਂ ਦੀ ਬਾਣੀ ਦਾ ਤੇ ਹੋਰ ਇਸ ਨਾਲ ਸੰਬੰਧਤ ਸਾਹਿਤ

ਦਾ ਪੂਰਨ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਵੀ ਉਨ੍ਹਾਂ ਦੇ ਸਿੱਖਿਅਕ ਵਿਚਾਰਾਂ ਦੀ ਪੁਸ਼ਟੀ ਕਰਦੀਆਂ ਹਨ। ਉਨ੍ਹਾਂ ਨੇ ਸਿੱਖਿਆ ਦੇ ਸਾਰੇ ਪੱਖਾਂ ਤੇ ਲਿਖਿਆ ਹੈ ਤੇ ਇਨ੍ਹਾਂ ਪੱਖਾਂ ਨੂੰ ਨਿਖੇੜਨ ਵਿਚ ਵੱਖ-ਵੱਖ ਪੜ੍ਹਾਉਣ ਦੀਆਂ ਵਿਧੀਆਂ ਅਤੇ ਤਕਨੀਕਾਂ ਦਾ ਪ੍ਰਯੋਗ ਕੀਤਾ ਹੈ।

ਕੁਝ ਸਮੇਂ ਤੋਂ ਬੁੱਧੀ ਜੀਵੀ ਗੁਰੂ ਨਾਨਕ ਦੀਆਂ ਵੱਖ-ਵੱਖ ਖੇਤਰਾਂ ਦੀਆਂ ਘਾਲਨਾਵਾਂ ਬਾਬਤ ਲਿਖਦੇ ਆ ਰਹੇ ਹਨ, ਪਰ ਉਨ੍ਹਾਂ ਦੀਆਂ ਸਿੱਖਿਆ ਦੇ ਖੇਤਰ ਵਿਚ ਪ੍ਰਾਪਤੀਆਂ ਬਾਰੇ ਕਿਸੇ ਨੇ ਵੀ ਕੁਝ ਠੋਸ ਨਹੀਂ ਲਿਖਿਆ। ਅਸਚਰਜ ਵਾਲੀ ਗੱਲ ਇਹ ਹੈ ਕਿ ਭਾਰਤ ਦੇ ਅਧਿਆਪਨ ਸਿੱਖਿਆ ਦੇ ਕਾਲਜਾਂ ਵਿਚ ਮਹਾਤਮਾ ਗਾਂਧੀ, ਡਾਕਟਰ ਰਾਧਾ ਕ੍ਰਿਸ਼ਨਨ, ਸਵਾਮੀ ਦਇਆ ਨੰਦ, ਰੂਸੋ, ਫਰੋਬਲ ਤੇ ਡੀਊਵੀ ਵਰਗੇ ਸਿੱਖਿਅਕ ਫਲਸਫਾਕਾਰਾਂ ਦੇ ਫਲਸਫੇ ਨੂੰ ਤਾਂ ਪੜ੍ਹਾਇਆ ਗਿਆ, ਪਰ ਗੁਰੂ ਨਾਨਕ ਦੇ ਸਿੱਖਿਅਕ ਫਲਸਫੇ ਨੂੰ ਨਹੀਂ ਪੜ੍ਹਾਇਆ ਗਿਆ। ਅਜਿਹਾ ਪੰਜਾਬ ਵਿਚ ਵੀ ਹੁੰਦਾ ਰਿਹਾ ਹੈ। ਭਾਵੇਂ ਗੁਰੂ ਨਾਨਕ ਦੀ ਸਿੱਖਿਆ ਦੇ ਖੇਤਰ ਵਿਚ ਦੇਣ ਇਨ੍ਹਾਂ ਸਾਰੇ ਵਿਦਵਾਨਾਂ ਨਾਲੋਂ ਕਿਤੇ ਵੱਧ ਹੈ। ਅਸਲ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਦੀ ਸਿੱਖਿਆ ਦੇ ਖੇਤਰ ਵਿਚ ਏਨੀ ਵੱਡੀ ਦੇਣ ਹੈ ਕਿ ਸਿਰਫ ਭਾਰਤ ਹੀ ਨਹੀਂ ਸਾਰੀ ਦੁਨੀਆਂ ਇਸ ਤੋਂ ਲਾਭ ਉਠਾ ਸਕਦੀ ਹੈ।

### 2.1.3.2 **ਸਿੱਖਿਆ ਦੇ ਉਦੇਸ਼** (AIMS OF EDUCATION):

ਕਿਉਂਕਿ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਆਦਰਸ਼ਵਾਦੀ ਫਲਸਫਾਕਾਰ ਮੰਨਦੇ ਹਾਂ, ਇਸ ਲਈ ਉਨ੍ਹਾਂ ਦਾ ਸਿੱਖਿਆ ਦਾ ਮੂਲਅ ਾ ਦੇ ਸ਼ ਸਰਵ ਪੱਖੀ ਸ਼ਖ਼ਸੀਅਤ ਨੂੰ ਇਸ ਪ੍ਰਕਾਰ ਉਭਾਰਨਾ ਸੀ ਕਿ ਪਹਿਲਾਂ ਉਸ ਦੀ ਆਤਮਾ ਵਿਕਾਸ ਕਰੇ ਤੇ ਫੇਰ ਭਾਵਨਾਵਾਂ ਤੇ ਬੁੱਧੀ ਵਿਕਸਤ ਹੋਣ ਅਤੇ ਇਸ ਪ੍ਰਕਾਰ ਉਹ ਵਿਅਕਤੀ 'ਗੁਰਮੁੱਖ' ਜਾਂ ਫੇਰ 'ਸਚਿਆਰਾ' ਬਣ ਕੇ ਉਭਰੇ। ਉਨ੍ਹਾਂ ਦੇ ਆਦਰਸ਼ਵਾਦੀ ਹੋਣ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਕ ਗ੍ਰਹਿਸਤੀ ਵਾਂਗ ਜੀਵਨ ਨੂੰ ਮਾਨਦਾ ਹੈ ਤੇ ਅਜਿਹਾ ਕਰਦਾ ਹੋਇਆ ਮੁਕਤੀ ਪ੍ਰਾਪਤ ਕਰਨ ਵਿਚ ਵੀ ਸਫਲ ਹੋ ਜਾਂਦਾ ਹੈ। ਕ੍ਰਿਤ ਰਾਹੀਂ ਹੱਥ ਨਾਲ ਕੰਮ ਕਰਨ ਲਈ ਤੇ ਕੰਮ ਕਰਨ ਦੀ ਆਦਤ ਪਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਹ ਕ੍ਰਿਤ ਨਾ ਸਿਰਫ, ਸੁੱਚੀ ਹੀ ਹੋਣੀ ਚਾਹੀਦੀ ਹੈ ਸਗੋਂ ਇਹ ਪੂਰਨ ਭਾਂਤ ਮਿਹਨਤ ਕਰਕੇ ਹੀ ਕਰਨੀ ਚਾਹੀਦੀ ਹੈ। ਇਸ ਨਾਲ ਪੈਦਾਵਾਰ ਵਧਾਉਣੀ ਚਾਹੀਦੀ ਹੈ। ਅੱਜ ਭਾਰਤ ਵਿਚ ਸਿੱਖਿਆ ਦੀ ਇਹ ਇਕ ਮੂਲ ਸਮੱਸਿਆ ਹੈ ਕਿ ਇਹ ਵਿਦਿਆਰਥੀਆਂ ਵਿਚ ਹੱਥ ਨਾਲ ਕੰਮ ਕਰਨ ਦੀ ਆਦਤ ਨੂੰ ਘਟਾਉਂਦੀ ਹੈ। ਗੁਰੂ ਨਾਨਕ ਨੇ ਇਸ ਨੂੰ ਸੇਵਾ ਦੇ ਸੰਕਲਪ ਨਾਲ ਜੋੜਿਆ ਹੈ। ਪੂਰੀ ਵਿੱਤ ਲਾ ਕੇ ਕੰਮ ਕਰਨ ਨਾਲ ਜੋ ਪੈਦਾਵਾਰ ਜਾਂ ਆਮਦਨ ਆਪਣੀ ਲੋੜ ਤੋਂ ਵੱਧ ਹੁੰਦੀ ਹੈ, ਉਸ ਨੂੰ ਨਿਮਾਣਿਆਂ, ਨਿਤਾਣਿਆਂ, ਮਜ਼ਲੂਮਾਂ, ਅਪਾਹਜਾਂ ਅਤੇ ਅੰਗਹੀਣਾਂ ਵਿਚ ਵੰਡ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੇ ਦੁਖਾਂਤ ਵਿਚ ਕੁਝ ਕਮੀ ਆਵੇ। ਅਜਿਹਾ ਕਰਨ ਨਾਲ ਲੋਕ ਸਮਾਜਿਕ, ਸਭਿਆਚਾਰਕ ਤੇ ਸਦਾਚਾਰਕ ਬਣ ਜਾਂਦੇ ਹਨ। ਇਹ ਸਾਰੇ ਪੱਖ ਸਿੱਖਿਆ ਨਾਲ ਉਜਾਗਰ ਕਰਨੇ ਚਾਹੀਦੇ ਹਨ ਤੇ ਗੁਰੂ ਨਾਨਕ ਨੇ ਨਾ ਸਿਰਫ ਇਨ੍ਹਾਂ ਦਾ ਵਰਣਨ ਆਪਣੀ ਬਾਣੀ ਵਿਚ ਹੀ ਕੀਤਾ ਹੈ ਸਗੋਂ ਆਪਣੇ ਸਮੁੱਚੇ ਜੀਵਨ ਵਿਚ ਇਸ ਦੀ ਪਰਦਰਸ਼ਨੀ ਵੀ ਕੀਤੀ ਹੈ।

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

ਵਿਅਕਤਿਤਵ ਨੂੰ ਪੂਰਨ ਭਾਂਤ ਇਸ ਤਰ੍ਹਾਂ ਨਿਖਾਰਣ ਲਈ ਕਿ ਉਹ ਪ੍ਰਮਾਤਮਾ ਨਾਲ ਇਕਮਿਕ ਹੋ ਜਾਵੇ, ਗੁਰੂ ਸਾਹਿਬ ਨੇ ਸਿਮਰਣ ਤੇ ਵੀ ਜੋਰ ਦਿਤਾ ਹੈ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਦਾ ਆਦਰਸ਼ਵਾਦ ਦਾ ਟੀਚਾ ਸਪੱਸ਼ਟ ਭਾਂਤ ਨਿਖਰ ਕੇ ਸਾਹਮਣੇ ਆ ਜਾਂਦਾ ਹੈ। ਇਸ ਵਿਚ ਦੁਨਿਆਵੀ ਪੱਖ ਵੀ ਹੈ, ਅਧਿਆਤਮਕ ਪੱਖ ਵੀ ਤੇ ਸਭਿਆਚਾਰਕ ਪੱਖ ਵੀ, ਭਾਵੇਂ ਮੂਲ ਰੂਪ ਵਿਚ ਜੋਰ ਅਧਿਆਤਮਕਤਾ ਉੱਪਰ ਹੀ ਹੈ।

### 2.1.3.3 **ਪਾਠਕ੍ਰਮ** (CURRICULUM):

ਭਾਵੇਂ ਗੁਰੂ ਨਾਨਕ ਦੇਵ ਇਕ ਆਦਰਸ਼ਵਾਦੀ ਸੀ ਤੇ ਉਨ੍ਹਾਂ ਦੀਆਂ ਕ੍ਰਿਤਾਂ ਵਿਚ ਪ੍ਰਕ੍ਰਿਤੀਵਾਦ ਦੀਆਂ ਰੁਚੀਆਂ ਸੀ, ਤਾਂ ਵੀ ਉਨ੍ਹਾਂ ਨੇ ਪਾਠਕ੍ਰਮ ਵਿਚੋਂ ਸਾਇੰਸ ਦੇ ਮਜ਼ਬੂਨਾਂ ਵਲੋਂ ਮੂੰਹ ਨਹੀਂ ਮੋੜਿਆ ਸੀ। ਅਸਲ ਗੱਲ ਤਾਂ ਇਹ ਹੈ ਕਿ ਇਹ ਸਾਰੇ ਦਾ ਸਾਰਾ ਬ੍ਰਹਿਮੰਡ ਅਤੇ ਇਸ ਬ੍ਰਹਿਮੰਡ ਤੋਂ ਬਾਹਰਲੀਆਂ ਬਾਕੀ ਦੀਆਂ ਗੱਲ੍ਹਾਂ ਵੀ ਉਨ੍ਹਾਂ ਦੇ ਪਾਠਕ੍ਰਮ ਦਾ ਇਕ ਭਾਗ ਸਨ। ਉਨ੍ਹਾਂ ਦਾ ਮੂਲ ਟੀਚਾ ਆਤਮਾ ਦਾ ਵਿਕਾਸ ਕਰਕੇ ਉਸਨੂੰ ਪ੍ਰਮਾਤਮਾ ਨਾਲ ਇਕਮਿਕ ਕਰ ਦੇਣਾ ਸੀ। ਉਨ੍ਹਾਂ ਦੇ ਪਾਇਆਂ ਹੋਇਆਂ ਪੂਰਨਿਆਂ ਦਾ ਵਖੇਵਾਂ ਇਸ ਗੱਲ ਵਿਚ ਸੀ ਕਿ ਆਤਮਾ ਨੂੰ ਉੱਚਾ ਚੁੱਕਣ ਲਈ ਵੀ ਸਮਾਜ ਨੂੰ ਅੱਖਾਂ ਤੋਂ ਉਹਲੇ ਨਹੀਂ ਸੀ ਕਰਨਾ ਕਿਉਂਕਿ ਸਮਾਜ ਹੀ ਸਾਨੂੰ ਜਨਮ ਦਿੰਦਾ ਹੈ ਤੇ ਸਮਾਜ ਹੀ ਸਾਡਾ ਪਾਲਣ ਪੋਸ਼ਣ ਕਰਦਾ ਹੈ। ਗੁਰੂ ਨਾਨਕ ਦੇ ਕਰੀਕੁਲਮ ਵਿਚ ਭਾਵੇਂ ਸਦਾਚਾਰ ਤੇ ਫ਼ਲਸਫ਼ੇ ਨੂੰ ਉੱਚ ਸਥਾਨ ਮਿਲੇਗਾ ਫੇਰ ਵੀ ਸਾਇੰਸ ਦੀ ਆਪਣੀ ਹੀ ਮਹੱਤਤਾ ਹੋਵੇਗੀ। ਭਾਵੇਂ ਗੁਰੂ ਸਾਹਿਬ ਵਿਵਾਹਿਤ ਜੀਵਨ ਉਪਰ ਹੀ ਜੋਰ ਦੇਂਦੇ ਹਨ ਕਿਉਂਕਿ ਉਹ ਆਤਮਾ ਨੂੰ ਏਨਾ ਉੱਚਾ ਚੁੱਕਣਾ ਚਾਹੁੰਦੇ ਹਨ ਕਿ ਵਿਅਕਤੀ ਅਜਿਹਾ ਕਰ ਸਕੇ ਅਤੇ ਉਹ ਸੋਨੇ ਵਾਂਗ ਖੋਟ ਰਹਿਤ ਹੋਵੇ। ਅਜਿਹਾ

ਸੰਕਲਪ ਸਪਸ਼ਟ ਕਰਨ ਲਈ ਗੁਰੂ ਸਾਹਿਬ ਕੰਵਲ ਦੇ ਫੁੱਲ ਤੇ ਮੁਰਗਾਬੀ ਦੀਆਂ ਮਿਸਾਲਾਂ ਦੇਂਦੇ ਹਨ ਤੇ ਕਹਿੰਦੇ ਹਨ ਕਿ ਇਹ ਭਾਵੇਂ ਪਾਣੀ ਦੇ ਵਿਚ ਰਹਿੰਦੇ ਹਨ ਤਾਂ ਵੀ ਭਿੱਜਦੇ ਨਹੀਂ।

ਜੈਸੇ ਜਲ ਮਹਿ ਕੰਵਲ ਨਿਰਾਲਮਿ ਮੁਰਗਾਈ ਨੈਸਾਣੇ ॥
ਸੁਰਤਿ ਸ਼ਬਦਿ ਭਵ ਸਾਗਰਿ ਤਰੀਏ ਨਾਨਕ ਨਾਮੁ ਵਿਖਾਣੇ ॥

ਇਸ ਤਰ੍ਹਾਂ ਦੇ ਪਾਠਕ੍ਰਮ ਵਿਚ ਫਲਸਫਾ ਇਤਿਹਾਸ, ਸਭਿਆਚਾਰ ਤੇ ਨੈਤਿਕਤਾ ਆਦਿ ਨੂੰ ਪਹਿਲਾ ਤੇ ਉੱਚਾ ਸਥਾਨ ਦਿੱਤਾ ਜਾਵੇਗਾ। ਸਾਇੰਸ ਵੀ ਪੜ੍ਹਾਈ ਜਾਵੇਗੀ। ਪਰ ਉਸ ਦਾ ਸਥਾਨ ਦੂਜੀ ਪੱਧਰ ਦਾ ਹੋਵੇਗਾ ਤੇ ਉਸਨੂੰ ਫਲਸਫੇ ਦੇ ਅਧੀਨ ਰੱਖਿਆ ਜਾਵੇਗਾ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਜਿਥੇ ਵੀ ਵਿਗਿਆਨ ਨੂੰ ਪਹਿਲ ਦੀ ਪੱਧਰ ਤੇ ਪੜ੍ਹਾਇਆ ਗਿਆ ਹੈ ਤੇ ਇਸ ਦਾ ਵਿਕਾਸ ਆਤਮਾ, ਸਭਿਆਚਾਰ, ਨੈਤਿਕਤਾ ਤੇ ਸਮਾਜਿਕ ਸਾਇੰਸ ਨੂੰ ਇਕ ਪਾਸੇ ਰੱਖ ਕੇ ਕੀਤਾ ਗਿਆ ਹੈ ਤਾਂ ਇਸ ਦੇ ਬਹੁਤ ਗੰਭੀਰ ਸਿੱਟੇ ਨਿਕਲੇ ਹਨ। ਇਸੇ ਹੀ ਸਿੱਟੇ ਵਜੋਂ ਹੀਰੋਸ਼ੀਮਾ ਦੀ ਤਬਾਹੀ ਇਸ ਪ੍ਰਕਾਰ ਹੋਈ ਸੀ ਕਿ ਆਉਣ ਵਾਲੀਆਂ ਕਈ ਨਸਲਾਂ ਇਸ ਨੂੰ ਦੇਖ ਕੇ ਕੰਬ ਜਾਇਆ ਕਰਨਗੀਆਂ। ਖੂਬਸੂਰਤੀ ਦੀ ਗੱਲ ਇਹ ਹੈ ਕਿ ਉਹ ਲੋਕ ਵੀ ਜੋ ਕਿ ਨਾ ਤਾਂ ਗੁਰੂ ਨਾਨਕ ਨੂੰ ਜਾਣਦੇ ਹਨ ਤੇ ਨਾ ਹੀ ਉਸ ਦੇ ਫਲਸਫੇ ਦਾ ਗਿਆਨ ਰਖਦੇ ਹਨ, ਗੁਰੂ ਨਾਨਕ ਦੇ ਦੱਸੇ ਹੋਏ ਰਾਹਾਂ ਤੇ ਚਲ ਰਹੇ ਹਨ। ਉਹ ਰਾਹ ਜੋ ਕਿ ਗੁਰੂ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਬਣਾਇਆ ਸੀ, ਬੜਾ ਸਾਦਾ ਤੇ ਪੱਧਰਾ ਰਾਹ ਹੈ। ਮੁੱਕਦੀ ਗੱਲ ਇਹ ਹੈ ਕਿ ਗੁਰੂ ਨਾਨਕ ਦੇ ਕਰੀਕੁਲਮ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਨੂੰ ਆਤਮਾ ਦੇ ਵਿਕਾਸ ਲਈ ਇਸ ਪ੍ਰਕਾਰ ਦੀ ਪੜ੍ਹਾਈ ਕਰਵਾਉਣੀ ਪਵੇਗੀ ਜਿਸ ਵਿਚ ਸਾਇੰਸ, ਫਲਸਫੇ ਤੇ ਸਮਾਜਿਕ ਦੇ ਅਧੀਨ ਹੋਵੇ।

ਗੁਰੂ ਨਾਨਕ ਦੇ ਫ਼ਲਸਫ਼ੇ ਤੇ ਚੱਲ ਕੇ ਹੀ ਯੂ. ਐਨ. ਓ, ਮਾਨਵੀ ਸਾਧਨ ਸਰੋਤ ਦਾ ਕਮਿਸ਼ਨ ਤੇ ਵਰਲਡ ਬੈਂਕ ਅੰਤਰਰਾਸ਼ਟਰੀ ਭਲਾਈ ਤੇ ਵਿਕਾਸ ਲਈ ਉਪਰਾਲੇ ਕਰ ਰਹੇ ਹਨ।

ਮੂਲ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮੋਟੇ ਤੌਰ ਤੇ ਗੁਰੂ ਨਾਨਕ ਦੇ ਸੰਕਲਪ ਦਾ ਪਾਠਕ੍ਰਮ ਬਹੁਤ ਮੋਕਲਾ ਤੇ ਸਰਵ ਪੱਖੀ ਹੈ ਆਪਣੇ ਘੇਰੇ ਵਿਚ ਧਰਮ ਨਿਰਪੱਖਤਾ, ਸਾਂਝੀਵਾਲਤਾ, ਲੋਕਰਾਜੀ ਤੇ ਮਾਨਵੀ ਪੱਖਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ।

### 2.1.3.4 **ਅਨੁਸ਼ਾਸਨ** (DISCIPLINE):

ਗੁਰੂ ਨਾਨਕ ਸਵੈ-ਇੱਛਤ ਅਨੁਸ਼ਾਸਨ ਦੇ ਹੱਕ ਵਿਚ ਸਨ ਤੇ ਤਾਨਾਸ਼ਾਹੀ ਅਨੁਸ਼ਾਸਨ ਦੇ ਹੱਕ ਵਿਚ ਬਿਲਕੁਲ ਨਹੀਂ ਸਨ। ਇਹ ਸਵੈ-ਇੱਛਤ ਅਨੁਸ਼ਾਸਨ ਉੱਚੀਆਂ ਕੀਮਤਾਂ ਦੇ ਅਨੁਸਾਰ ਸੀ ਜਿਨ੍ਹਾਂ ਰਾਹੀਂ ਕਿ ਕਿਸੇ ਵਿਅਕਤੀ ਨੇ ਪ੍ਰਮਾਤਮਾ ਨਾਲ ਇਕਮਿਕ ਹੋਣਾ ਹੁੰਦਾ ਹੈ। ਉਦਾਹਰਣ ਵਜੋਂ ਹਰ ਇਕ ਨੇ ਵਿਆਹ ਕਰਵਾਉਣਾ ਹੁੰਦਾ ਹੈ ਤੇ ਕਾਮ ਵੀ ਕਰਨਾ ਹੁੰਦਾ ਹੈ ਪਰ ਇਹ ਕਾਮ ਸਿਰਫ ਆਪਣੀ ਪਤਨੀ ਤੱਕ ਹੀ ਸੀਮਤ ਹੋਣਾ ਚਾਹੀਦਾ ਹੈ। ਇਸ ਤੋਂ ਉਪਰੰਤ ਇਹ ਕਾਮ ਵੀ ਸੀਮਤ ਸੀਮਾਵਾਂ ਦੇ ਅੰਦਰ ਹੀ ਕਰਨਾ ਹੁੰਦਾ ਹੈ। ਇੰਨ ਬਿੰਨ ਏਸੇ ਪ੍ਰਕਾਰ ਹੀ ਇਹ ਫਤਵਾ ਵੀ ਹੈ ਕਿ ਘੱਟ ਬੋਲਣਾ, ਘੱਟ ਸੌਣਾ, ਘੱਟ ਖਾਣਾ ਤੇ ਵੱਧ ਕੰਮ ਕਰਨਾ ਹੈ। ਜ਼ਿਆਦਾ ਕੰਮ ਕਰਕੇ ਤੇ ਪੈਦਾਵਾਰ ਨੂੰ ਵਧਾ ਕੇ ਆਮਦਨ ਵਿਚ ਵੀ ਵਾਧਾ ਕਰਨਾ ਹੁੰਦਾ ਹੈ। ਇਸ ਵਾਧੇ ਨੂੰ ਗਰੀਬਾਂ, ਮੁਜ਼ਲੂਮਾਂ, ਨਿਮਾਣਿਆਂ ਤੇ ਨਿਤਾਣਿਆਂ ਦੇ ਫਾਇਦੇ ਲਈ ਵਰਤਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਪਹਿਲਾਂ ਤੇ ਕਮਾਈ ਕਰਨੀ ਹੈ, ਫੇਰ ਇਹ ਕਮਾਈ ਸੁੱਚੀ ਤੇ ਪੂਰੀ ਇਮਾਨਦਾਰੀ ਨਾਲ ਹੋਣੀ ਚਾਹੀਦੀ ਹੈ ਤੇ ਇਸ ਲਈ ਅਟੁੱਟ ਮਿਹਨਤ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਹੀ ਮਿਹਨਤ ਨਾਲ ਜੋ ਵੱਧ ਆਮਦਨ ਹੋਵੇ ਉਸ ਦਾ ਪ੍ਰਯੋਗ ਲੋਕ ਭਲਾਈ ਲਈ ਕਰਨਾ ਚਾਹੀਦਾ ਹੈ। ਇਹ ਸਾਰੇ ਕੰਮ ਗੁਰੂ ਸਾਹਿਬ ਦੀ ਸਿੱਖਿਅਕ ਪ੍ਰਣਾਲੀ ਦਾ ਇਕ ਅਟੁੱਟਵਾਂ ਅੰਗ ਹਨ।

ਅੱਜ ਵੀ ਗੁਰੂ ਸਾਹਿਬ ਦੇ ਫ਼ਲਸਫ਼ੇ ਅਨੁਸਾਰ ਚੱਲਕੇ ਹੀ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਯੂ. ਐਨ. ਓ. ਤੇ ਵਰਲਡ ਬੈਂਕ, ਅਮੀਰ ਦੇਸ਼ਾਂ ਦਾ ਧਨ ਗਰੀਬ ਦੇਸ਼ਾਂ ਦੇ ਵਿਕਾਸ ਲਈ ਖਰਚ ਕਰ ਰਹੇ ਹਨ।

ਗੁਰੂ ਨਾਨਕ ਦਾ ਅਨੁਸ਼ਾਸਨ ਵੀ ਸਵੈ-ਅਨੁਸ਼ਾਸਨ ਸੀ, ਤੇ ਇਸ ਵਿਚ ਕੋਈ ਬਾਹਰੀ ਡਰ ਵੀ ਨਹੀਂ ਸੀ। ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਰ ਵਰਗੇ ਤਾਨਾਸ਼ਾਹ ਸ਼ਹਿਨਸ਼ਾਹ ਦੇ ਖਿਲਾਫ ਲਿੱਖਿਆ ਹੀ ਨਹੀਂ ਸਗੋਂ ਉਸ ਦੇ ਖਿਲਾਫ ਰੱਬ ਪਾਸ ਵੀ ਸ਼ਿਕਵਾ ਕੀਤਾ ਹੈ :

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ ॥

ਗੁਰੂ ਸਾਹਿਬ ਅਜਿਹਾ ਵਾਤਾਵਰਨ ਕਾਇਮ ਕਰਨਾ ਚਾਹੁੰਦੇ ਸਨ ਕਿ ਉਹ ਉਨ੍ਹਾਂ ਸਾਰਿਆਂ ਨਾਲ ਗੱਲਬਾਤ ਕਰ ਸਕਣ ਤੇ ਉਨ੍ਹਾਂ ਨੂੰ ਠੀਕ ਰਾਹ ਤੇ ਲੈ ਜਾ ਸਕਣ ਜੋ ਕਿ ਕੁਰਾਹੇ ਜਾ ਰਹੇ ਸੀ। ਉਦਾਹਰਣ ਵਜੋਂ ਉਨ੍ਹਾਂ ਨੇ ਸਿੱਧਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਸਿੱਧੇ ਰਾਹ ਤੇ ਚੱਲਣ ਲਈ ਪ੍ਰੇਰਤ ਕੀਤਾ। ਉਨ੍ਹਾਂ ਕਾਜੀਆਂ ਨੂੰ ਪੂਰਨ ਮਨ ਨਾਲ ਨਮਾਜ ਪੜ੍ਹਨ ਲਈ ਪ੍ਰੇਰਤ ਕੀਤਾ ਤਾਂ ਕਿ ਉਨ੍ਹਾਂ ਦਾ ਅੱਲ੍ਹਾ ਨਾਲ ਯੋਗ ਸੰਬੰਧ ਕਾਇਮ ਹੋਵੇ। ਉਨ੍ਹਾਂ ਨੇ ਲੋਕਾਂ ਨੂੰ ਪ੍ਰਕਾਸ਼ਮਾਨ ਕੀਤਾ ਹੈ ਕਿ ਰੱਬ ਹਰ ਥਾਂ ਤੇ ਹਾਜ਼ਰ ਹੈ। ਜੋ ਅਨੁਸ਼ਾਸਨ ਉਹ ਸਥਾਪਤ ਕਰਨਾ ਚਾਹੁੰਦੇ ਸਨ ਉਹ ਉਚੇਰੀਆਂ ਕੀਮਤਾਂ ਤੇ ਨਿਰਭਰ ਸੀ ਤੇ ਇਸ ਨਾਲ ਆਤਮਾ ਦੀ ਪੱਧਰ ਉੱਚੀ ਉੱਠਦੀ ਸੀ। ਉਨ੍ਹਾਂ ਨੇ ਬਹੁਤ ਮਹੱਤਵਪੂਰਨ ਢੰਗ ਨਾਲ ਕਿਹਾ ਹੈ :

ਸਚਿ ਉਚਿ ਸਭਿ ਕੋਣ,
ਉਪਰ ਸਚਿ ਆਚਾਰ ॥

### 2.1.3.5 ਪੜ੍ਹਾਉਣ ਦੀਆਂ ਵਿਧੀਆਂ (METHODS OF TEACHING):

ਗੁਰੂ ਨਾਨਕ ਦੇਵ ਜੀ ਦਾ ਪੜ੍ਹਾਉਣ ਦੀਆਂ ਵਿਧੀਆਂ ਵਰਤਨ ਅਤੇ ਉਨ੍ਹਾਂ ਦਾ ਭਲੀ ਭਾਂਤੀ ਪ੍ਰਯੋਗ ਕਰਨ ਵਿਚ ਬੜੀ ਦੇਣ ਹੈ। ਅੱਜ ਵੀ ਇਹ ਬਹੁਤ ਕਠਿਨ ਪ੍ਰਤੀਤ ਹੁੰਦਾ ਹੈ ਕਿ ਕਿਸੇ ਵੀ ਉਸ ਵਿਧੀ ਦਾ ਜ਼ਿਕਰ ਕੀਤਾ ਜਾ ਸਕੇ ਜਿਸ ਦਾ ਉਨ੍ਹਾਂ ਨੇ ਕਿਸੇ ਨਾ ਕਿਸੇ ਸਮੇਂ ਪ੍ਰਯੋਗ ਨਾ ਕੀਤਾ ਹੋਵੇ। ਉਨ੍ਹਾਂ ਦੀ ਵਿਧੀ ਵਿਅਕਤੀ ਅਤੇ ਸਥਿਤੀ ਦੇ ਅਨੁਸਾਰ ਹੀ ਹੁੰਦੀ ਸੀ ਜਿਸ ਨਾਲ ਕਿ ਉਹ ਗਲਬਾਤ ਕਰਦੇ ਸੀ। ਉਨ੍ਹਾਂ ਨੇ ਹਰ ਪੱਧਰ ਦੀ ਪੜ੍ਹਾਈ ਕਰਵਾਉਣ ਦੀ ਵਿਧੀ ਦੀ ਵਰਤੋਂ ਕੀਤੀ ਜਿਸ ਤਰ੍ਹਾਂ ਕਿ ਯਾਦ ਕਰਨ ਦੀ ਪੱਧਰ ਤੋਂ ਲੈ ਕੇ ਪ੍ਰਤੀਬਿੰਬਤ ਪੱਧਰ ਤੱਕ ਦੀਆਂ ਸਾਰੀਆਂ ਪੱਧਰਾਂ ਦਾ ਪ੍ਰਯੋਗ ਕੀਤਾ ਹੈ। ਉਹ ਆਮ ਪੱਧਰ ਤੇ ਲੋਕਾਂ ਨੂੰ ਸਮਝਾਉਣ ਡਰਾਮੇਟਾਈਜ਼ ਕਰਕੇ ਦਰਸਾ ਸਕਦੇ ਸੀ, ਤੇ ਸਮਝਾਉਣ ਲਈ ਹਰਿਦੁਆਰ ਵਿਖੇ ਪੱਛਮ ਵੱਲ ਨੂੰ ਪਾਣੀ ਸੁੱਟ ਕੇ ਸਪੱਸ਼ਟ ਕਰ ਸਕਦੇ ਸੀ ਕਿ ਜੇ ਉਨ੍ਹਾਂ ਦਾ ਸੁੱਟਿਆ ਹੋਇਆ ਪਾਣੀ ਉਨ੍ਹਾਂ ਦੇ ਪਿਤਾਵਾਂ ਨੂੰ ਦੂਸਰੀ ਦੁਨੀਆਂ ਵਿਚ ਜਾ ਕੇ ਮਿਲ ਸਕਦਾ ਹੈ ਤਾਂ ਉਨ੍ਹਾਂ ਦਾ ਸੁੱਟਿਆ ਹੋਇਆ ਪਾਣੀ ਉਨ੍ਹਾਂ ਦੇ ਖੇਤਾਂ ਨੂੰ ਕਿਉਂ ਨਹੀਂ ਸੀ ਦਿੱਤਾ ਜਾ ਸਕਦਾ ਜੋ ਕਿ ਕੁਝ ਸੈਂਕੜੇ ਮੀਲ ਦੀ ਦੂਰੀ ਤੇ ਹੀ ਸੀ। ਇਸ ਪ੍ਰਕਾਰ ਹੀ ਜਦੋਂ ਉਹ ਮੁਲਤਾਨ ਬੁੱਧੀਮਾਨ ਫਕੀਰਾਂ ਦੇ ਸੰਕਲਪ ਸਪਸ਼ਟ ਕਰਨੇ ਚਾਹੁੰਦੇ ਸਨ ਤਾਂ ਉਨ੍ਹਾਂ ਦੀ ਵਿਧੀ 'ਕਿ ਦੁੱਧ ਦੇ ਭਰੇ ਹੋਏ ਛੰਨੇ ਵਿਚ ਕਲੀ ਦਾ ਫੁੱਲ ਰੱਖ ਦਿੱਤਾ ਜਾਵੇ, ਤਾਂ ਉਹ ਵਿਚ ਹੀ ਸਮਾ ਜਾਂਦਾ ਹੈ' ਪ੍ਰਤੀਬਿੰਬ ਪੱਧਰ ਦੀ ਪੜ੍ਹਾਈ ਸੀ। ਇਸੇ ਤਰ੍ਹਾਂ ਹੀ ਬੁੱਧੀਜੀਵੀ ਸਿੱਧਾਂ ਦੇ ਸੰਕਲਪ ਸਪੱਸ਼ਟ ਕਰਨ ਲਈ ਗੁਰੂ ਨਾਨਕ ਨੇ ਗੋਸ਼ਟੀ ਵਿਧੀ ਜਾਂ ਫੇਰ ਸਵਾਲ-ਜਵਾਬ ਵਿਧੀ ਦਾ ਪ੍ਰਯੋਗ ਕੀਤਾ ਹੈ। ਇਸ ਨੂੰ ਵਾਦਵਿਵਾਦ ਦੀ ਵਿਧੀ ਵੀ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨਾਲ ਹਰ ਪੱਧਰ ਤੇ ਅਤੇ ਸਾਰੇ ਜੀਵਨ ਪੱਖਾਂ ਤੇ ਵਿਚਾਰ ਕੀਤਾ ਤੇ ਉਨ੍ਹਾਂ ਨੂੰ ਇਹ ਸਪੱਸ਼ਟ ਕਰਕੇ ਦੱਸਿਆ ਕਿ ਉਨ੍ਹਾਂ ਦੇ ਕਈ ਸੰਕਲਪ ਗਲਤ ਹਨ। ਉਨ੍ਹਾਂ ਨੂੰ ਇਸਤ੍ਰੀ ਜਾਤੀ ਦਾ ਸਨਮਾਨ ਕਰਨਾ ਚਾਹੀਦਾ ਸੀ। ਉਨ੍ਹਾਂ ਦੇ ਪੜ੍ਹਾਉਣ ਦੀ ਵਿਧੀ ਭਾਵੇਂ ਸਥਿਤੀ ਦੇ ਅਨੁਕੂਲ ਹੁੰਦੀ ਸੀ ਪਰ ਇਹ ਬਹੁ-ਭਾਂਤੀ ਤੇ ਬਹੁ-ਪੱਖੀ ਹੁੰਦੀ ਸੀ। ਜੇਕਰ ਗਹੁ ਨਾਲ ਗੋਸ਼ਟੀ ਦੀ ਵਿਧੀ ਵਿਚ ਝਾਤੀ ਮਾਰੀ ਜਾਵੇ ਤਾਂ ਅਜੋਕੀ "ਪ੍ਰੋਗਰਾਮ ਵਿਧੀ" ਰਾਹੀਂ ਪੜ੍ਹਾਉਣ ਦੇ ਕੁਝ ਅੰਸ਼ ਇਸ ਵਿਚੋਂ ਪ੍ਰਤੱਖ ਨਜ਼ਰ ਆ ਜਾਂਦੇ ਹਨ।

ਇਸ ਤੋਂ ਉਪਰੰਤ ਉਨ੍ਹਾਂ ਨੇ ਨਾਨ ਫਾਰਮਲ ਭਾਂਤ ਦੀਆਂ ਆਪਣੀਆਂ ਹੀ ਵਿਧੀਆਂ ਬਨਾਈਆਂ ਜਿਵੇਂ ਕਿ ਲੰਗਰ (ਸਾਂਝਾ ਭੋਜਨ), ਸੇਵਾ (ਨਿਸ਼ਕਾਮ), ਸੰਗਤ (ਸਾਂਝੇ ਵਿਚਾਰ ਕਰਨ) ਤੇ ਪੰਗਤ (ਬਰਾਬਰੀ) ਤੇ ਇਨ੍ਹਾਂ ਦੀ ਸਥਾਪਨਾ ਕੀਤੀ।

### 2.1.3.6 ਅਧਿਆਪਕ (TEACHER):

ਗੁਰੂ ਨਾਨਕ ਦੇਵ ਦੇ ਅਧਿਆਪਕ ਬਾਰੇ ਵਿਚਾਰ ਬਹੁਤ ਸਪਸ਼ਟ ਹਨ। ਉਨ੍ਹਾਂ ਨੇ ਅਧਿਆਪਕ ਨੂੰ ਬਹੁਤ ਮਾਣ ਦਿੱਤਾ ਹੈ ਤੇ ਇਹ ਸਪਸ਼ਟ ਕੀਤਾ ਹੈ ਕਿ ਗੁਰੂ ਬਗੈਰ ਗਿਆਨ ਪ੍ਰਾਪਤੀ ਨਹੀਂ ਹੋ ਸਕਦਾ। ਉਨ੍ਹਾਂ ਨੇ ਅਧਿਆਪਕ ਦਾ ਇੱਜ਼ਤ ਮਾਨ ਤੇ ਸਤਿਕਾਰ ਕੀਤਾ ਹੈ। ਅਧਿਆਪਕ ਦੀਆਂ ਖੂਬੀਆਂ ਵਿਚ ਵਿਦਵਤਾ, ਅਧਿਆਤਮਕਤਾ, ਬੁੱਧੀ, ਪ੍ਰੋੜਤਾ, ਹਮਦਰਦੀ, ਭਾਵੁਕ ਪ੍ਰਪੱਕਤਾ ਅਤੇ ਸਮਾਜ ਦਾ ਆਦਰ ਆਦਿ ਦਰਸਾਈਆਂ ਗਈਆਂ ਹਨ। ਉਨ੍ਹਾਂ ਨੇ ਅਧਿਆਪਕ ਨੂੰ ਉਹ ਮਾਣ ਬਖਸ਼ਿਆ ਹੈ ਕਿ ਅੱਜ ਦਾ ਸਮਾਜ ਉਸ ਨੂੰ ਉਸ ਦਾ ਇਕ ਭਾਗ ਵੀ ਪ੍ਰਦਾਨ ਨਹੀਂ ਕਰ ਸਕਿਆ। ਸ਼ਾਇਦ ਇਹ ਹੀ ਵਜ੍ਹਾ ਹੈ ਕਿ ਨਾ ਤਾਂ ਅੱਜ ਦੇ ਸਮੇਂ ਵਿਚ ਇਸ ਪੱਧਰ ਦੇ ਅਧਿਆਪਕ ਹਨ ਜਿਨ੍ਹਾਂ ਦਾ ਵਰਨਣ ਕਿ ਗੁਰੂ ਸਾਹਿਬ ਨੇ ਕੀਤਾ ਹੈ ਤੇ ਨਾ ਹੀ ਉਨ੍ਹਾਂ ਦਾ ਸਮਾਜ ਵਿਚ ਅਜਿਹਾ ਆਦਰ ਮਾਣ ਹੈ। ਗੁਰੂ ਨਾਨਕ ਨੂੰ ਅਧਿਆਪਕ ਵਿਚ ਕੁਝ ਇਕ ਰੱਬ ਵਰਗੀਆਂ ਖੂਬੀਆਂ ਨਜ਼ਰ ਆਉਂਦੀਆਂ ਹਨ। ਉਨ੍ਹਾਂ ਨੂੰ ਅਧਿਆਪਕ ਇੰਜ ਲਗਦਾ ਹੈ ਜਿਸ ਤਰ੍ਹਾਂ ਕਿ ਉਹ ਪ੍ਰਮਾਤਮਾ ਦੀ ਪ੍ਰਾਪਤੀ ਦੇ ਰਾਹ ਵੱਲ ਨੂੰ ਚੱਲਣ ਲੱਗ ਪਿਆ ਹੋਵੇ। ਗੁਰੂ ਨਾਨਕ ਅਨੁਸਾਰ ਅਧਿਆਪਕ ਦੇ ਸ਼ਬਦ, ਉਨ੍ਹਾਂ ਨਾਲ ਗੱਲ-ਬਾਤ, ਉਨ੍ਹਾਂ ਦੀ ਦੇਖਣੀ ਤੇ ਉਨ੍ਹਾਂ ਦਾ ਤੁਰਨ ਫਿਰਨ ਦਾ ਅੰਦਾਜ਼ ਵੀ ਵਿਦਵਤਾ ਭਰਿਆ ਹੁੰਦਾ ਹੈ। ਅਧਿਆਪਕ ਦਾ ਮਾਇਕ ਸਤਰ ਉੱਚਾ ਚੁੱਕ ਕੇ ਉਸ ਦੇ ਰੁੱਤਬੇ ਨੂੰ ਉੱਚਾ ਚੁੱਕਣਾ ਗੁਰੂ ਨਾਨਕ ਦੇ ਸੰਕਲਪ ਵਿਚ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਇਸ ਗੱਲ ਦੀ ਨਿਖੇਧੀ ਕੀਤੀ ਹੈ। ਅਧਿਆਪਕ ਨੂੰ ਵੀ ਮਿਹਨਤ, ਹਮਦਰਦੀ, ਨੇਕੀ, ਸੇਵਾ, ਕੁਰਬਾਨੀ ਤੇ ਗਿਆਨ ਦਾ ਮੁਜਸਮਾ ਹੋਣਾ ਚਾਹੀਦਾ ਹੈ। ਉਸ ਦਾ ਸਮੁੱਚਾ ਜੀਵਨ, ਉਸ ਦੀ ਗਿਆਨ ਲਈ ਭੁੱਖ, ਉਸ ਦੀ ਦੇਖਣੀ ਤੇ ਉਸ ਦੀ ਚਾਲ ਢਾਲ ਡੂੰਘੀ ਤੇ ਏਨੀ ਸੁੱਚੀ ਹੋਣੀ ਚਾਹੀਦੀ ਹੈ ਕਿ ਉਸ ਦੀ ਨਕਲ ਕਰਨ ਨੂੰ ਜੀ ਚਾਹੇ।

### 2.1.3.7 ਸਿੱਖਿਅਕ ਸਮੱਸਿਆਵਾਂ (EDUCATIONAL PROBLEMS):

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਦਰਸਾਇਆ ਹੈ, ਜੋ ਕੁਝ ਵੀ ਲਿਖਿਆ ਹੈ, ਉਹ ਆਮ ਜਨਤਾ ਲਈ ਹੈ, ਲੋਕਾਂ ਦੀ ਭਾਸ਼ਾ (ਪੰਜਾਬੀ)

ਵਿਚ ਲਿਖਿਆ ਹੈ, ਤੇ ਅਜਿਹੇ ਹੀ ਪ੍ਰਤੀਬਿੰਬ ਵਰਤੇ ਹਨ। ਅਜਿਹਾ ਕਰਨ ਲਈ ਉਨ੍ਹਾਂ ਨੇ ਜ਼ਰਾਇਤ ਤੋਂ ਉਦਾਹਰਣ ਦਿੱਤੀਆਂ ਹਨ ਤਾਂ ਕਿ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਲੋਕਾਂ ਨੂੰ ਸਪਸ਼ਟ ਹੋ ਜਾਣ। ਇਨ੍ਹਾਂ ਸਮੱਸਿਆਵਾਂ ਦੇ ਹੱਲ ਜੋ ਕਿ ਉਨ੍ਹਾਂ ਨੇ ਉਸ ਸਮੇਂ ਲੱਭੇ ਸੀ ਉਹ ਅੱਜ ਵੀ ਉਨੇ ਹੀ ਪ੍ਰਵਾਨਤ ਹਨ ਜਿੰਨੇ ਕਿ ਉਨ੍ਹਾਂ ਦੇ ਆਪਣੇ ਸਮੇਂ ਵਿਚ ਸੀ। ਹੁਣ ਸਿਰਫ ਇਸ ਲਈ ਨਵੀਂ ਭਾਸ਼ਾ ਹੀ ਵਰਤੀ ਗਈ ਹੈ। ਉਦਾਹਰਣ ਵਜੋਂ ਨਿਰੰਤਰ ਸਿੱਖਿਆ ਦਾ ਸੰਕਲਪ ਉਨ੍ਹਾਂ ਨੇ ਆਪਣੀ ਬਾਣੀ ਤੇ ਜੀਵਨੀ ਵਿਚ ਭਲੀ ਭਾਂਤੀ ਦਰਸਾਇਆ ਹੈ, ਪਰ ਹੁਣ ਇਸ ਨੂੰ ਸਿੱਖਿਆ ਦਾ ਇਕ ਨਵਾਂ ਨਜ਼ਰੀਆਂ ਸਮਝਿਆ ਜਾਂਦਾ ਹੈ। ਉਨ੍ਹਾਂ ਨੇ ਵਡੇਰੀ ਉਮਰ ਦੇ ਵਿਅਕਤੀ, ਦੂਸਰੇ ਗੁਰੂ ਨੂੰ ਗੁਰਗੱਦੀ ਦਿੱਤੀ ਸੀ ਤੇ ਇਸੇ ਪ੍ਰਕਾਰ ਹੀ ਤੀਸਰੇ ਗੁਰੂ ਨੂੰ ਗੁਰਗੱਦੀ 72 ਸਾਲ ਦੀ ਉਮਰ ਵਿਚ ਮਿਲੀ ਸੀ। ਇਸੇ ਪ੍ਰਕਾਰ ਹੀ ਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰਸਿੱਖ ਕਦੇ ਬੁੱਢਾ ਨਹੀਂ ਹੁੰਦਾ, ਭਾਵ ਇਹ ਹੈ ਕਿ ਪੜ੍ਹਨ ਪੜ੍ਹਾਉਣ ਲਈ ਕਦੇ ਬੁੱਢਾ ਜੀਵਨ ਆੜੇ ਨਹੀਂ ਆਉਂਦਾ। ਇਸ ਪ੍ਰਕਾਰ 'ਜੀਵਨ ਭਰ ਲਈ ਨਿਰੰਤਰ ਵਿਦਿਆ' ਦਾ ਸੰਕਲਪ ਗੁਰੂ ਸਾਹਿਬ ਦੀ ਬਾਣੀ ਤੇ ਜੀਵਨ ਵਿਚ ਭਲੀ ਭਾਂਤੀ ਸਪਸ਼ਟ ਕੀਤਾ ਹੈ ਤੇ ਇਸ ਤੇ ਵਾਰ ਵਾਰ ਜ਼ੋਰ ਵੀ ਦਿੱਤਾ ਗਿਆ ਹੈ।

ਇੰਨ ਬਿੰਨ ਇਸੇ ਪ੍ਰਕਾਰ ਹੀ ਪ੍ਰੋੜ ਸਿੱਖਿਆ ਜਿਸ ਨੂੰ ਸਿੱਖਿਆ ਦਾ ਇਕ ਨਵਾਂ ਪੱਖ ਸਮਝਿਆ ਜਾਂਦਾ ਹੈ, ਨੂੰ ਗੁਰੂ ਨਾਨਕ ਨੇ ਆਪਣੀ ਬਾਣੀ ਤੇ ਜੀਵਨ ਵਿਚ ਭਲੀ ਭਾਂਤੀ ਦਰਸਾਇਆ ਹੈ। ਗੁਰੂ ਨਾਨਕ ਦੀ ਆਪਣੀ ਬਾਣੀ ਵਿਚ ਤੇ ਉਨ੍ਹਾਂ ਤੋਂ ਬਾਅਦ ਵਿਚ ਬਾਕੀ ਦੇ ਗੁਰੂਆਂ ਦੀ ਬਾਣੀ ਵਿਚ ਜੋ ਕਿ ਬਾਲਗਾਂ ਲਈ ਲਿਖੀ ਗਈ ਹੈ, ਭਲੀ-ਭਾਂਤੀ ਸਪਸ਼ਟ ਕੀਤਾ ਗਿਆ ਹੈ ਕਿ ਜੀਵਨ ਬਤੀਤ ਕਰਨ ਦਾ ਮੰਤਵ ਤਾਂ ਹੀ ਸਪਸ਼ਟ ਹੋ ਸਕਦਾ ਹੈ ਜਦੋਂ ਕਿ ਬਾਲਗ ਪੜ੍ਹੇ ਲਿਖੇ ਹੋਣ ਤੇ ਇਹ ਸਿੱਖਿਆ ਵੀ ਅਜਿਹੀ ਹੋਣੀ ਚਾਹੀਦੀ ਹੈ ਕਿ ਕਿਤਾਬੀ ਸਿੱਖਿਆ ਤੇ ਸਮੁੱਚੀ ਸਿੱਖਿਆ ਵਿਚ ਅੰਤਰ ਭਲੀ ਭਾਂਤ ਸਮਝ ਲਿਆ ਜਾਵੇ। ਉਨ੍ਹਾਂ ਦਾ ਲੰਗਰ, ਸੰਗਤ ਤੇ ਪੰਗਤ ਦਾ ਸੰਬੰਧ ਬਾਲਗਾਂ ਵਿਚ ਊਚ ਨੀਚ, ਜਾਤਪਾਤ ਤੇ ਗਰੀਬ ਅਮੀਰ ਦੀ ਭਾਵਨਾ ਖਤਮ ਕਰਨਾ ਹੀ ਸੀ, ਜੋ ਕਿ ਅੱਜ ਵੀ ਸਿੱਖਿਆ ਦੀ ਇਕ ਉੱਘੀ ਸਮੱਸਿਆ ਹੈ। ਉਨ੍ਹਾਂ ਦਾ ਇਹ ਪੱਕਾ ਯਕੀਨ ਸੀ ਕਿ ਬੱਚੇ ਦੀ ਪੜ੍ਹਾਈ ਛੋਟੇ ਜੀਵਨ ਵਿਚ ਹੀ ਸ਼ੁਰੂ ਹੋ ਜਾਣੀ ਚਾਹੀਦੀ ਹੈ। ਇਹ ਵੀ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਬੁਢਾਪੇ ਵਿਚ ਕਰਤਾਰਪੁਰ ਵਿਖੇ ਛੋਟੇ ਬੱਚਿਆਂ ਦਾ ਸਕੂਲ ਵੀ ਚਲਾਇਆ ਸੀ। ਅਸਲ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਨੇ ਜੋ ਕੁਝ ਬਾਲਗ ਸਿੱਖਿਆ ਲਈ ਅਨੁਭਵ ਕੀਤਾ ਸੀ ਉਹ ਹੁਣ ਵੀ ਨਾਨ-ਫਾਰਮਲ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਦੁਨੀਆਂ ਭਰ ਵਿਚ ਸਿੱਖਿਆ ਦੇ ਖੇਤਰ ਵਿਚ ਖੋਜ ਕਰਨ ਦੇ ਉਪਰੰਤ ਤੇ ਯੂ. ਐਸ. ਏ. ਵਰਗੇ ਵਿਕਸਤ ਦੇਸ਼ਾਂ ਦੇ ਉਪਰਾਲਿਆਂ ਦੇ ਬਾਵਜੂਦ ਵੀ ਬਾਲਗ ਸਿੱਖਿਆ ਨੂੰ ਲਾਗੂ ਕਰਨ ਲਈ ਗੈਰ-ਰਸਮੀ ਢੰਗਾਂ ਤੇ ਹੀ ਜੋਰ ਦਿੱਤਾ ਜਾ ਰਿਹਾ ਹੈ ਤੇ ਇਹ ਵੀ ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਤੇ ਆਪਣੀ ਬਾਣੀ ਵਿਚ ਭਲੀ ਭਾਂਤੀ ਦਰਸਾਇਆ ਹੈ। ਇਸ ਗੈਰ-ਰਸਮੀ ਢੰਗ ਨੂੰ ਨਾ ਸਿਰਫ ਸਾਰੀ ਦੁਨੀਆਂ ਵਿਚ ਸਿੱਖਿਆ ਦੇ ਪਸਾਰ ਦੇ ਕਮਿਸ਼ਨ (International Commission on the Development of Education) ਨੇ ਆਪਣੀ ਪੁਸਤਕ "ਲਰਨਿੰਗ ਟੂ ਬੀ" (Learning to Be) ਵਿਚ ਸਪਸ਼ਟ ਕੀਤਾ ਹੈ, ਸਗੋਂ ਅਲਿਚ ਤੇ ਰੈਮਰ ਵਰਗੇ ਸਿੱਖਿਅਕ ਫ਼ਲਸਫ਼ਾਕਾਰਾਂ ਨੇ ਆਪਣੀਆਂ ਪੁਸਤਕਾਂ, ਡੀ ਸਕੂਲਿੰਗ ਦੀ ਸੋਸਾਇਟੀ (Deschooling the Society) ਤੇ ਸਕੂਲ ਇਜ਼ ਡੈਡ (School is Dead) ਵਿਚ ਭਲੀ ਭਾਂਤੀ ਸਪਸ਼ਟ ਕੀਤਾ ਹੈ। ਸਿੱਖਿਆ ਦਾ ਇਕ ਮਨੋਰਥ ਇਹ ਵੀ ਹੁੰਦਾ ਹੈ ਕਿ ਉਹ ਲੋਕਾਂ ਦੇ ਮਨੁੱਖੀ ਜੀਵਨ ਬਾਰੇ ਤੇ ਅੰਤਰ ਰਾਸ਼ਟਰੀ ਭਾਵਨਾਵਾਂ ਨੂੰ ਭਲੀ ਭਾਂਤੀ ਸਮਝਾਵੇ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਸਾਰੀ ਦੁਨੀਆਂ ਦੇ ਸਾਰੇ ਦੇਸ਼ ਇਕ ਦੂਸਰੇ ਤੇ ਨਿਰਭਰ ਹੁੰਦੇ ਹਨ ਭਾਵੇਂ ਉਹ ਆਰਥਕ ਵਿਕਾਸ ਹੈ, ਭਾਵੇਂ ਸਮਾਜੀ ਵਿਕਾਸ, ਭਾਵੇਂ ਭਾਈਚਾਰੇ ਦਾ ਵਿਕਾਸ ਤੇ ਭਾਵੇਂ ਭਾਵੁਕਤਾ ਦਾ ਵਿਕਾਸ ਹੋਵੇ। ਹੁਣ ਲੋੜ ਹੈ ਕਿ ਆਪਣੇ ਦੇਸ਼ ਲਈ ਪਿਆਰ ਦੀ ਭਾਵਨਾ ਤੇ ਸਾਰੇ ਜਗਤ ਲਈ ਵਿਕਾਸ ਦੀ ਭਾਵਨਾ ਨੂੰ ਭਲੀ ਭਾਂਤੀ ਸਮਝ ਲਿਆ ਜਾਵੇ ਤੇ ਲੋਕਾਂ ਵਿਚ ਅਜਿਹੀ ਭਾਵਨਾ ਉਤੇਜਤ ਕੀਤੀ ਜਾਵੇ ਕਿ ਲੋਕ ਸਰਬਤ ਦੇ ਭਲੇ ਤੇ ਵਿਕਾਸ ਦੀ ਗੱਲ ਕਰਨ। ਹੁਣ ਯੂ. ਐਸ. ਏ. ਵਰਲਡ ਬੈਂਕ ਤੇ ਇੰਟਰਨੈਸ਼ਨਲ ਮੋਨੇਟਰੀ ਫੰਡ ਇਸ ਪਾਸੇ ਵੱਲ ਜੋਰ ਦੇ ਰਹੇ ਹਨ।

ਉਨ੍ਹਾਂ ਦੀਆਂ ਉਦਾਸੀਆਂ, ਉਨ੍ਹਾਂ ਦੇ ਕੰਮ, ਉਨ੍ਹਾਂ ਦੀ ਬਾਣੀ, ਉਨ੍ਹਾਂ ਦਾ ਮਨੁੱਖਤਾ ਦੀ ਭਲਾਈ ਲਈ ਤਰੱਦਦ, ਸਭ ਸਾਰੀ ਦੀ ਸਾਰੀ ਮਨੁੱਖ ਜਾਤੀ ਲਈ ਹੀ ਸੀ। ਜਿੰਨੇ ਮਰਜ਼ੀ ਹਥਿਆਰ ਹੋਣ, ਜਹਾਜ਼ ਹੋਣ ਤੇ ਸਮੁੰਦਰੀ ਲੜਾਕੇ ਜਹਾਜ਼ ਹੋਣ ਜਾਂ ਫਿਰ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਹੋਣ, ਦੁਨੀਆਂ ਵਿਚੋਂ ਖਿਚੋਤਾਨ ਘੱਟ ਨਹੀਂ ਹੋ ਸਕਦੀ। ਦੁਨੀਆਂ ਵਿਚਲੀ ਆਪਸੀ ਖਿਚ ਨੂੰ ਮਨੁੱਖੀ ਪੱਧਰ ਤੇ ਸਿੱਖਿਅਤ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ ਜਾਂ ਘਟਾਇਆ ਜਾ ਸਕਦਾ ਹੈ। ਯੂ. ਐਨ. ਓ. ਨੇ ਠੀਕ ਹੀ ਤਾਂ ਕਿਹਾ ਹੈ ਕਿ ਲੜਾਈ ਦੇ ਬੀਜ ਮਨੁੱਖੀ ਦਿਮਾਗ ਵਿਚੋਂ ਹੀ ਨਿਕਲਦੇ ਹਨ ਤੇ ਇਨ੍ਹਾਂ ਦਾ ਹੱਲ ਵੀ ਉਸੇ ਪੱਧਰ ਤੇ ਹੀ ਕੀਤਾ ਜਾ ਸਕਦਾ ਹੈ। ਇਸੇ ਗੱਲ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਭਲੀ ਭਾਂਤੀ ਸਪੱਸ਼ਟ ਕੀਤਾ ਹੈ।

### 2.1.3.8 ਸਿੱਖਿਅਕ ਘਾਲਣਾਵਾਂ (EDUCATIONAL EFFECTS):

ਅੰਗਰੇਜ਼ਾਂ ਦੇ ਰਾਜ ਵਿਚ ਅਤੇ ਸੈਕੂਲਰ ਭਾਰਤ ਵਿਚ ਸਿੱਖਿਆ ਨਾਲ ਕੀਤਾ ਹੋਇਆ ਤਜ਼ਰਬਾ ਇਹ ਸਿੱਧ ਕਰਦਾ ਹੈ ਕਿ ਸਾਡੀ ਸਿੱਖਿਅਕ ਪ੍ਰਣਾਲੀ ਨਾਲ ਸਾਡੀਆਂ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਕ ਸਮੱਸਿਆਵਾਂ ਨੂੰ ਪੂਰਨ ਭਾਂਤ ਹੱਲ ਨਹੀਂ ਕੀਤਾ ਜਾ ਸਕਦਾ। ਸਿੱਟਾ ਇਹ ਹੈ ਕਿ ਭਾਰਤੀ ਸਭਿਅਤਾ ਦਾ ਵਿਕਾਸ ਬੁਰਾਈ ਵਾਲੇ ਪਾਸੇ ਜਾ ਰਿਹਾ ਹੈ ਤੇ ਇਸ ਵਿਚ ਕਿਸੇ ਭਾਂਤ ਦਾ ਸੁਧਾਰ ਹੋਣ ਦੀ ਆਸ ਵੀ ਘੱਟ ਹੀ ਨਜ਼ਰ ਆਉਂਦੀ ਹੈ। 1996 ਵਿਚ "ਦਿ ਟ੍ਰਿਬਿਊਨ" ਵਿਚ ਚੰਡੀਗੜ ਦੇ ਸਕੂਲ ਦੇ ਬੱਚਿਆਂ ਬਾਬਤ ਲਿਖੇ ਹੋਏ ਵਿਸੇਸ਼ ਲੇਖਾਂ ਵਿਚ ਜੋ ਕਿ ਜੂਨ ਦੇ ਮਹੀਨੇ ਵਿਚ ਛਪੇ ਸੀ, ਇਹ ਖੋਲ੍ਹਕੇ ਦੱਸਿਆ ਗਿਆ ਹੈ ਕਿ ਸਾਡੇ ਸਕੂਲਾਂ ਵਿਚ ਲੜਕੀਆਂ ਕਾਫੀ ਗਿਣਤੀ ਵਿਚ ਗਰਭਵਤੀ ਹੋ ਰਹੀਆਂ ਹਨ, ਕਾਮ ਵਾਸਨਾ ਬਹੁਤ ਹੈ, ਬੱਚੇ ਚੋਰੀ ਨਸ਼ੇ, ਛੁਰੇਬਾਜ਼ੀ, ਲੜਾਈਆਂ, ਅਧਿਆਪਕਾਂ ਦੀ ਮਾਰ ਕੁਟਾਈ, ਇਮਤਿਹਾਨ ਵਿਚ ਤਾਨਾਸ਼ਾਹੀ ਨਾਲ ਨਕਲ ਤੇ ਮਾਂ ਬਾਪ ਤੋਂ ਨਿਡਰ ਹਨ, ਤੇ ਇਹ ਸਮੱਸਿਆ ਹਰ ਰੋਜ ਹੋਰ ਵੀ ਗੰਭੀਰ ਹੋ ਰਹੀ ਹੈ। ਇਹ ਹੀ ਹਾਲ ਪੰਜਾਬ, ਹਰਿਆਣਾ, ਯੂ.ਪੀ. ਹੀ ਨਹੀਂ ਸਗੋਂ ਸਾਰੇ ਭਾਰਤ ਦੇ ਸਕੂਲਾਂ ਦਾ ਹੈ। ਅਸੀਂ ਸਿੱਖਿਆ ਦੇ ਢਾਂਚੇ (Structure) ਵਿਚ ਕਈ ਵਾਰ ਤਬਦੀਲੀਆਂ ਕਰਕੇ ਦੇਖ ਲਿਆ ਹੈ ਤੇ ਇਸ ਵਿਚੋਂ ਕੋਈ ਲਾਭ ਨਹੀਂ ਹੋਇਆ। ਇੰਝ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਤਬਦੀਲੀਆਂ ਤੋਂ ਬਾਅਦ ਵੀ ਅਸੀਂ ਉਥੇ ਹੀ ਖੜ੍ਹੇ ਹਾਂ ਜਿਥੇ ਕਿ ਅਸੀਂ ਇਨ੍ਹਾਂ ਤੋਂ ਪਹਿਲਾਂ ਖੜ੍ਹੇ ਸੀ। ਇਨ੍ਹਾਂ ਤਬਦੀਲੀਆਂ ਦੇ ਲੈ ਆਉਣ ਲਈ ਭਾਰਤ ਨੇ ਯੂ. ਐਸ. ਏ., ਯੂ. ਕੇ., ਰੂਸ ਤੇ ਜਪਾਨ ਦੇ ਤਜ਼ਰਬਿਆਂ ਤੋਂ ਲਾਭ ਉਠਾਉਣਾ ਚਾਹਿਆ ਸੀ, ਪਰ ਇਸ ਵਿਚ ਕੋਈ ਵਧੀਆ ਤਬਦੀਲੀ ਨਹੀਂ ਆਈ। ਇਸ ਬਾਬਤ ਸੈਡਲਰ (Sadler) ਜੋ ਕਿ ਤੁਲਨਾਤਮਿਕ ਸਿੱਖਿਆ ਦਾ ਪਿਤਾਮਾ ਮੰਨਿਆ ਜਾਂਦਾ ਹੈ, ਨੇ ਲਿਖਿਆ ਹੈ :

"ਅਸੀਂ ਖੁਸ਼ੀ-ਖੁਸ਼ੀ ਦੁਨੀਆਂ ਭਰ ਦੇ ਦੇਸ਼ਾਂ ਦਾ ਭਰਮਣ ਉਸ ਬੱਚੇ ਵਾਂਗ ਨਹੀਂ ਕਰ ਸਕਦੇ ਜੋ ਕਿ ਬਾਗ ਵਿਚ ਸੈਰ ਕਰਦਿਆਂ ਹੋਇਆਂ ਕਿਸੇ ਇਕ ਬੂਟੇ ਦੀ ਟਾਹਣੀ ਲੈ ਲੈਂਦਾ ਹੈ ਤੇ ਦੂਸਰੇ ਬੂਟੇ ਦੇ ਪੱਤੇ ਚੁਣ ਲੈਂਦਾ ਹੈ ਅਤੇ ਇਹ ਸੋਚਦਾ ਹੈ ਕਿ ਉਹ ਘਰ ਜਾ ਕੇ ਇਨ੍ਹਾਂ ਨੂੰ ਜੋੜ ਕੇ ਮਿੱਟੀ ਵਿਚ ਲਗਾ ਦੇਵੇਗਾ ਤੇ ਇਕ ਸੁੰਦਰ ਬੂਟਾ ਬਣ ਜਾਵੇਗਾ। ਕਿਸੇ ਦੇਸ਼ ਦਾ ਸਿੱਖਿਆ ਦਾ ਸਿਸਟਮ ਇਕ ਜੀਉਂਦੀ ਜਾਗਦੀ ਚੀਜ਼ ਹੁੰਦਾ ਹੈ ਜਿਸ ਦਾ ਆਧਾਰ ਸਦੀਆਂ ਦੀਆਂ ਉਹ ਘਾਲਣਾਵਾਂ ਦਾ ਆਧਾਰ ਹੁੰਦਾ ਹੈ ਜਿਨਾਂ ਨੂੰ ਅਸੀਂ ਭੁੱਲ ਵੀ ਚੁੱਕੇ ਹੁੰਦੇ ਹਾਂ। ਇਸ ਵਿਚ ਕੌਮੀ ਕੀਮਤਾਂ ਦਾ ਗੁੱਝਾ ਹੋਇਆ ਭੇਦ ਵੀ ਹੁੰਦਾ ਹੈ ਜੋ ਕਿ ਕੌਮੀ ਪੱਧਰ ਦੀਆਂ ਕੀਮਤਾਂ ਨੂੰ ਡਿੱਗਣ ਤੋਂ ਬਚਾਉਂਦਾ ਹੈ।"

ਇਸ ਸਥਿਤੀ ਦੇ ਹੁੰਦਿਆਂ ਹੋਇਆਂ ਵੀ ਸਾਡੇ ਯੋਜਨਾ ਕਰਨ ਵਾਲੇ, ਸਿੱਖਿਆ ਨਿਰਣਾ ਦਾਤਾ, ਫ਼ਲਸਫ਼ਾਕਾਰ, ਸਿਆਸਤਦਾਨ ਅਤੇ ਮਨੋਵਿਗਿਆਨੀ, ਆਪਣੀਆਂ ਸਿੱਖਿਆ ਦੀਆਂ ਸਮੱਸਿਆਵਾਂ ਦਾ ਹੱਲ ਪੱਛਮੀ ਫਲਸਫਾਕਾਰਾਂ ਦੇ ਫਲਸਫੇ ਵਿਚੋਂ ਹੀ ਲੱਭਣ ਦਾ ਯਤਨ ਕਰਦੇ ਰਹੇ ਹਨ ਜਿਸ ਦੇ ਸਿੱਟੇ ਅਧੂਰੇ ਹੀ ਨਿਕਲਦੇ ਰਹੇ ਹਨ ਤੇ ਸਥਿਤੀ ਹੋਰ ਵੀ ਖਰਾਬ ਹੁੰਦੀ ਰਹੀ ਹੈ। ਹੁਣ ਕੌਮੀ ਪੱਧਰ ਤੇ ਅਸੀਂ ਬੇਈਮਾਨ ਹਾਂ, ਝੂਠੇ ਹਾਂ, ਗਿਰੇ ਹੋਏ ਇਨਸਾਨ ਹਾਂ, ਤੇ ਨੀਚ ਹਾਂ। ਜੋ ਵੀ ਕੌਮੀ ਕੀਮਤਾਂ ਸਾਨੂੰ ਧਾਰਮਿਕ ਆਗੂਆਂ ਜਿਸ ਤਰ੍ਹਾਂ ਕਿ ਭਗਵਾਨ ਰਾਮ, ਕ੍ਰਿਸ਼ਨ, ਬੁੱਧ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਨੇ ਸਥਾਪਿਤ ਕੀਤੀਆਂ ਸਨ, ਉਹ ਰੁੜ ਗਈਆਂ ਹਨ। ਸਾਡੇ ਨੇਤਾ ਵੋਟਾਂ ਲੈਣ ਲਈ ਕਿਸੇ ਵੀ ਬੁਰਾਈ ਨੂੰ ਅਪਨਾ ਸਕਦੇ ਹਨ। ਗੁਰੂ ਨਾਨਕ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚਲੀ ਲੀਕ ਨੂੰ ਏਨਾ ਮੱਧਮ ਕਰ ਦਿੱਤਾ ਸੀ ਕਿ ਉਹ ਉੱਚੀਆਂ ਕੀਮਤਾਂ ਵਿਚ ਵਿਸ਼ਵਾਸ ਰੱਖਣ ਲੱਗ ਗਏ ਸੀ। ਉਹ ਹਿੰਦੂਆਂ ਨੂੰ ਹਿੰਦੂ ਬਨਾਉਣਾ ਚਾਹੁੰਦੇ ਸੀ ਤੇ ਮੁਸਲਮਾਨਾਂ ਨੂੰ ਚੰਗਾ ਮੁਸਲਮਾਨ। ਸਿੱਖਿਆ ਇਕ ਖੁੰਢਾ ਹਥਿਆਰ ਹੈ ਤੇ ਬਾਕੀ ਦੇਸ਼ਾਂ ਦੀ ਨਕਲ ਨਾਲ ਕਦੇ ਤੇਜ ਨਹੀਂ ਹੋ ਸਕਿਆ। ਪੱਛਮੀ ਫਲਸਫਾਕਾਰਾਂ ਦੀ ਸੋਚਣੀ ਇਸ ਦੇ ਹਾਲਾਤ ਨੂੰ ਸੁਧਾਰ ਨਹੀਂ ਸਕੀ। ਸਾਡੇ ਅਜੋਕੇ ਸਿੱਖਿਅਕ ਫ਼ਲਸਫ਼ਾਕਾਰ ਇਸ ਵਿਚ ਸੁਧਾਰ ਨਹੀਂ ਲੈ ਆ ਸਕੇ। ਅਸਲ ਗੱਲ ਤਾਂ ਇਹ ਹੈ ਕਿ ਇਹ ਅਸਲ ਸ਼ਬਦਾਂ ਵਿਚ ਉਘੇ ਫ਼ਲਸਫ਼ਾਕਾਰ ਨਹੀਂ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਸੋਚਣੀ ਨਹੀਂ ਹੈ ਸਗੋਂ ਉਨ੍ਹਾਂ ਨੇ ਪੱਛਮੀ ਫ਼ਲਸਫ਼ਾਕਾਰਾਂ ਤੋਂ ਹੀ ਕੁਝ ਸਿੱਖਿਆ ਹੈ ਤੇ ਆਪਣਾ ਆਪ ਸੰਕਲਪ ਨਹੀਂ ਬਨਾਇਆ। ਅਸਲੀਅਤ ਵਿਚ ਭਾਰਤੀ ਸਭਿਅਤਾ ਵਿਚੋਂ ਇਨ੍ਹਾਂ ਦੀ ਸੋਚਣੀ ਨਹੀਂ ਨਿਕਲੀ। ਇਹ ਵੀ ਠੀਕ ਹੈ ਕਿ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ। ਇਤਿਹਾਸ ਗਵਾਹ ਹੈ ਕਿ ਜਿੰਨ੍ਹਾਂ ਨੇ ਆਪਣੇ ਵਡੇਰਿਆਂ ਦੇ ਫਲਸਫੇ ਵੱਲ ਗਹੁ ਨਾਲ ਤੱਕਿਆ ਹੈ ਅਤੇ ਉਸ ਤੇ ਅਮਲ ਕੀਤਾ ਹੈ, ਉਹ ਹੀ ਸਫਲ ਹੋਏ ਹਨ। ਇਸ ਦਾ ਇਕ ਕਾਰਨ ਸ਼ਾਇਦ ਇਹ ਹੋਵੇ ਕਿ ਉਨ੍ਹਾਂ ਨੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਫ਼ਲਸਫ਼ੇ ਵਿਚੋਂ ਲੱਭਿਆ ਜੋ ਕਿ ਸਾਇੰਸ ਦੇ ਹੱਲ ਨਾਲੋਂ ਕਿਤੇ ਉੱਚਾ ਹੁੰਦਾ ਹੈ। ਇਹ ਹੱਲ ਏਨੇ ਚੰਗੇ ਹਨ ਕਿ ਇਨ੍ਹਾਂ ਨੂੰ ਨਾ ਸਿਰਫ ਭਾਰਤੀ ਸਥਿਤੀ ਵਿਚ ਹੀ ਲਾਗੂ ਕੀਤਾ ਜਾ ਸਕਦਾ ਹੈ ਸਗੋਂ ਦੁਨੀਆਂ ਭਰ ਵਿਚ ਲਾਗੂ ਕਰਕੇ ਦੇਖਿਆ ਜਾ ਸਕਦਾ ਹੈ।

ਹਾਲੇ ਤੱਕ ਨਾ ਸਿਰਫ ਭਾਰਤੀ, ਸਗੋਂ ਦੁਨੀਆਂ ਭਰ ਦੇ ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਵਾਲੇ ਫ਼ਲਸਫ਼ਾਕਾਰਾਂ ਨੇ ਇਸ ਖਜ਼ਾਨੇ ਨੂੰ ਲੱਭਣ ਦਾ ਜਾਂ ਇਸ ਤੋਂ ਫਾਇਦਾ ਉਠਾਉਣ ਦਾ ਯਤਨ ਨਹੀਂ ਕੀਤਾ, ਤਾਂ ਕਿ ਸਿੱਖਿਆ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ

ਲਈ ਇਸ ਤੋਂ ਲਾਭ ਉਠਾਇਆ ਜਾ ਸਕੇ। ਭਾਰਤ ਵਿਚ ਬਹੁਤ ਸਾਰੀਆਂ ਸਿੱਖਿਆ ਦੇ ਖੇਤਰ ਵਿਚ ਬਣਾਈਆਂ ਹੋਈਆਂ ਕਮੇਟੀਆਂ ਅਤੇ ਕਮਿਸ਼ਨ ਗੁਰੂ ਨਾਨਕ ਦੇ ਸੰਕਲਪ ਦੇ ਬਹੁਤ ਵਿਚਾਰਾਂ ਨੂੰ ਹੋਰ ਹੋਰ ਨਾਮ ਦੇ ਕੇ ਵਰਤਦੇ ਰਹੇ ਹਨ। ਅਜਿਹਾ ਕਰਨ ਵਿਚ ਵਾਧੂ ਦੀ ਮਿਹਨਤ ਲਗਦੀ ਰਹੀ ਹੈ। ਉਦਾਹਰਣ ਵਜੋਂ ਗੁਰੂ ਨਾਨਕ ਦੇ ਸੇਵਾ ਦੇ ਸੰਕਲਪ ਨੂੰ ਲਾਗੂ ਕਰਨ ਲਈ ਐਨ. ਐਸ. ਐਸ, ਗਰਲਜ਼ ਗਾਈਡ ਤੇ ਸਕਾਉਟਿੰਗ ਵਰਗੀਆਂ ਸਕੀਮਾਂ ਬਣਾਈਆਂ ਗਈਆਂ ਹਨ। ਪਰ ਉਹ ਬਹੁਤੀਆਂ ਕਾਰਗਰ ਨਹੀਂ ਹੋਇਆਂ ਹਨ। ਹੁਣ ਸਮਾਂ ਹੈ ਕਿ ਭਾਰਤੀ ਸਮਾਜ ਖਾਸ ਕਰਕੇ, ਤੇ ਦੁਨੀਆਂ ਆਮ ਕਰਕੇ, ਗੁਰੂ ਨਾਨਕ ਦੇ ਫਲਸਫੇ ਤੋਂ ਫਾਇਦਾ ਉਠਾ ਕੇ ਇਸ ਖੇਤਰ ਵਿਚ ਸੁਧਾਰ ਲੈ ਆਉਣ। ਲੋੜ ਹੈ ਕਿ ਆਚਰਨ ਉਸਾਰੀ, ਨੈਤਿਕਤਾ, ਸਮਾਜਿਕ ਤਾਣਾ ਬਾਣਾ, ਅਮਨ ਦੀ ਵਿਗੜਦੀ ਹੋਈ ਹਾਲਤ ਤੇ ਲੋਕਾਂ ਦਾ ਡਿਗਦਾ ਹੋਇਆ ਵਿਅਕਤੀਤਵ ਪੱਖ ਤੇ ਅਮਨ ਦੀ ਵਿਗੜਦੀ ਹੋਈ ਸਥਿਤੀ ਨੂੰ ਠੀਕ ਕਰਕੇ ਭਾਰਤ ਦੀ ਹਾਲਤ ਨੂੰ ਸੁਧਾਰਿਆ ਜਾਵੇ ਤੇ ਦੁਨੀਆਂ ਦੇ ਮਾਹੌਲ ਨੂੰ ਸੁਖਾਵਾਂ ਬਣਾਇਆ ਜਾਵੇ। ਅਜਿਹਾ ਕਰਨ ਲਈ ਗੁਰੂ ਨਾਨਕ ਦੇ ਸਿੱਖਿਅਕ ਫਲਸਫੇ ਤੋਂ ਬਹੁਤ ਉੱਚਾ ਸਹਾਰਾ ਮਿਲ ਸਕਦਾ ਹੈ। ਚੰਗਾ ਇਹ ਹੋਵੇਗਾ ਜੇਕਰ ਅਜਿਹਾ ਕਰਨ ਲਈ ਗੁਰੂ ਨਾਨਕ ਤੇ ਅਜਿਹੇ ਹੋਰ ਫ਼ਲਸਫ਼ਾਕਾਰਾਂ ਨੂੰ ਭਲੀ ਭਾਂਤੀ ਸਮਝਿਆ ਜਾਵੇ ਤੇ ਉਨ੍ਹਾਂ ਦੀਆਂ ਸੋਚਣੀਆਂ ਨੂੰ ਸਿੱਖਿਆ ਦੇ ਖੇਤਰ ਵਿਚ ਲਾਗੂ ਵੀ ਕੀਤਾ ਜਾਵੇ।

**ਛੋਟੇ ਉੱਤਰਾਂ ਵਾਲੇ ਪ੍ਰਸਨ:**

ਪ੍ਰ.1 ਗੁਰੂ ਨਾਨਕ ਦੇਵ ਜੀ ਅਨੁਸਾਰ ਸਿਖਾਉਣ ਦੇ ਢੰਗਾਂ ਬਾਰੇ ਦੱਸੋ?

..............................................................................................................

..............................................................................................................

ਪ੍ਰ.2 ਵਿਵੇਕਾਨੰਦ ਜੀ ਦੁਆਰਾ ਨਿਧਾਰਤ ਪਾਠਕ੍ਰਮ ਦੀ ਵਿਆਖਿਆ ਕਰੋ?

..............................................................................................................

..............................................................................................................

2.1.3.9 **ਸਾਰ (Summary) :** ਗੁਰੂ ਨਾਨਕ ਨੇ ਆਪਣੀਆਂ ਕ੍ਰਿਤਾਂ ਵਿਚ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਸਿੱਖਿਆ ਦਾ ਪੂਰਨ ਫ਼ਲਸਫ਼ਾ ਦਿੱਤਾ ਹੈ। ਫਰਕ ਸਿਰਫ ਏਨਾ ਹੈ ਕਿ ਉਨ੍ਹਾਂ ਨੂੰ ਆਪਣਾ ਸਿੱਖਿਆ ਫ਼ਲਸਫ਼ਾ ਕਿਸੇ ਇਕ ਸਥਾਨ ਤੇ ਇਕੱਠਾ ਨਹੀਂ ਉਲੀਕਿਆ, ਸਗੋਂ ਉਸ ਨੂੰ ਵੱਖ-ਵੱਖ ਥਾਵਾਂ ਤੇ ਥੋੜ੍ਹੇ-ਥੋੜ੍ਹੇ ਪੱਖ ਕਰਕੇ ਸਿਰਜਿਆ ਹੈ। ਇਸ ਨੂੰ ਇਕੱਠਾ ਕਰਕੇ ਜੇ ਦੇਖਿਆ ਜਾਵੇ ਤਾਂ ਇਹ ਇਕ ਸੰਪੂਰਨ ਸਿੱਖਿਆ ਫ਼ਲਸਫ਼ਾ ਬਣ ਜਾਂਦਾ ਹੈ ਜੋ ਕਿ ਸਿੱਖਿਆ ਦੇ ਸਾਰੇ ਦੇ ਸਾਰੇ ਮਹੱਤਵਪੂਰਨ ਅੰਸ਼ਾ ਨੂੰ ਭਲੀ ਭਾਂਤੀ ਛੋਹਦਾ ਹੈ। ਉਨ੍ਹਾਂ ਨੇ ਨਾ ਸਿਰਫ ਇਸ ਦੀ ਵਿਆਖਿਆ ਹੀ ਕੀਤੀ ਹੈ, ਸਗੋਂ ਉਸ ਵਿਚ ਸਿੱਖਿਅਕ ਸਮੱਸਿਆਵਾਂ ਦੇ ਉਹ ਹੱਲ ਵੀ ਦਸੇ ਹਨ ਜੋ ਕਿ ਅੱਜ ਵੀ ਉਨੀ ਹੀ ਮਹੱਤਤਾ ਰਖਦੇ ਹਨ ਜਿੰਨੀ ਕਿ ਉਸ ਸਮੇਂ ਰਖਦੇ ਸਨ। ਲੋੜ ਹੁਣ ਇਹ ਹੈ ਕਿ ਸਿਖਿਆ ਦੇ ਇਸ ਅਨਮੋਲ ਖਜ਼ਾਨੇ ਨੂੰ ਖੋਜ ਕੇ ਭਾਰਤ ਦੇ ਸਿੱਖਿਅਕ ਫਲਸਫੇ ਨੂੰ ਸੇਧ ਪ੍ਰਦਾਨ ਕੀਤੀ ਜਾਵੇ।

### 2.1.4 ਸੁਝਾਏ ਪ੍ਰਸ਼ਨ (Suggested Questions) :

1. "ਗੁਰੂ ਨਾਨਕ ਇਕ ਉੱਚ ਕੋਟੀ ਦੇ ਸਿੱਖਿਅਕ ਚਿੰਤਕ ਸੀ।" ਚਰਚਾ ਕਰੋ।
2. ਹੇਠ ਲਿਖਿਆਂ ਤੇ ਨੋਟ ਲਿਖੋ :
   (ੳ) ਗੁਰੂ ਨਾਨਕ ਅਤੇ ਪੜ੍ਹਾਉਣ ਦੀਆਂ ਵਿਧੀਆਂ।
   (ਅ) ਗੁਰੂ ਨਾਨਕ ਅਤੇ ਸਿੱਖਿਆ ਦੇ ਉਦੇਸ਼।
3. ਸੁਆਮੀ ਵਿਵੇਕਾਨੰਦ ਦੇ ਵਿਦਿਅਕ ਫ਼ਲਸਫ਼ੇ ਤੇ ਇਕ ਲੇਖ ਲਿਖੋ।
4. ਸੁਵਾਮੀ ਵਿਵੇਕਾਨੰਦ ਦੀ ਸਿੱਖਿਅਕ ਫ਼ਲਸਫੇ ਦੇ ਮੁੱਖ ਸਿਧਾਤਾਂ ਦੀ ਵਿਆਖਿਆ ਕਰੋ।

### 2.1.5 ਮੁੱਖ ਸੰਕਲਪ

1. ਪਾਠਕ੍ਰਮ ਕਿਸੇ ਸਕੂਲ ਜਾਂ ਕਿਸੇ ਖਾਸ ਕੋਰਸ ਜਾ ਪ੍ਰੋਗਰਾਮ ਵਿਚ ਪੜ੍ਹਾਏ ਗਏ ਪਾਠਾਂ ਅਤੇ ਅਕਾਦਮਿਕ ਸਮੱਗਰੀ ਦਾ ਹਵਾਲਾ ਦਿੰਦਾ ਹੈ। ਪਾਠਕ੍ਰਮ ਯੋਜਨਬੱਧ ਤਜਰਬਿਆਂ ਦਾ ਇਕ ਮਿਆਰ ਅਧਾਰਿਤ ਕ੍ਰਮ ਹੈ ਜਿਥੇ ਵਿਦਿਆਰਥੀ ਅਭਿਆਸ ਕਰਦੇ ਹਨ ਅਤੇ ਸਮੱਗਰੀ ਸਿੱਖਣ ਦੇ ਹੁਨਰ ਵਿਚ ਮੁਹਾਰਤ ਹਾਸਲ ਕਰਦੇ ਹਨ।
2. ਅਨੁਸਾਸਨ- ਇੱਕ ਨਿਯੰਤਰਿਤ ਤਰੀਕੇ ਨਾਲ ਵਿਹਾਰ ਕਰਨ ਅਤੇ ਕੰਮ ਕਰਨ ਦੇ ਯੋਗ ਹੋਣ ਦੀ ਗੁਣਵੱਤਾ ਜਿਸ ਵਿਚ ਖਾਸ ਨਿਯਮਾਂ

ਜਾਂ ਮਿਆਰਾਂ ਦੀ ਪਾਲਣਾ ਕਰਨਾ ਸਾਮਲ ਹੁੰਦਾ ਹੈ।

3. ਉਦੇਸ- ਪ੍ਰਾਪਤ ਕਰਨ ਦਾ ਇਰਾਦਾ ਰੱਖੋ।

### 2.1.6 ਸਵੈ ਮੁਲਾਂਕਣ ਲਈ ਪ੍ਰਸ਼ਨ (Questions for Self Evaluation):

1. ਗੁਰੂ ਨਾਨਕ ਨੇ ਇਕ ਸੰਪੂਰਨ ਸਿੱਖਿਆ ਫ਼ਲਸਫ਼ਾ ਪ੍ਰਦਾਨ ਕੀਤਾ ਹੈ। ਹਾਂ/ਨਹੀਂ
2. ਗੁਰੂ ਨਾਨਕ ਇਕ ਉੱਘੇ ਸਿੱਖਿਆ ਫ਼ਲਸਫ਼ਾਕਾਰ ਸਨ। ਹਾਂ/ਨਹੀਂ
3. ਗੁਰੂ ਨਾਨਕ ਦੇ ਸਿੱਖਿਆ ਫ਼ਲਸਫ਼ੇ ਦਾ ਮੂਲ ਉਦੇਸ਼ ਸੁੱਚਾ ਜੀਵਨ ਬਤੀਤ ਕਰਨਾ ਸੀ। ਹਾਂ/ਨਹੀਂ
4. ਗੁਰੂ ਨਾਨਕ ਨੇ ਕ੍ਰਿਤ ਤੇ ਜ਼ੋਰ ਨਹੀਂ ਦਿੱਤਾ। ਹਾਂ/ਨਹੀਂ
5. ਗੁਰੂ ਨਾਨਕ ਨੇ ਪੜ੍ਹਾਉਣ ਲਈ ਸੋਚਣ ਦੇ ਸਾਰੇ ਪੱਖਾਂ ਨੂੰ ਨਹੀਂ ਵਰਤਿਆ। ਹਾਂ/ਨਹੀਂ
6. ਗੁਰੂ ਨਾਨਕ ਨੇ ਕੌਮੀ ਏਕਤਾ ਨੂੰ ਨਹੀਂ ਛੋਹਿਆ। ਹਾਂ/ਨਹੀਂ
7. ਗੁਰੂ ਨਾਨਕ ਨੇ ਅੰਤਰ ਰਾਸ਼ਟਰੀ ਸਿੱਖਿਆ ਤੇ ਜ਼ੋਰ ਨਹੀਂ ਦਿੱਤਾ। ਹਾਂ/ਨਹੀਂ
8. ਗੁਰੂ ਨਾਨਕ ਦੇ ਸਿੱਖਿਆ ਸਮੱਸਿਆਵਾਂ ਦੇ ਹੱਲ ਸਰਬ ਵਿਆਪੀ ਹਨ। ਹਾਂ/ਨਹੀਂ
9. ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਘੋਖ ਕੇ ਸੰਪੂਰਨ ਭਾਂਤ ਸਪੱਸ਼ਟ ਕਰਨ ਦੀ ਲੋੜ ਹੈ। ਹਾਂ/ਨਹੀਂ
10. ਭਾਰਤ ਨੂੰ ਗੁਰੂ ਨਾਨਕ ਦੇ ਸਿੱਖਿਆ ਫ਼ਲਸਫ਼ੇ ਤੇ ਜ਼ੋਰ ਦੇਣਾ ਚਾਹੀਦਾ ਹੈ। ਹਾਂ/ਨਹੀਂ

ਕੁੰਜੀ : **(1) ਹਾਂ (2) ਹਾਂ (3) ਹਾਂ (4) ਨਹੀਂ (5) ਨਹੀ (6) ਨਹੀਂ (7) ਨਹੀਂ (8) ਹਾਂ (9) ਹਾਂ (10) ਹਾਂ**

### 2.1.7 ਸੁਝਾਏ ਸਵਾਲ

1. ਸਵਾਮੀ ਵਿਵੇਕਾਨੰਦ ਦੇ ਸਿੱਖਿਆ ਅਤੇ ਵਿਚਾਰਾ ਦਾ ਵੇਵਰਾ ਦਿਉ
2. ਇੱਕ ਸਿੱਖਿਆ ਵਜੋਂ ਸਵਾਮੀ ਵਿਵੇਕਾਨੰਦ ਦੀ ਮਹੱਤਤਾ ਬਾਰੇ ਚਰਚਾ ਕਰੋ।
3. ਆਪਣੇ ਸਬਦਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਵਿਦਿਅਕ ਦਰਸਨ ਦਾ ਵਰਣਨ ਕਰੋ।

### 2.1.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ (Suggested Books and Web Sources):


1. ਟੀ. ਐਸ. ਸੋਢੀ ਅਤੇ ਅਰੁਣਾ ਸੂਰੀ : ਫ਼ਿਲਾਸਫ਼ੀਕਲ ਐਂਡ ਸੋਸ਼ੋਲੋਜ਼ੀਕਲ ਫਾਉਂਡੇਸ਼ਨਜ਼ ਆਫ਼ ਐਜੂਕੇਸ਼ਨ, ਬਾਵਾ ਪਬਲੀਕੇਸ਼ਨਜ਼, ਪਟਿਆਲਾ 2005
2. ਟੀ. ਐਸ. ਸੋਢੀ : ਐਜੂਕੇਸ਼ਨਲ ਫ਼ਿਲਾਸਫ਼ੀ ਆਫ਼ ਗੁਰੂ ਨਾਨਕ, ਬਾਵਾ ਪਬਲੀਕੇਸ਼ਨਜ਼, ਪਟਿਆਲਾ
3. ਪ੍ਰੀਤਮ ਸਿੰਘ : ਗੁਰੂ ਨਾਨਕ ਆਰਟ ਆਫ਼ ਟੀਚਿੰਗ ਦ ਸਿੱਖ ਰੀਵੀਊ, ਜੁਲਾਈ 1970
4. ਕੇ. ਐਸ. ਕਾਹਲੋਂ : ਐਜੂਕੇਸ਼ਨਲ ਇੰਮਪਲੀਕੇਸ਼ਨਜ਼ ਆਫ਼ ਗੁਰੂ ਨਾਨਕ ਦੇਵ ਕੰਸੈਪਟ ਆਫ਼ ਮੈਨ ; ਮਾਡਲ ਟਾਊਨ, ਪਟਿਆਲਾ, 2005।
5. ਡਾ.ਟੀ. ਐਸ. ਸੋਢੀ ਅਤੇ ਡਾ. ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ, ਬਾਵਾ ਪਬਲੀਕੇਸ਼ਨਜ਼, ਪਟਿਆਲਾ
6. ਗਰੋਵਰ, ਵਰਿੰਦਰ : ਸੁਵਾਮੀ ਵਿਵੇਕਾਨੰਦ (ਪੋਲੀਟਿਕਲ ਥਿੰਕਰਜ਼ ਆਫ ਮਾਡਰਨ ਇੰਡੀਆ


**ਨੋਟ : ਇਹ ਪਾਠ D.E.C. ਦੀ ਵਿਤੀ ਸਹਾਇਤਾ ਨਾਲ ਲਿਖਿਆ ਗਿਆ।**

Web Sources:-


1. www. answers.com
2. India.gov.in
3. books.google.co.in
4. www. ehow.com

ਬੀ. ਐਡ. -ਭਾਗ ਪਹਿਲਾ
(ਸਮੈਸਟਰ ਪਹਿਲਾ)

ਪਰਚਾ ਪਹਿਲਾ
ਟੈਗੋਰ ਅਤੇ ਮਹਾਤਮਾ ਗਾਂਧੀ ਦਾ ਸਿੱਖਿਆ ਲਈ ਯੋਗਦਾਨ

ਪਾਠ ਨੰਬਰ: 2.2

ਲੇਖਕ : ਡਾ. ਆਰ.ਐਨ. ਸਫਾਇਆ

ਅਨੁਵਾਦ ਕਰਤਾ : ਡਾ. ਹਰਵਿੰਦਰ ਕੌਰ ਅਤੇ ਹਰਜੀਤਪਾਲ ਕੌਰ

2.2.1 ਪਾਠ ਦੇ ਉਦੇਸ਼
2.2.2 ਜਾਣ ਪਛਾਣ
2.2.3 ਰਾਬਿੰਦਰ ਨਾਥ ਟੈਗੋਰ ਦਾ ਸੰਖੇਪ ਵਿਚ ਚਰਿੱਤਰ
- 2.2.3.1 ਟੈਗੋਰ ਦਾ ਸਾਧਾਰਨ ਦਰਸ਼ਨ
- 2.2.3.2 ਟੈਗੋਰ ਦਾ ਸਿੱਖਿਆ ਦਰਸ਼ਨ
- 2.2.3.3 ਟੈਗੋਰ ਅਨੁਸਾਰ ਸਿੱਖਿਆ ਦੇ ਉਦੇਸ਼
- 2.2.3.4 ਪਾਠਕ੍ਰਮ
- 2.2.3.5 ਪੜ੍ਹਾਉਣ ਦੀ ਵਿਧੀ
- 2.2.3.6 ਸ਼ਾਂਤੀਨਿਕੇਤਨ ਅਤੇ ਵਿਸ਼ਵ ਭਾਰਤੀ

2.2.4 ਮਹਾਤਮਾ ਗਾਂਧੀ ਜੀ ਦੀ ਜੀਵਨੀ
- 2.2.4.2 ਗਾਂਧੀ ਜੀ ਦਾ ਫ਼ਲਸਫ਼ਾ
- 2.2.4.3 ਮਹਾਤਮਾ ਗਾਂਧੀ ਦੀ ਸਮਾਜਿਕ ਫ਼ਿਲਾਸਫ਼ੀ
- 2.2.4.4 ਗਾਂਧੀ ਜੀ ਦਾ ਵਿਦਿਅਕ ਫ਼ਲਸਫ਼ਾ
- 2.2.4.5 ਵਾਰਧਾ ਸਕੀਮ ਤੇ ਨਵੀਂ ਤਾਲੀਮ

2.2.5 ਸਾਰ
2.2.6 ਮੁੱਖ ਸੰਕਲਪ
2.2.7 ਸਵੈ ਅਭਿਆਸ ਲਈ ਪ੍ਰਸ਼ਨ
2.2.8 ਸੁਝਾਏ ਪ੍ਰਸ਼ਨ
2.2.9 ਸੁਝਾਈਆਂ ਪੁਸਤਕਾਂ

## 2.2.1 ਪਾਠ ਦੇ ਉਦੇਸ਼:-

ਇਹ ਪਾਠ ਪੜ੍ਹਨ ਤੋਂ ਉਪਰੰਤ ਵਿਦਿਆਰਥੀ ਇਕ ਯੋਗ ਹੋ ਜਾਣਗੇ ਕਿ ਉਹ:

1) ਟੈਗੋਰ ਦਾ ਸਿੱਖਿਆ ਦਰਸ਼ਨ ਸਮਝ ਸਕਣ।
2) ਮਹਾਤਮਾ ਗਾਂਧੀ ਜੀ ਦੀ ਜੀਵਨੀ ਦਾ ਵਰਣਨ ਕਰ ਸਕਣ।
3) ਮਹਾਤਮਾ ਗਾਂਧੀ ਜੀ ਦੇ ਵਿਦਿਅਕ ਫ਼ਲਸਫ਼ੇ ਦੀ ਵਿਆਖਿਆ ਕਰ ਸਕਣ।

## 2.2.2 ਜਾਣ-ਪਛਾਣ (Introduction)

ਭਾਰਤ ਵਿੱਚ ਬਹੁਤ ਸਾਰੇ ਦਾਰਸ਼ਨਿਕ ਹੋਏ ਹਨ ਜਿਵੇਂ ਰਾਮਾਨੁਜ, ਸ਼ੰਕਰਾਚਾਰੀਆ, ਸੁਆਮੀ ਦਯਾ ਨੰਦ, ਗੁਰੂ ਨਾਨਕ, ਮਹਾਤਮਾ ਗਾਂਧੀ ਅਤੇ ਰਾਬਿੰਦਰ ਨਾਥ ਟੈਗੋਰ ਆਦਿ। ਇਨ੍ਹਾਂ ਦੀ ਵਿਚਾਰਧਾਰਾ ਨੇ ਨਾ ਕੇਵਲ

ਸਾਧਾਰਨ ਜੀਵਨ ਤੇ ਪ੍ਰਭਾਵ ਪਾਇਆ ਹੈ ਸਗੋਂ ਸਿੱਖਿਆ ਪ੍ਰਣਾਲੀ ਨੂੰ ਪ੍ਰਭਾਵਿਤ ਕੀਤਾ ਹੈ। ਰਾਬਿੰਦਰ ਨਾਥ ਟੈਗੋਰ ਦਾ ਨਾਂ ਭਾਰਤੀ ਸਿੱਖਿਆ ਦੇ ਇਤਿਹਾਸ ਦੇ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਹ ਮਹਾਨ ਕਵੀ, ਚਿੰਤਕ, ਚਿੱਤਰਕਾਰ, ਅਤੇ ਕਹਾਣੀਕਾਰ ਹੋਣ ਦੇ ਨਾਲ ਮਹਾਨ ਸਿੱਖਿਆ ਸ਼ਾਸਤਰੀ ਵੀ ਸੀ। ਟੈਗੋਰ ਦੁਆਰਾ ਲਿਖੀ ਪੁਸਤਕ 'ਗੀਤਾਂਜਲੀ' ਦਾ ਸੰਸਾਰ ਭਰ ਵਿਚ ਸੁਆਗਤ ਕੀਤਾ ਗਿਆ। ਸੰਨ 1912 ਵਿੱਚ ਉਸ ਨੂੰ ਸਾਹਿੱਤ ਦੇ ਖੇਤਰ ਵਿਚ ਨੋਬਲ ਪੁਰਸਕਾਰ ਦਿੱਤਾ ਗਿਆ। ਉਸ ਦੇ ਦਿਲ ਵਿੱਚ ਪ੍ਰਾਚੀਨ ਭਾਰਤੀ ਤੇਜ ਪ੍ਰਤਾਪ ਲਈ ਸਤਿਕਾਰ ਅਤੇ ਉਸਦੇ ਸੀਨੇ ਵਿੱਚ ਮਾਨਵਤਾ ਲਈ ਇਕ ਅਦੁੱਤੀ ਤੜਪ ਸੀ। ਟੈਗੋਰ ਇਨ੍ਹਾਂ ਉੱਚੇ ਆਦਰਸ਼ਾਂ ਦੀ ਪ੍ਰਾਪਤੀ ਲਈ ਸਿੱਖਿਆ ਨੂੰ ਇਕ ਮਹੱਤਵਪੂਰਨ ਸਾਧਨ ਸਮਝਦਾ ਸੀ। ਸੰਨ 1910 ਵਿੱਚ ਉਸ ਨੇ 'ਸ਼ਾਂਤੀ ਨਿਕੇਤਨ' ਸਕੂਲ ਸਥਾਪਿਤ ਕੀਤਾ ਅਤੇ ਸੰਨ 1918 ਵਿੱਚ ਇਸ ਸਕੂਲ ਨੂੰ ਅੰਤਰਰਾਸ਼ਟਰੀ ਯੂਨੀਵਰਸਿਟੀ ਵਿੱਚ ਬਦਲ ਦਿੱਤਾ। ਅੱਜ ਵੀ ਇਸ ਯੂਨੀਵਰਸਿਟੀ ਵਿੱਚ ਟੈਗੋਰ ਦੇ ਦੱਸੇ ਅਸੂਲਾਂ ਮੁਤਾਬਿਕ ਸਿੱਖਿਆ ਦਿੱਤੀ ਜਾਂਦੀ ਹੈ।

### 2.2.3 ਰਾਬਿੰਦਰ ਨਾਥ ਟੈਗੋਰ ਦਾ ਸੰਖੇਪ ਵਿੱਚ ਚਰਿੱਤਰ (Brief Life Sketch)

ਰਾਬਿੰਦਰ ਨਾਥ ਟੈਗੋਰ ਦਾ ਜਨਮ 7 ਮਈ, 1861 ਨੂੰ ਕਲਕੱਤੇ ਸ਼ਹਿਰ ਵਿੱਚ ਹੋਇਆ। ਉਸਦੇ ਪਿਤਾ ਦਾ ਨਾਮ ਮਹਾਂਰਿਸ਼ੀ ਦਵਿੰਦਰਨਾਥ ਟੈਗੋਰ ਸੀ ਜੋ ਕਿ ਮਹਾਨ ਬ੍ਰਹਮ ਸਮਾਜੀ ਨੇਤਾ ਸਨ। ਟੈਗੋਰ ਨੇ ਆਰੰਭਿਕ ਸਿੱਖਿਆ ਬੰਗਾਲ ਅਕੈਡਮੀ ਅਤੇ ਸੈਂਟ ਜ਼ੇਵੀਅਰ ਸਕੂਲ ਵਿੱਚ ਪ੍ਰਾਪਤ ਕੀਤੀ। 16 ਸਾਲ ਦੀ ਉਮਰ ਵਿਚ ਉਸ ਨੂੰ ਕਾਨੂੰਨ ਦੀ ਪੜ੍ਹਾਈ ਕਰਨ ਲਈ ਵਿਲਾਇਤ ਭੇਜਿਆ ਗਿਆ ਪਰ ਇਸ ਵਿਸ਼ੇ ਵਿੱਚ ਉਸ ਦੀ ਰੁਚੀ ਨਾ ਹੋਣ ਕਰਕੇ ਉਹ 1880 ਵਿੱਚ ਵਾਪਸ ਭਾਰਤ ਪਰਤ ਆਏ।

ਟੈਗੋਰ ਨੇ 9 ਸਾਲ ਦੀ ਉਮਰ ਵਿਚ ਹੀ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਕਵਿਤਾਵਾਂ, ਕਹਾਣੀਆਂ, ਨਾਟਕ ਅਤੇ ਨਾਵਲ ਲਿਖੇ। ਸੰਨ 1913 ਵਿੱਚ ਉਸ ਨੂੰ ਸਾਹਿਤ ਦੇ ਲਈ ਨੋਬਲ ਪੁਰਸਕਾਰ ਮਿਲਿਆ। ਉਸੇ ਸਾਲ ਉਸ ਨੂੰ ਕਲਕੱਤਾ ਅਤੇ ਲੰਡਨ ਯੂਨੀਵਰਸਿਟੀ ਤੋਂ ਡਾਕਟਰ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਸੰਨ 1915 ਵਿਚ ਟੈਗੋਰ ਨੂੰ 'ਸਰ' ਦਾ ਖਿਤਾਬ ਮਿਲਿਆ। ਪਰ 1919 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਭਿਆਨਕ ਸਾਕੇ ਤੋਂ ਦੁੱਖੀ ਹੋ ਕੇ ਟੈਗੋਰ ਨੇ 'ਸਰ' ਦਾ ਖਿਤਾਬ ਹਿੰਦ ਸਰਕਾਰ ਨੂੰ ਵਾਪਸ ਕਰ ਦਿੱਤਾ। ਦੇਸ਼ ਭਗਤ ਹੋਣ ਦੇ ਨਾਲ-ਨਾਲ ਉਹ ਇਕ ਮਹਾਨ ਕਲਾਕਾਰ, ਦਾਰਸ਼ਨਿਕ, ਸਿੱਖਿਆ ਸ਼ਾਸਤਰੀ ਅਤੇ ਕਰਮਯੋਗੀ ਸੀ। ਟੈਗੋਰ ਨੇ ਪ੍ਰਕਿਰਤੀ ਨੂੰ ਬਹੁਤ ਮਹੱਤਤਾ ਦਿੱਤੀ। ਬਚਪਨ ਤੋਂ ਉਸ ਨੂੰ ਕੁਦਰਤ ਨਾਲ ਪਿਆਰ ਸੀ। ਉਹ ਪ੍ਰਾਕਿਰਤੀ ਦੇ ਵੱਖ-ਵੱਖ ਰੂਪਾਂ ਨੂੰ ਪਰਮਾਤਮਾ ਦਾ ਰੂਪ ਸਮਝਦਾ ਸੀ। 7 ਅਗਸਤ, 1941 ਨੂੰ ਗੁਰਦੇਵ ਟੈਗੋਰ ਦਾ ਦਿਹਾਂਤ ਹੋ ਗਿਆ। ਟੈਗੋਰ ਦੀਆਂ ਇਹ ਰਚਨਾਵਾਂ ਬਹੁਤ ਪ੍ਰਸਿੱਧ ਹੋਈਆਂ:

1. ਸੰਧਿਆ ਸੰਗੀਤ, ਪ੍ਰਭਾਵ ਸੰਗੀਤ
2. ਕਲਪਨਾ ਸਿੰਧੂ ਐਂਡ ਦੀ ਰੈਕ
3. ਗੀਤਾਂਜਲੀ
4. ਲਿਪੀਕਾ ਅਤੇ ਮੁਕਤਧਾਰਾ

#### 2.2.3.1 ਟੈਗੋਰ ਦਾ ਸਾਧਾਰਨ ਦਰਸ਼ਨ (Tagore's General Philosophy)

ਬਚਪਨ ਤੋਂ ਹੀ ਟੈਗੋਰ ਪ੍ਰਕਿਰਤੀ ਨਾਲ ਬਹੁਤ ਪਿਆਰ ਕਰਦਾ ਸੀ। ਉਸ ਦਾ ਵਿਚਾਰ ਸੀ ਕਿ ਪ੍ਰਕਿਰਤੀ ਅਤੇ ਜੀਵਨ ਵਿੱਚ ਬਹੁਤ ਵੱਡੀ ਸਾਂਝ ਹੈ। ਉਹ ਮਹਾਨ ਦੇਸ਼ ਭਗਤ ਸੀ। ਉਸ ਨੇ ਵਿਦੇਸ਼ੀ ਅੰਦੋਲਨ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਉਸ ਦੇ ਜੀਵਨ ਫ਼ਲਸਫ਼ੇ ਤੇ ਕੁਝ ਸੰਸਥਾਵਾਂ ਅਤੇ ਕੁਝ ਵਿਅਕਤੀਆਂ ਦਾ ਪ੍ਰਭਾਵ ਪਿਆ। ਜਿਨ੍ਹਾਂ ਵਿਚ ਬ੍ਰਹਮ ਸਮਾਜ, ਆਰੀਆ ਸਮਾਜ ਅਤੇ ਰਹੱਸਵਾਦ, ਈਸ਼ਵਰ ਭਗਤੀ, ਰਾਜਾ ਰਾਮ ਮੋਹਨ ਰਾਏ, ਸੁਆਮੀ ਦਇਆ ਨੰਦ, ਰਾਮ ਕ੍ਰਿਸ਼ਨ ਪਰਮਹੰਸ ਦੇ ਨਾਂ ਵਰਣਨ ਯੋਗ ਹਨ। ਟੈਗੋਰ ਦੀ ਧਾਰਨਾ ਸੀ ਕਿ ਜੀਵਨ ਦਾ ਮੂਲ ਉਦੇਸ਼ ਪੂਰਨਤਾ (Fulness) ਦੀ ਪ੍ਰਾਪਤੀ ਹੈ ਅਤੇ ਇਹ ਪੂਰਨਤਾ ਇਕ ਰਾਸ਼ਟਰ ਦੀਆਂ ਹੱਦਾਂ ਵਿਚ ਰਹਿ

ਕੇ ਪ੍ਰਾਪਤ ਨਹੀਂ ਹੋ ਸਕਦੀ, ਸਗੋਂ ਇਸ ਲਈ ਵਿਸ਼ਵਬੰਧ ਦੀ ਲੋੜ ਹੈ। ਟੈਗੋਰ ਨੂੰ ਪ੍ਰਕਿਰਤੀਵਾਦੀ, ਮਾਨਵਵਾਦੀ, ਵਿਅਕਤੀਵਾਦੀ ਅਤੇ ਆਦਰਸ਼ਵਾਦੀ, ਦਾਰਸ਼ਨਿਕ ਕਿਹਾ ਜਾ ਸਕਦਾ ਹੈ।

ਰੂਸੋ ਦੀ ਤਰ੍ਹਾਂ ਟੈਗੋਰ ਪ੍ਰਕਿਰਤੀਵਾਦੀ ਸੀ। ਉਸ ਦਾ ਵਿਚਾਰ ਸੀ ਕਿ ਪ੍ਰਕਿਰਤੀ ਅਤੇ ਮਨੁੱਖ ਇਕ ਇਕਾਈ ਦੇ ਅਨਿਖੜਵੇਂ ਅੰਗ ਹਨ। ਉਸ ਨੇ ਪ੍ਰਕਿਰਤੀ ਦੇ ਵੱਖ-ਵੱਖ ਰੂਪਾਂ ਨੂੰ ਪਰਮਾਤਮਾ ਦਾ ਸਰੂਪ ਸਮਝਦਿਆਂ ਕਿਹਾ ਹੈ ਕਿ ਪਰਮਾਤਮਾ ਸਰਵ ਵਿਆਪੀ ਹੈ ਅਤੇ ਪ੍ਰਾਕਿਰਤੀ ਦੀ ਹਰ ਵਸਤੂ ਵਿੱਚ ਵਸਿਆ ਹੋਇਆ ਹੈ। ਟੈਗੋਰ ਨੂੰ ਵਿਅਕਤੀਵਾਦੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਹ ਵਿਅਕਤੀਗਤ ਸੁਤੰਤਰਤਾ ਦਾ ਹਾਮੀ ਸੀ ਅਤੇ ਉਸ ਦਾ ਵਿਚਾਰ ਸੀ ਕਿ ਵਿਅਕਤੀ ਨੂੰ ਆਪਣੀਆਂ ਸ਼ਕਤੀਆਂ ਅਨੁਸਾਰ ਪ੍ਰਫੁਲਿਤ ਹੋਣਾ ਚਾਹੀਦਾ ਹੈ। ਉਸਦਾ ਇਹ ਵੀ ਵਿਚਾਰ ਸੀ ਕਿ ਹਰ ਵਿਅਕਤੀ ਵਿੱਚ ਆਪਣੇ ਹੀ ਗੁਣ ਹੁੰਦੇ ਹਨ ਅਤੇ ਕੋਈ ਵਿਅਕਤੀ ਇਕੋ ਜਿਹੇ ਨਹੀਂ ਹੁੰਦੇ। ਵਿਅਕਤੀ ਦੇ ਸੁਤੰਤਰ ਵਿਕਾਸ ਨਾਲ ਹੀ ਮਾਨਵਜਾਤੀ ਵਿਚ ਏਕਤਾ ਲਿਆਂਦੀ ਜਾ ਸਕਦੀ ਹੈ।

ਟੈਗੋਰ ਆਦਰਸ਼ਵਾਦੀ ਵੀ ਸੀ। ਉਸ ਦੇ ਅਨੁਸਾਰ ਕੁਝ ਕੀਮਤਾਂ ਸਦੀਵੀਂ ਹਨ ਅਤੇ ਮਨੁੱਖ ਨੂੰ ਇਨ੍ਹਾਂ ਕੀਮਤਾਂ ਦੀ ਪ੍ਰਾਪਤੀ ਲਈ ਯਤਨ ਕਰਨੇ ਚਾਹੀਦੇ ਹਨ। ਵਧੇਰੇ ਭਾਰਤੀ ਰਿਸ਼ੀਆਂ ਮੁਨੀਆਂ ਵਾਂਗ ਟੈਗੋਰ ਇਸ ਗੱਲ ਨੂੰ ਵੀ ਮੰਨਦਾ ਸੀ ਕਿ ਵਿਅਕਤੀ ਅੰਤਿਮ ਸੱਚ (Ultimate Truth) ਲਈ ਜਿਉਂਦਾ ਹੈ ਜੋ ਉਸ ਨੂੰ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਦਿਵਾ ਕੇ ਈਸ਼ਵਰ ਨਾਲ ਮਿਲਾ ਦਿੰਦਾ ਹੈ। ਉਸ ਦੇ ਸ਼ਬਦਾਂ ਵਿੱਚ, ''ਆਉ ਅਸੀਂ ਆਪਣੇ ਈਸ਼ਵਰ ਨੂੰ ਲੱਭੀਏ, ਆਓ ਅਸੀਂ ਉਸ ਅੰਤਮ ਸੱਚ ਦੇ ਲਈ ਜੀਵੀਏ ਜੋ ਸਾਨੂੰ ਮਿੱਟੀ ਦੇ ਬੰਧਨ ਤੋਂ ਮੁਕਤ ਕਰਦਾ ਹੈ ਅਤੇ ਸਾਨੂੰ ਭੌਤਿਕ ਵਸਤਾਂ ਦੀ ਨਹੀਂ ਸਗੋਂ ਅੰਤਰ-ਪ੍ਰਕਾਸ਼, ਸ਼ਕਤੀ ਦੀ ਨਹੀਂ ਸਗੋਂ ਪ੍ਰੇਮ ਦੀ ਭਾਵਨਾ ਪ੍ਰਦਾਨ ਕਰਦਾ ਹੈ।

ਟੈਗੋਰ ਸਭ ਤੋਂ ਜ਼ਿਆਦਾ ਮਾਨਵਵਾਦੀ ਸੀ, ਕਿਉਂਕਿ ਉਸ ਨੇ ਅੰਤਰਰਾਸ਼ਟਰੀ ਮਿਲਵਰਤਨ ਅਤੇ ਸੂਝ-ਬੂਝ ਦੀ ਸਿੱਖਿਆ ਲਈ ਪ੍ਰੇਰਣਾ ਦਿੱਤੀ ਹੈ। ਉਸ ਨੇ ਸਮੁੱਚੀ ਮਨੁੱਖੀ ਜਾਤੀ ਦੇ ਭਲੇ ਲਈ ਕੰਮ ਕਰਨ ਦਾ ਆਗ੍ਰਿਹ ਕੀਤਾ ਹੈ। ਉਸ ਦਾ ਵਿਚਾਰ ਸੀ ਕਿ ਮਾਨਵਤਾ ਨੂੰ ਸਮਝਣ ਨਾਲ ਹੀ ਜੀਵਨ ਦੇ ਅੰਤਮ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਟੈਗੋਰ ਦੇ ਸ਼ਬਦਾਂ ਵਿੱਚ, ''ਮਾਨਵਤਾ ਹੀ ਯਥਾਰਥ ਹੈ, ਮਾਨਵਤਾ ਹੀ ਸੱਚ ਹੈ।'' ਟੈਗੋਰ ਦਾ ਵਿਸ਼ਵਾਸ ਸੀ ਕਿ ਹਰ ਵਿਅਕਤੀ ਨੂੰ ਅਧਿਆਤਮਿਕ ਪੂਰਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਨੇ ਸਮਾਜਿਕ ਵਿਵਸਥਾ ਮਨੁੱਖੀ ਭਾਈਚਾਰੇ ਅਤੇ ਅੰਤਰ-ਰਾਸ਼ਟਰੀ ਹੋਂਦ ਦੀ ਸਖਤ ਨਿੰਦਾ ਕੀਤੀ ਅਤੇ ਸਾਰੇ ਸੰਸਾਰ ਨੂੰ ਇਕ ਭਾਈਚਾਰਾ ਬਨਾਉਣ ਦਾ ਨਾਅਰਾ ਲਾਇਆ ਪਰ ਉਹ ਇਸ ਵਿੱਚ ਵਧੇਰੇ ਸਫਲ ਨਹੀਂ ਹੋ ਸਕਿਆ। ਕਿਉਂਕਿ 20ਵੀਂ ਸਦੀ ਦਾ ਆਰੰਭ ਮੂਲ ਰੂਪ ਵਿੱਚ ਰਾਸ਼ਟਰਵਾਦ ਸੀ।

ਟੈਗੋਰ ਨੇ ਭਾਰਤ ਦਰਸ਼ਨ ਨੂੰ ਬੜੀ ਡੂੰਘਿਆਈ ਤੋਂ ਪੜ੍ਹਿਆ ਅਤੇ ਉਸ ਨੇ ਵਿਸ਼ਵ ਭਰ ਨੂੰ ਮਾਨਵਤਾ ਦਾ ਸੁਨੇਹਾ ਦਿੱਤਾ ਹੈ। ਸਾਹਿੱਤ, ਦਰਸ਼ਨ ਸਿੱਖਿਆ ਤੇ ਕਲਾ ਵਿੱਚ ਉਸਦੀ ਦੇਣ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਖੇਤਰਾਂ ਵਿੱਚ ਉਸ ਨੇ ਅਮਰ ਨਾਮ ਪ੍ਰਾਪਤ ਕੀਤਾ ਅਤੇ ਦੁਨੀਆ ਦੀਆਂ ਨਜ਼ਰਾਂ ਵਿੱਚ ਭਾਰਤ ਦਾ ਨਾਂ ਉੱਚਾ ਕੀਤਾ।

### 2.2.3.2 ਟੈਗੋਰ ਦਾ ਸਿੱਖਿਆ ਦਰਸ਼ਨ (Tagore's Educational Philosophy)

ਟੈਗੋਰ ਦੀ ਸਿੱਖਿਅਕ ਵਿਚਾਰਧਾਰਾ ਟੈਗੋਰ ਦੀ ਦਾਰਸ਼ਨਿਕਤਾ ਤੇ ਹੀ ਆਧਾਰਿਤ ਹੈ। ਟੈਗੋਰ ਦਾ ਸਿੱਖਿਆ ਤੋਂ ਭਾਵ ਹੈ- ''ਮਨੁੱਖ ਦੀ ਸਦੀਵੀਂ ਸਚਾਈ ਦੀ ਭਾਲ ਵਿੱਚ ਸਹਾਇਤਾ ਕਰਨਾ।'' ਟੈਗੋਰ ਨੇ ਪਰੰਪਰਾਗਤ ਸਿੱਖਿਆ ਅਰਥਾਤ ਸਿੱਖਿਆ ਜੋ ਅੰਗ੍ਰੇਜ਼ੀ ਰਾਜ ਸਥਾਪਤ ਹੋਣ ਤੋਂ ਕੁਝ ਚਿਰ ਪਹਿਲਾਂ ਅਤੇ ਅੰਗਰੇਜ਼ੀ ਰਾਜ ਦੌਰਾਨ ਪ੍ਰਚਲਿਤ ਸੀ, ਦਾ ਵਿਰੋਧ ਕੀਤਾ ਹੈ। ਇਸ ਤਰ੍ਹਾਂ ਕਿ ਸਿੱਖਿਆ ਕੇਵਲ ਬੌਧਿਕ ਪੱਖ ਦੀ ਪ੍ਰਫੁੱਲਤਾ ਤੇ ਜ਼ੋਰ ਦਿੰਦੀ ਹੈ ਜਿਸ ਨਾਲ ਵਿਅਕਤਿਤਵ ਦੇ ਸਦਾਚਾਰਕ ਅਤੇ ਅਧਿਆਤਮਕ ਪੱਖ ਅਵਿਕਸਿਤ ਰਹਿ ਜਾਂਦੇ ਹਨ। ਆਲੋਚਨਾ, ਠੀਕ ਸਿੱਟੇ ਕੱਢਣਾ, ਨਿਰਣਾ ਕਰਨਾ, ਠੀਕ ਦਲੀਲ ਦੇਣਾ, ਤਜ਼ਰਬਾ ਕਰਨਾ ਆਦਿ ਪਰੰਪਰਾਗਤ ਸਿੱਖਿਆ ਘੱਟ

ਲਾਭਦਾਇਕ ਸੀ, ਇਹ ਸਿੱਖਿਆ ਯਾਦ ਕਰਨ ਦੀ ਸ਼ਕਤੀ ਤੱਕ ਸੀਮਤ ਸੀ। ਜਿਸ ਨੇ ਮਨੁੱਖ ਨੂੰ ਅਜਿਹਾ ਬਣਾ ਦਿੱਤਾ ਜਿਸ ਦਾ ਆਪਣੇ ਭੂਤ ਕਾਲ, ਸੰਸਕ੍ਰਿਤੀ ਅਤੇ ਇਤਿਹਾਸ ਨਾਲ ਸੰਬੰਧ ਟੁੱਟ ਚੁੱਕਾ ਹੋਵੇ। ਟੈਗੋਰ ਨੇ ਸਿੱਖਿਆ ਨੂੰ ਅਸਲੀ ਰੂਪ ਦਿੱਤਾ। ਉਸ ਦੇ ਸ਼ਬਦਾਂ ਵਿੱਚ, ਸੱਚੀ ਸਿੱਖਿਆ ਮਨੁੱਖ ਦੇ ਬੁਨਿਆਦੀ ਸੁਭਾਅ ਤੋਂ ਦਿਸਦੀ ਹੈ। ਉਹ ਫਿਰ ਕਹਿੰਦਾ ਹੈ, ''ਜੋ ਸਿੱਖਿਆ ਕੇਵਲ ਜਾਣਕਾਰੀ ਦਿੰਦੀ ਹੈ, ਉਸਨੂੰ ਉੱਚਤਮ ਸਿੱਖਿਆ ਨਹੀਂ ਕਿਹਾ ਜਾਂਦਾ। ਉੱਚਤਮ ਸਿੱਖਿਆ ਉਹ ਹੈ ਜਿਹੜੀ ਸਾਡੇ ਜੀਵਨ ਨੂੰ ਸਾਡੇ ਅਸਤਿੱਤਵ ਨਾਲ ਇਕ ਸੁਰ ਕਰ ਦਿੰਦੀ ਹੈ।''
ਟੈਗੋਰ ਅਨੁਸਾਰ ਸਿੱਖਿਆ ਦਾ ਮੂਲ ਉਦੇਸ਼ 'ਜੀਵਨ ਦੀ ਪੂਰਣਤਾ' ਵੱਲ ਵਧਣਾ ਹੈ ਤਾਂ ਜੋ ਸਿੱਖਿਆ ਬੱਚੇ ਨੂੰ ਅਜਿਹਾ ਮਨੁੱਖ ਬਣਾਉਣ ਵਿੱਚ ਸਹਾਈ ਹੋਵੇ ਜਿਸ ਨਾਲ ਉਸ ਦੀਆਂ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਵਿਕਾਸ ਉਸ ਹੱਦ ਤੱਕ ਹੋਇਆ ਹੋਵੇ ਜਿਸ ਤੱਕ ਸੰਭਵ ਹੋਵੇ ਅਤੇ ਨਾਲ ਹੀ ਉਸ ਵਿੱਚ ਸਮਾਜ ਦੇ ਪ੍ਰਤੀ ਸਮਾਜਿਕ ਧਾਰਨਾਵਾਂ ਵੀ ਪ੍ਰਫੁੱਲਤ ਹੋਈਆਂ ਹੋਣ ਜਿਸ ਦਾ ਉਹ ਇਕ ਮੈਂਬਰ ਹੈ। ਇਸ ਤਰ੍ਹਾਂ ਟੈਗੋਰ ਸਿੱਖਿਆ ਦੁਆਰਾ ਮਨੁੱਖੀ ਸ਼ਕਤੀਆਂ ਦਾ ਸੰਤੁਲਤ ਵਿਕਾਸ ਚਾਹੁੰਦਾ ਹੈ ਪਰ ਇਸ ਦੇ ਨਾਲ ਉਹ ਮਨੁੱਖ ਨੂੰ ਸਮਾਜ ਦੇ ਪ੍ਰਤੀ ਤਿਆਰੀ ਲਈ ਪ੍ਰੇਰਦਾ ਹੈ।

## ਟੈਗੋਰ ਦੇ ਸਿੱਖਿਆ ਦਰਸ਼ਨ ਦੇ ਮੁੱਖ ਸਿਧਾਂਤ (Main Principles of Tagore's Educational Philosophy)

ਟੈਗੋਰ ਦੇ ਸਿੱਖਿਆ ਦਰਸ਼ਨ ਦੇ ਮੁੱਖ ਪੰਜ ਸਿਧਾਂਤ ਹੇਠ ਲਿਖੇ ਹਨ:

### (i) ਸੁਤੰਤਰਤਾ (Freedom)

ਟੈਗੋਰ ਦੇ ਸਿੱਖਿਆ ਦਰਸ਼ਨ ਵਿੱਚ ਬੱਚੇ ਦੀ ਸੁਤੰਤਰਤਾ ਨੂੰ ਬੜੀ ਮਹੱਤਤਾ ਦਿੱਤੀ ਗਈ ਹੈ। ਟੈਗੋਰ ਦਾ ਮੱਤ ਸੀ ਕਿ ਬੱਚੇ ਨੂੰ ਪੂਰਨ ਸੁਤੰਤਰਤਾ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਪ ਹੀ ਪ੍ਰਕਿਰਤੀ ਵਿਚ ਸਿੱਖਿਆ ਪ੍ਰਾਪਤ ਕਰ ਸਕੇ। ਬੱਚੇ ਉਤੇ ਕੁਝ ਲੱਦਣ ਦੀ ਲੋੜ ਨਹੀਂ।ਕੁਦਰਤ ਦੀ ਗੋਦ ਵਿੱਚ ਬੱਚੇ ਦੇ ਪਾਲਣ ਪੋਸ਼ਣ ਰਾਹੀਂ ਉਸ ਨੂੰ ਆਪਣੇ ਆਪ ਸਾਰੇ ਬ੍ਰਹਿਮੰਡ ਵਿਚ ਇਕ ਸਾਂਝ ਪ੍ਰਤੀਤ ਹੁੰਦੀ ਹੈ। ਕੁਦਰਤ ਬੱਚੇ ਦੀ ਸੁਤੰਤਰਤਾ ਦੇ ਵਿਕਾਸ ਲਈ ਲੋੜੀਂਦਾ ਮਾਹੌਲ ਉਪਲਬੱਧ ਕਰਦੀ ਹੈ। ਟੈਗੋਰ ਦੇ ਸ਼ਬਦਾਂ ਵਿੱਚ ''ਸਿੱਖਿਆ ਦਾ ਸਿਰਫ ਇਹ ਹੀ ਅਰਥ ਅਤੇ ਨਿਸ਼ਾਨਾ ਹੈ ਅਤੇ ਉਹ ਹੈ, ਸੁਤੰਤਰਤਾ-ਵਿਸ਼ਵ ਦੇ ਨਿਯਮਾਂ ਅਤੇ ਅਗਿਆਨ ਤੋਂ ਸੁਤੰਤਰਤਾ ਅਤੇ ਮਨੁੱਖੀ ਜਗਤ ਦੇ ਆਪਸੀ ਸੰਬੰਧਾਂ ਵਿੱਚ ਪੱਖਪਾਤ ਤੋਂ ਸੁਤੰਤਰਤਾ।''
ਟੈਗੋਰ ਦਾ ਵਿਚਾਰ ਸੀ ਕਿ ਬਚਪਨ ਵਿੱਚ ਕੁਦਰਤ ਨਾਲ ਸੰਪਰਕ ਅਤੇ ਸੰਬੰਧ ਹੋਰ ਵੀ ਮਹੱਤਵਪੂਰਣ ਹੁੰਦਾ ਹੈ ਕਿਉਂਕਿ ਉਸ ਸਮੇਂ ਬੱਚੇ ਦਾ ਮਨ ਨਿਰਮਲ ਅਤੇ ਨਿਸ਼ਕਪਟ ਹੁੰਦਾ ਹੈ। ਕੁਦਰਤੀ ਵਾਤਾਵਰਣ ਵਿੱਚ ਉਸਦਾ ਕੁਦਰਤੀ ਵਿਕਾਸ ਹੁੰਦਾ ਹੈ। ਉਸ ਦੇ ਉਲਟ ਸ਼ਹਿਰੀ ਸਭਿਅਤਾ ਦੇ ਬੰਧਨਾਂ ਵਿੱਚ ਜੱਕੜੇ ਬੱਚੇ ਵਿੱਚ ਕੁਦਰਤੀ ਪਿਆਰ ਅਤੇ ਸਵੈ-ਇੱਛਤ ਕਿਰਿਆ ਦੀ ਸੰਭਾਵਨਾ ਘੱਟ ਹੁੰਦੀ ਹੈ। ਇਸ ਲਈ ਸਿੱਖਿਆ ਦਾ ਨਿਸ਼ਾਨਾ ਕੁਦਰਤ ਦੀ ਸੁਤੰਤਰਤਾ, ਉਸ ਦੇ ਅਧਿਆਤਮਕ ਪੱਖ ਅਤੇ ਇਕਸਾਰਤਾ ਵਿਚ ਬੱਚੇ ਦੀ ਦਿਲਚਸਪੀ ਵਧਾਉਣਾ ਹੈ ਇਸ ਤਰ੍ਹਾਂ ਬੱਚੇ ਵਿਚ ਕੁਦਰਤ ਦੇ ਪ੍ਰਤੀ ਅਤੇ ਅੰਤਰ ਵਿਚ ਗਿਆਨ ਦੇ ਪ੍ਰਤੀ ਵਿਹਾਰ ਵਿਕਸਤ ਹੁੰਦਾ ਹੈ।
ਟੈਗੋਰ ਨੇ ਅਧਿਆਪਕ ਨੂੰ ਬਹੁਤ ਮਹੱਤਵਪੂਰਨ ਥਾਂ ਦਿੱਤੀ ਹੈ ਕਿਉਂਕਿ ਉਸਦਾ ਕੰਮ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨਾ ਅਤੇ ਉਨ੍ਹਾਂ ਨੂੰ ਪ੍ਰੇਰਨਾ ਦੇਣਾ ਹੈ। ਅਧਿਆਪਕ ਵਿੱਚ ਬੱਚਿਆਂ ਦੀਆਂ ਭਾਵਨਾਵਾਂ, ਪ੍ਰਵਿਰਤੀ, ਰੁੱਚੀਆਂ ਅਤੇ ਸ਼ਕਤੀਆਂ ਨੂੰ ਸਮਝਣ ਦੀ ਯੋਗਤਾ ਹੋਣੀ ਚਾਹੀਦੀ ਹੈ। ਟੈਗੋਰ ਦੇ ਸ਼ਬਦਾਂ ਵਿੱਚ, ''ਜਦ ਤੱਕ ਅਧਿਆਪਕ ਆਪ ਨਾ ਸਿੱਖ ਰਿਹਾ ਹੋਵੇ ਤਦ ਤੱਕ ਉਹ ਅਸਲੀ ਅਰਥਾਂ ਵਿੱਚ ਪੜ੍ਹਾ ਨਹੀਂ ਸਕਦਾ। ਇਕ ਦੀਪਕ ਦੂਸਰੇ ਨੂੰ ਤਦ ਤੱਕ ਨਹੀਂ ਜਲਾ ਸਕਦਾ ਜਦ ਤੱਕ ਆਪ ਆਪਣੀ ਜੋਤ ਨੂੰ ਬਲਦਾ ਨਾ ਰੱਖੇ।''

ਟੈਗੋਰ ਦਾ ਵਿਚਾਰ ਸੀ ਕਿ ਅਧਿਆਪਕ ਪੜ੍ਹਾਉਣ ਸਮੇਂ ਆਪਣੀ ਵਿੱਦਵਤਾ ਜਾਂ ਸ਼ੇਸ਼ਟਤਾ ਨੂੰ ਭੁੱਲ ਜਾਵੇ ਅਤੇ ਆਪਣੀ ਕਲਪਨਾ ਅਤੇ ਅਨੁਭਵ ਤੋਂ ਕੰਮ ਲੈਂਦਿਆਂ ਬੱਚਿਆਂ ਨੂੰ ਬੱਚੇ ਦੇ ਪੱਧਰ ਉੱਪਰ ਆ ਕੇ ਪੜ੍ਹਾਵੇ । ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚੇ ਦਾ ਇਕ ਸਾਥੀ ਜਾਂ ਸਹਿਕਾਰੀ ਬਣ ਕੇ ਸਿੱਖਿਆ ਨੂੰ ਪ੍ਰਸਾਰਿਤ

ਕਰੇ। ਉਸ ਨੂੰ ਪੁਰਾਣੀਆਂ ਵਸਤਾਂ ਨਾਲ ਵਿਦਿਆਰਥੀਆਂ ਦੇ ਮਨ ਭਰ ਕੇ ਉਨ੍ਹਾਂ ਦੇ ਵਿਕਾਸ ਨੂੰ ਰੋਕਣਾ ਨਹੀਂ ਚਾਹੀਦਾ। ਉਸ ਨੂੰ ਕੇਵਲ ਪੁਸਤਕਾਂ ਜਾਂ ਲੈਕਚਰਾਂ ਦਾ ਹੀ ਸਹਾਰਾ ਲੈਣਾ ਚਾਹੀਦਾ ਹੈ ਸਗੋਂ ਬੱਚਿਆਂ ਨੂੰ ਗਿਆਨ ਦੀ ਪ੍ਰਾਪਤੀ ਮੂਲ ਸ੍ਰੋਤਾਂ ਦੁਆਰਾ ਕਰਵਾਉਣੀ ਚਾਹੀਦੀ ਹੈ। ਟੈਗੋਰ ਦੇ ਮਨ ਵਿੱਚ ਬੱਚਿਆਂ ਪ੍ਰਤੀ ਬਹੁਤ ਹਮਦਰਦੀ ਸੀ। ਉਸ ਦਾ ਵਿਚਾਰ ਸੀ ਕਿ ਬੱਚੇ ਨੂੰ ਅਧਿਕਾਰੀਆਂ ਦੁਆਰਾ ਦਬਾਇਆ ਨਹੀਂ ਜਾਣਾ ਚਾਹੀਦਾ ਸਗੋਂ ਬੱਚਿਆਂ ਨੂੰ ਸਕੂਲ ਵਿੱਚ ਵੱਧ ਤੋਂ ਵੱਧ ਸੁਤੰਤਰਤਾ ਦੇਣੀ ਚਾਹੀਦੀ ਹੈ। ਉਹ ਕਠੋਰ ਅਨੁਸ਼ਾਸਨ ਦਾ ਸਮਰਥਨ ਨਹੀਂ ਕਰਦਾ ਸੀ।

ਟੈਗੋਰ ਨੇ ਵਿਦਿਅਕ ਸੰਸਥਾ ਨੂੰ ਮੁੱਖ ਸਥਾਨ ਦਿੰਦੇ ਹੋਏ ਲਿਖਿਆ ਹੈ ਕਿ ''ਮੈਂ ਆਪਣੀ ਸੰਸਥਾ ਵਿਚ ਵੱਖ-ਵੱਖ ਵਿਸ਼ਿਆਂ ਦੀ ਸਿੱਖਿਆ ਤੋਂ ਇਲਾਵਾ ਵਧੇਰੇ ਜ਼ੋਰ ਸਕੂਲ ਦੇ ਵਾਤਾਵਰਣ ਤੇ ਦਿੱਤਾ ਹੈ ਅਤੇ ਇਸ ਨੂੰ ਸਕੂਲ ਪ੍ਰਕਿਰਿਆ ਵਿਚ ਇਕ ਮੂਲ ਥਾਂ ਪ੍ਰਦਾਨ ਕੀਤੀ ਹੈ ਜੇਕਰ ਸਕੂਲ ਵਿੱਚ ਇਕ ਵਾਰ ਅਜਿਹਾ ਵਾਤਾਵਰਣ ਪੈਦਾ ਹੋ ਜਾਂਦਾ ਹੈ ਤਾਂ ਬੱਚਿਆਂ ਨੂੰ ਹਰ ਵਿਸ਼ੇ ਦੀ ਸਿੱਖਿਆ ਲਈ ਆਪੇ ਹੀ ਉਤੇਜਨਾ ਮਿਲਦੀ ਹੈ।'' ਟੈਗੋਰ ਦਾ ਵਿਸ਼ਵਾਸ ਸੀ ਕਿ ਪ੍ਰਚਲਤ ਸਿੱਖਿਆ ਨੇ ਸਾਨੂੰ ਜੀਵਨ-ਸਰੋਤ ਤੋਂ ਨਿਖੇੜ ਕੇ ਸਕੂਲ ਦੀ ਚਾਰ ਦੀਵਾਰੀ ਵਿਚ ਬੰਦ ਕਰ ਦਿੱਤਾ ਹੈ। ਇਸ ਲਈ ਬੱਚੇ ਨੂੰ ਪੁਰਾਣੀ ਅਧਿਆਪਕ ਵਿਧੀ ਦੇ ਬੋਝ ਅਤੇ ਬੰਧਨਾਂ ਤੋਂ ਉਹ ਨਿਵਿਰਤ ਕਰਨਾ ਚਾਹੁੰਦਾ ਸੀ। ਟੈਗੋਰ ਨੂੰ ਬੱਚੇ ਦੀ ਸ਼ਖ਼ਸੀਅਤ ਤੇ ਵਿਸ਼ਵਾਸ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਹਰ ਇਕ ਬੱਚੇ ਦਾ ਸਿੱਖਿਆ ਪ੍ਰਬੰਧ ਵਿਅਕਤੀਗਤ ਭਿੰਨਤਾਵਾਂ ਦੇ ਆਧਾਰ ਤੇ ਹੋਣਾ ਚਾਹੀਦਾ ਹੈ। ਸਿੱਖਿਆ ਇਕ ਸੁਭਾਵਿਕ ਪ੍ਰਕਿਰਿਆ ਹੈ ਅਤੇ ਇਸ ਦਾ ਉਦੇਸ਼ ਪਰਮ ਸੱਚ ਦੀ ਪ੍ਰਾਪਤੀ ਅਤੇ ਸੰਪੂਰਨ ਸੁੰਦਰਤਾ ਨੂੰ ਮਾਨਣ ਲਈ ਬੱਚੇ ਦਾ ਸਹਾਇਕ ਹੋਣਾ ਹੈ।

### (ii) ਰਚਨਾਤਮਕ ਆਤਮ-ਪ੍ਰਗਟਾਅ (Creative Self-Expression)

ਟੈਗੋਰ ਦਾ ਵਿਚਾਰ ਸੀ ਕਿ ਸਾਡੀਆਂ ਰੁਚੀਆਂ ਦੀ ਪੂਰਤੀ ਤਾਂ ਹੀ ਹੋ ਸਕਦੀ ਹੈ ਜੇਕਰ ਸਾਨੂੰ ਆਪਣੇ ਵਿਚਾਰ ਸੁਤੰਤਰ ਰੂਪ ਵਿਚ ਪ੍ਰਗਟਾਉਣ ਦੀ ਪੂਰੀ ਖੁਲ੍ਹ ਹੋਵੇ। ਟੈਗੋਰ ਇਸ ਮੱਤ ਦਾ ਧਾਰਨੀ ਹੈ ਕਿ ਜੇਕਰ ਬੱਚੇ ਨੂੰ ਪ੍ਰਕ੍ਰਿਤੀ ਵਿਚ ਖੁੱਲ੍ਹੀ ਤਰ੍ਹਾਂ ਰਚਣ ਮਿਚਣ ਦਿੱਤਾ ਜਾਵੇ ਅਤੇ ਉਸ ਨੂੰ ਕਿਰਿਆਤਮਿਕ ਅਤੇ ਸਿਰਜਨਾਤਮਿਕ ਸ਼ਕਤੀਆਂ ਦੇ ਪ੍ਰਗਟਾਅ ਲਈ ਅਵਸਰ ਦਿੱਤੇ ਜਾਣ ਤਾਂ ਹੀ ਉਸਦੀ ਸਿੱਖਿਆ ਪੂਰੀ ਹੋ ਸਕਦੀ ਹੈ। ਸਿੱਖਿਆ ਦਾ ਉਦੇਸ਼ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਸਰੀਰਕ, ਬੌਧਿਕ, ਨੈਤਿਕ ਅਤੇ ਅਧਿਆਤਮਿਕ ਦਾ ਸਰਵਪੱਖੀ ਵਿਕਾਸ ਹੈ। ਇਸ ਉਦੇਸ਼ ਦੀ ਪੂਰਤੀ ਲਈ ਟੈਗੋਰ ਨੇ ਕਲਾਵਾਂ, ਸ਼ਿਲਪ ਕਲਾ, ਸੰਗੀਤ, ਚਿੱਤਰਕਲਾ, ਨਾਚ, ਨਾਟਕ ਆਦਿ ਸਿੱਖਿਆ ਦੇ ਜ਼ੋਰ ਦਿੰਦਿਆਂ ਕਿਹਾ ਹੈ ਕਿ, ''ਹੱਥ ਕਾਰਜ, ਸੰਗੀਤ ਅਤੇ ਕਲਾਵਾਂ ਸਾਡੀ ਡੂੰਘੀ ਪ੍ਰਕਿਰਤੀ ਅਤੇ ਅਧਿਆਪਕ ਮਹੱਤਤਾ ਦਾ ਸਵੈ-ਪ੍ਰਵਾਹ ਹਨ।''

### (iii) ਆਦਰਸ਼ਵਾਦੀ ਅਤੇ ਮਾਨਵਵਾਦੀ ਟੈਗੋਰ (Tagore as Idealist and Humanist)

ਟੈਗੋਰ ਇਕ ਮਹਾਨ ਆਦਰਸ਼ਵਾਦੀ ਸੀ ਕਿਉਂਕਿ ਉਸਦਾ ਵਿਚਾਰ ਸੀ ਕਿ ਕੁਝ ਕੀਮਤਾਂ ਸਦੀਵੀਂ ਹਨ ਅਤੇ ਮਨੁੱਖ ਨੂੰ ਉਨ੍ਹਾਂ ਕੀਮਤਾਂ ਦੀ ਪ੍ਰਾਪਤੀ ਲਈ ਯਤਨ ਕਰਨੇ ਚਾਹੀਦੇ ਹਨ। ਮਨੁੱਖ ਅੰਤਿਮ ਸੱਚ ਲਈ ਜਿਉਂਦਾ ਹੈ ਜੋ ਉਸ ਨੂੰ ਮਰਨ ਦੇ ਚੱਕਰ ਤੋਂ ਮੁਕਤੀ ਦਿਵਾ ਕੇ ਈਸ਼ਵਰ ਨਾਲ ਮਿਲਾ ਦਿੰਦਾ ਹੈ। ਟੈਗੋਰ ਆਪਣੇ ਆਦਰਸ਼ਵਾਦੀ ਨਿਸ਼ਚੇ ਤੋਂ ਪ੍ਰੇਰਿਤ ਹੋ ਕੇ ਪ੍ਰਕਿਰਤੀਵਾਦ ਨੂੰ ਇਕ ਸ੍ਰੇਸ਼ਟ ਰੂਪ ਦਿੰਦਾ ਹੈ। ਉਹ ਪਰੰਪਰਾਗਤ ਸਿੱਖਿਆ ਦਾ ਆਲੋਚਕ ਜ਼ਰੂਰ ਹੈ ਅਤੇ ਉਹ ਬੱਚੇ ਦੀ ਸਵੈ-ਕਿਰਿਆ ਅਤੇ ਸੁਤੰਤਰਤਾ ਦਾ ਸਮਰਥਕ ਵੀ ਹੈ ਅਤੇ ਸਿੱਖਣ ਕਿਰਿਆ ਵਿੱਚ ਅਧਿਆਪਕ ਦਾ ਬੇਲੋੜਾ ਦਖਲ ਦੇਣ ਦਾ ਵਿਰੋਧੀ ਵੀ ਹੈ ਪਰ ਨਿਰਸੰਦੇਹ ਟੈਗੋਰ ਦਾ ਪ੍ਰਕਿਰਤੀਵਾਦ ਆਦਰਸ਼ਵਾਦੀ ਰੰਗ ਵਿੱਚ ਰੰਗਿਆ ਹੋਇਆ ਹੈ।

ਪ੍ਰਕਿਰਤੀਵਾਦੀ ਅਤੇ ਆਦਰਸ਼ਵਾਦੀ ਟੈਗੋਰ ਅਧਿਆਤਮਵਾਦੀ (spiritualist) ਵੀ ਸੀ। ਉਸ ਦਾ ਵਿਸ਼ਵਾਸ ਸੀ ਕਿ ਹਰ ਇਕ ਵਿਅਕਤੀ ਨੂੰ ਪੂਰਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਲ ਉੱਤਮ ਸਮਾਜਿਕ ਵਿਵਸਥਾ, ਮਨੁੱਖੀ ਭਾਈਚਾਰਾ ਅਤੇ ਅੰਤਰ-ਰਾਸ਼ਟਰੀ ਭਾਈਚਾਰੇ ਦਾ ਵਿਕਾਸ ਹੋਵੇਗਾ। ਉਸਦਾ ਵਿਦਿਅਕ

ਸੰਸਥਾ ਖੋਲ੍ਹਣ ਦਾ ਮੁੱਖ ਉਦੇਸ਼ ਕੁਦਰਤ ਦੀ ਸੁੰਦਰਤਾ, ਉਸ ਦੇ ਅਧਿਆਤਮਕ ਪੱਖ ਅਤੇ ਇਕਸੁਰਤਾ ਵਿੱਚ ਬੱਚਿਆਂ ਦੀ ਦਿਲਚਸਪੀ ਵਧਾਉਣਾ ਹੈ।

ਟੈਗੋਰ ਸਭ ਤੋਂ ਵਧੇਰੇ ਮਾਨਵਵਾਦੀ ਸੀ। ਉਸਦਾ ਵਿਚਾਰ ਸੀ ਕਿ ਮਾਨਵਤਾ ਨੂੰ ਸਮਝਣ ਨਾਲ ਹੀ ਜੀਵਨ ਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਉਸ ਦੇ ਸ਼ਬਦਾਂ ਵਿੱਚ ''ਮਾਨਵਤਾ ਹੀ ਯਥਾਰਥ ਹੈ, ਮਾਨਵਤਾ ਹੀ ਸੱਚ ਹੈ।'' ਅਧਿਆਤਮਕ ਸੱਚ ਪੂਰਨਤਾ ਦੇ ਲਈ ਮਾਨਵਤਾ ਬਹੁਤ ਜ਼ਰੂਰੀ ਹੈ। ਇਥੋਂ ਤੱਕ ਵੀ ਪ੍ਰਮਾਤਮਾ ਵੀ ਸੰਸਾਰ ਦੀ ਪੂਰਨਤਾ ਦੇ ਲਈ ਮਨੁੱਖ ਤੇ ਨਿਰਭਰ ਕਰਦਾ ਹੈ। ਟੈਗੋਰ ਦੇ ਮੁਤਾਬਿਕ ਸਿੱਖਿਆ ਦਾ ਮੂਲ ਉਦੇਸ਼ ਮਨੁੱਖਾਂ, ਵਰਗਾਂ ਜਾਂ ਕੋਸ਼ਾਂ ਵਿੱਚ ਮਾਨਵਤਾ ਦੀ ਸਾਂਝ ਨੂੰ ਸਾਕਾਰ ਕਰਨਾ ਅਤੇ ਮਨੁੱਖਤਾ ਨੂੰ ਉਚਿਆਉਣਾ ਹੈ। ਮਨੁੱਖ ਹੀ ਸੱਚ, ਸੁੰਦਰਤਾ, ਚੰਗਿਆਈ ਆਦਿ ਕੀਮਤਾਂ ਦਾ ਨਿਰਮਾਣ ਕਰਦਾ ਹੈ। ਸੱਚ ਦੀ ਪ੍ਰਾਪਤੀ, ਸੁੰਦਰਤਾ ਦੀ ਪ੍ਰਸ਼ੰਸਾ ਜਾਂ ਉਸ ਤੋਂ ਉਪਜੀ ਪ੍ਰਸੰਨਤਾ ਮਨੁੱਖੀ ਜੀਵਨ ਰਾਹੀਂ ਹੀ ਸੰਭਵ ਹੈ। ਟੈਗੋਰ ਦੀ ਮਨੁੱਖ ਬਾਰੇ ਧਾਰਨਾ ਅਨੁਸਾਰ ਉਸ ਵਿੱਚ ਆਤਮਾ ਅਤੇ ਪ੍ਰਕਿਰਤੀ ਇਕ ਅਨਿਖੜਵੇਂ ਰੂਪ ਵਿੱਚ ਸੰਯੁਕਤ ਹਨ। ਉਸਦਾ ਖਿਆਲ ਹੈ ਕਿ ਧਾਰਨਾ ਮਨੁੱਖ ਨੂੰ ਭਰਪੂਰ ਅਤੇ ਨੇਕ ਜੀਵਨ ਲਈ ਪ੍ਰੇਰਦੀ ਹੈ। ਉਸ ਨੇ ਲਿਖਿਆ ਹੈ ਕਿ, ''ਜੇ ਪਰਮਾਤਮਾ ਨੂੰ ਮਿਲਣਾ ਹੈ ਤਾਂ ਪਸੀਨਾ ਚੁਆ ਕੇ ਕਮਾਈ ਕਰਕੇ ਸੰਘਰਸ਼ੀ ਮਨੁੱਖ ਨੂੰ ਮਿਲ ਲਵੋ ਅਤੇ ਉਸਦਾ ਸਾਥ ਦੇਵੋ।

ਮਨੁੱਖ ਵਿਕਾਸ ਅਤੇ ਪਤਨ ਦਾ ਨਿਰਣਾ ਵੀ ਇਸ ਗੱਲ ਉੱਪਰ ਕੀਤਾ ਜਾਂਦਾ ਹੈ ਕਿ ਮਨੁੱਖ ਦਾ ਸਦਾਚਾਰਕ ਸੁਮੇਲ ਕਿੰਨਾ ਵਿਸ਼ਾਲ ਹੁੰਦਾ ਹੈ। ਤੰਗ ਨਜ਼ਰੀਆ ਅਤੇ ਉਦਾਰਤਾ ਦੇ ਨਜ਼ਰੀਏ ਮਨੁੱਖ ਦੇ ਵਿਕਾਸ ਦੀ ਮਾਤਰਾ ਨੂੰ ਨਿਰਾਧਾਰਤ ਕਰਦੇ ਹਨ। ਜਦੋਂ ਕਿਸੇ ਦੇਸ਼ ਦੀ ਸੰਸਕ੍ਰਿਤੀ ਵਿੱਚ ਮਾਨਵਵਾਦੀ ਅੰਸ਼ ਖਤਮ ਹੋ ਜਾਂਦਾ ਹੈ ਤਾਂ ਉਹ ਤਹਿਜ਼ੀਬ ਦੇ ਨਵੇਂ ਪੱਧਰ ਤੇ ਆ ਜਾਂਦੀ ਹੈ।

ਟੈਗੋਰ ਮਾਨਵਤਾ ਦਾ ਪ੍ਰੇਮੀ ਸੀ। ਉਸਦਾ ਵਿਚਾਰ ਸੀ ਕਿ ਪ੍ਰਮਾਤਮਾ ਦਾ ਸਭ ਤੋਂ ਸਪੱਸ਼ਟ ਅਤੇ ਵਿਕਸਿਤ ਰੂਪ ਮਨੁੱਖੀ ਵਿਅਕਤਿੱਤਵ ਹੈ। ਪਰਮਾਤਮਾ ਸਭ ਵਿੱਚ ਵਸਦਾ ਹੈ ਅਤੇ ਸਭ ਨੂੰ ਪ੍ਰਕਾਸ਼ ਦੇ ਰਿਹਾ ਹੈ।

### (iv) ਪ੍ਰਕਿਰਤੀ ਅਤੇ ਵਿਅਕਤੀ ਦੇ ਪਰਸਪਰ ਸਕਿਰਿਆ ਸੰਬੰਧ ਅਤੇ ਪ੍ਰਕਿਰਤੀਵਾਦ (Active Communication with Nature and Man and Naturalism)

ਟੈਗੋਰ ਦਾ ਵਿਚਾਰ ਸੀ ਕਿ ਪ੍ਰਾਕਿਰਤੀ ਅਤੇ ਵਿਕਅਤੀ ਵਿਚ ਪਰਸਪਰ ਸੰਬੰਧ ਹੋਣਾ ਚਾਹੀਦਾ ਹੈ। ਬੱਚੇ ਦੀ ਸਿੱਖਿਆ ਜੇ ਸੁਤੰਤਰ ਵਾਤਾਵਰਣ ਵਿਚ ਹੁੰਦੀ ਹੈ ਤਾਂ ਬੱਚੇ ਵਿੱਚ ਪ੍ਰਕਿਰਤੀ ਨਾਲ ਦੇ ਸੰਬੰਧ ਬਣਾਉਣ ਦੀ ਸ਼ਕਤੀ ਦਾ ਵਿਕਾਸ ਹੁੰਦਾ ਹੈ। ਇਸ ਲਈ ਸਿੱਖਿਆ ਦਾ ਉਦੇਸ਼ ਮਨੁੱਖੀ ਸਭਿਅਤਾ ਦੀ ਥਾਂ ਕੁਦਰਤੀ ਸੁੰਦਰਤਾ, ਉਸਦਾ ਅਧਿਆਤਮਕ ਪੱਖ ਅਤੇ ਇਕਸੁਰਤਾ ਵਿੱਚ ਬੱਚੇ ਦੀ ਦਿਲਚਸਪੀ ਵਧਾਉਣਾ ਹੈ।

ਟੈਗੋਰ ਦਾ ਮੱਤ ਸੀ ਕਿ ਜੀਵਨ ਅਤੇ ਪ੍ਰਕਿਰਤੀ ਵਿਚ ਇੱਕ ਵੱਡੀ ਸਾਂਝ ਹੈ। ਉਹ ਪ੍ਰਕਿਰਤੀ ਦੇ ਵੱਖ-ਵੱਖ ਰੂਪਾਂ ਨੂੰ ਪਰਮਾਤਮਾ ਦਾ ਸਰੂਪ ਸਮਝਦਾ ਸੀ ਕਿਉਂਕਿ ਉਸਦਾ ਵਿਚਾਰ ਸੀ ਕਿ ਪਰਮਾਤਮਾ ਪ੍ਰਕਿਰਤੀ ਦੀ ਹਰ ਸ਼ੈਅ ਵਿਚ ਵਸਿਆ ਹੋਇਆ ਹੈ। ਇਸ ਲਈ ਟੈਗੋਰ ਦਾ ਵਿਚਾਰ ਸੀ ਕਿ ਵਿਅਕਤੀ ਦਾ ਪ੍ਰਕਿਰਤੀ ਦੇ ਨਾਲ ਡੂੰਘਾ ਸੰਬੰਧ ਹੋਣਾ ਚਾਹੀਦਾ ਹੈ ਅਤੇ ਸਾਨੂੰ ਪ੍ਰਕਿਰਤੀ ਅਤੇ ਮਨੁੱਖੀ ਸਮਾਜ ਪ੍ਰਤੀ ਕੁਦਰਤੀ ਵਿਹਾਰ ਕਰਨਾ ਚਾਹੀਦਾ ਹੈ।

ਟੈਗੋਰ ਦੀ ਧਾਰਨਾ ਸੀ ਕਿ ਬੱਚੇ ਦੀ ਸਿੱਖਿਆ ਵਿਚ ਜੀਵਨ ਦੀ ਸਿੱਖਿਆ ਅਤੇ ਪ੍ਰਕਿਰਤੀ ਦੀ ਸਿੱਖਿਆ ਵਿਚ ਸੰਤੁਲਨ ਲਿਆਉਣਾ ਜ਼ਰੂਰੀ ਹੈ। ਬੱਚੇ ਦੀ ਆਰੰਭਕ ਸਿੱਖਿਆ ਪੂਰਨ ਰੂਪ ਵਿਚ ਪ੍ਰਕਿਰਤੀ ਤੇ ਆਧਾਰਿਤ ਹੋਣੀ ਚਾਹੀਦੀ ਹੈ। ਸਮਾਜ ਦਾ ਇਸ ਸਮੇਂ ਵਿਚ ਕੋਈ ਅਸਰ ਨਹੀਂ ਹੋਣਾ ਚਾਹੀਦਾ। ਪਰ ਮਗਰੋਂ ਟੈਗੋਰ ਨੇ ਆਪਣੀ ਇਸ ਵਿਚਾਰਧਾਰਾ ਵਿਚ ਤਬਦੀਲੀ ਕੀਤੀ ਕਿਉਂਕਿ ਉਸਨੂੰ ਨਿਸ਼ਚਾ ਹੋ ਗਿਆ ਕਿ ਕਿਸੇ ਤਰ੍ਹਾਂ ਵੀ ਬੱਚਾ ਪ੍ਰਭਾਵਾਂ ਤੋਂ ਅਣਛੂਹਿਆ ਨਹੀਂ ਰਹਿ ਸਕਦਾ। ਇਸ ਤਰ੍ਹਾਂ ਟੈਗੋਰ ਨੇ ਪ੍ਰਕਿਰਤੀ ਅਤੇ ਸਮਾਜ ਵਿਚ ਸੰਤੁਲਨ ਲਿਆਉਣ ਦਾ ਯਤਨ ਕੀਤਾ ਹੈ।

ਟੈਗੋਰ ਦਾ ਵਿਚਾਰ ਸੀ ਕਿ ਮਨੁੱਖ ਦੇ ਦੋ ਰੂਪ ਹਨ। ਇਕ ਰੂਪ ਵਿਚ ਉਹ ਦੂਜਿਆਂ ਤੋਂ ਵੱਖਰਾ ਭਾਵ ਇਕੱਲਾ ਹੈ ਅਤੇ ਦੂਜੇ ਰੂਪ ਵਿੱਚ ਉਸ ਦਾ ਸੰਬੰਧ ਸਾਰਿਆਂ ਨਾਲ ਹੈ। ਸਿੱਖਿਆ ਦਰਸ਼ਨ ਵਿੱਚ ਵਿਅਕਤੀਗਤ ਅਤੇ ਸਮਾਜਿਕ ਦੋਹਾਂ ਉਦੇਸ਼ਾਂ ਦੀ ਪੂਰਤੀ ਲਈ ਯਤਨ ਕਰਨੇ ਚਾਹੀਦੇ ਹਨ। ਇਸ ਪੱਖ ਦੀ ਪੁਸ਼ਟੀ ਕਰਦਿਆਂ ਟੈਗੋਰ ਲਿਖਦਾ ਹੈ ਕਿ ਮਨੁੱਖ ਦੂਜੇ ਦਾ ਭਲਾ ਨਹੀਂ ਕਰ ਸਕਦਾ ਜੇਕਰ ਉਹ ਆਪਣੇ ਆਪ ਨੂੰ ਸਮਝਣ ਵਿੱਚ ਅਸਮਰਥ ਹੈ। ਇਸ ਤਰ੍ਹਾਂ ਟੈਗੋਰ ਨੇ ਕਦੇ ਵੀ ਸਮਾਜ ਜਾਂ ਦੇਸ਼ ਦੇ ਹਿੱਤਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ। ਸਗੋਂ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਿੱਖਿਆ ਦਾ ਉਦੇਸ਼ ਬੱਚਿਆਂ ਨੂੰ ਦੇਸ਼ ਦੀ ਸੇਵਾ ਲਈ ਤਿਆਰ ਕਰਨਾ ਹੈ। ਉਸ ਨੇ ਅੰਤਰਰਾਸ਼ਟਰੀ ਮਿਲਵਰਤਨ ਅਤੇ ਸੂਝ ਬੂਝ ਦੀ ਸਿੱਖਿਆ ਲਈ ਪ੍ਰੇਰਨਾ ਦਿੱਤੀ ਹੈ। ਉਸ ਨੇ ਸਾਰੇ ਸੰਸਾਰ ਨੂੰ ਇਕ ਭਾਈਚਾਰਾ ਬਣਾਉਣ ਲਈ ਨਾਅਰਾ ਲਾਇਆ। ਸੰਖੇਪ ਸ਼ਬਦਾਂ ਵਿੱਚ ਪੂਰਬ ਅਤੇ ਪੱਛਮ ਦੀ ਸੰਸਕ੍ਰਿਤਕ ਏਕਤਾ ਦਾ ਨਿਰਮਾਣ ਟੈਗੋਰ ਦੇ ਵਿਸ਼ਵ ਪਿਆਰ ਜਾਂ ਮਾਨਵਵਾਦ ਦੀ ਆਧਾਰਸ਼ਿਲਾ ਹੈ।

### (v) ਅੰਤਰ-ਰਾਸ਼ਟਰਵਾਦ (Internationalism)

ਅੰਤਰ-ਰਾਸ਼ਟਰਵਾਦ ਟੈਗੋਰ ਦੇ ਜੀਵਨ ਦਰਸ਼ਨ ਦਾ ਇਕ ਮਹੱਤਵਪੂਰਣ ਪੱਖ ਹੈ। ਸੱਚਾ ਮਾਨਵਵਾਦੀ ਸੱਚਾ ਦੇਸ਼ ਭਗਤ ਹੁੰਦਾ ਹੈ ਪਰ ਟੈਗੋਰ ਦਾ ਮਾਨਵਵਾਦ ਦੇਸ਼ ਪਿਆਰ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਦੇ ਲਈ ਬਹੁਤ ਹੀ ਖੁੱਲ੍ਹੇ ਖੇਤਰ ਦੀ ਲੋੜ ਹੈ। ਇਸ ਤਰ੍ਹਾਂ ਸਮੁੱਚਾ ਸੰਸਾਰ ਹੀ ਇਸ ਦਾ ਘੇਰਾ ਹੈ ਜਿਸ ਨੂੰ ਟੈਗੋਰ ਨੇ 'ਵਿਸ਼ਵਬੰਧ' ਦਾ ਨਾਂ ਦਿੱਤਾ ਹੈ। ਟੈਗੋਰ ਨੇ ਵਿਸ਼ਵ ਏਕਤਾ ਦਾ ਸੁਨੇਹਾ ਦਿੰਦਿਆ ਕਿਹਾ ਹੈ ਜਾਤੀ, ਧਰਮ ਅਤੇ ਰੰਗ ਦੇ ਆਧਾਰ ਤੇ ਕੀਤੇ ਗਏ ਭੇਦ ਭਾਵ ਝੂਠੇ ਅਤੇ ਗੈਰ-ਕੁਦਰਤੀ ਹੁੰਦੇ ਹਨ।

ਟੈਗੋਰ ਦਾ ਮਾਨਵਵਾਦ ਆਪਣੇ ਤਾਂਰਤਿਕ ਸਿਖਰ ਤੱਕ ਪੁੱਜ ਕੇ ਮਾਨਵ ਹਤੈਸ਼ੀਵਾਦ (Cosmopolitanism) ਦਾ ਰੂਪ ਧਾਰਦਾ ਹੈ। ਸ਼ਾਂਤੀ ਨਿਕੇਤਨ ਸਕੂਲ ਵਿਸ਼ਵ ਭਾਰਤੀ ਦੇ ਸਿਧਾਂਤ ਨੂੰ ਅਸਲੀ ਰੂਪ ਪ੍ਰਦਾਨ ਕਰਦਾ ਹੈ। ਵਿਸ਼ਵ ਭਾਰਤੀ ਦਾ ਇਕ ਮਹਾਨ ਉਦੇਸ਼ ਸੀ ''ਮਨੁੱਖ ਦੀ ਏਕਤਾ ਅਤੇ ਵਿਸ਼ਵਸ਼ਾਂਤੀ।'' ਜਿਸ ਤਰ੍ਹਾਂ ਟੈਗੋਰ ਨੇ ਮਾਨਵਵਾਦ ਤੋਂ ਸਮਾਜਵਾਦ ਵੱਲ ਕਦਮ ਪੁੱਟਿਆ ਉਸੇ ਤਰ੍ਹਾਂ ਹੀ ਉਸ ਨੇ ਰਾਸ਼ਟਰਵਾਦ ਤੋਂ ਮਾਨਵਵਾਦ ਵੱਲ ਆਪਣੇ ਵਿਚਾਰ ਪ੍ਰਗਟਾਵੇ। ਇਸ ਤਰ੍ਹਾਂ ਟੈਗੋਰ ਨੇ ਆਪਣੇ ਜੀਵਨ ਦੇ ਆਖਰੀ ਸਾਲ ਮਾਨਵਵਾਦ ਦੀ ਭਾਵਨਾ ਦੀ ਪ੍ਰਗਤੀ ਅਤੇ ਵਿਕਾਸ ਵੱਲ ਲਾਏ। ਟੈਗੋਰ ਪਹਿਲਾ ਦਾਰਸ਼ਨਿਕ ਸੀ ਜਿਸ ਨੇ ਅੰਤਰ ਰਾਸ਼ਟਰਵਾਦ ਦੇ ਹੱਕ ਵਿੱਚ ਆਵਾਜ਼ ਉਠਾਈ। ਇਹ ਟੈਗੋਰ ਦੀ ਇਕ ਮਹਾਨ ਦਾਰਸ਼ਨਿਕ ਅਤੇ ਸਿੱਖਿਆ ਸ਼ਾਸਤਰੀ ਦੇ ਰੂਪ ਵਿੱਚ ਬਹੁਤ ਵੱਡੀ ਦੇਣ ਹੈ।

## ਟੈਗੋਰ ਦਾ ਸ਼ਾਂਤੀਨਿਕੇਤਨ (Tagore's Shantiniketan)

ਮਹਾਨ ਚਿੰਤਕ ਕੋਈ ਅਜਿਹੀ ਵਿਚਾਰਧਾਰਾ, ਆਦਰਸ਼ ਜਾਂ ਜੀਵਨ ਦਰਸ਼ਨ ਕੇਵਲ ਪ੍ਰਸਤੁਤ ਹੀ ਨਹੀਂ ਕਰਦੇ ਸਗੋਂ ਉਸਦੇ ਅਨੁਸਾਰ ਜਿਉਂਦੇ ਹਨ। ਸ਼ਾਂਤੀਨਿਕੇਤਨ ਟੈਗੋਰ ਦੀ ਦਰਸ਼ਨ ਅਤ ਸਿੱਖਿਆ ਸੰਬੰਧੀ ਸੁਮੇਲਵਾਦੀ ਪ੍ਰਤਿਭਾ ਦਾ ਸਬੂਤ ਹੈ। ਕਲਕੱਤੇ ਤੋਂ 100 ਮੀਲ ਦੀ ਦੂਰੀ ਤੇ ਸ਼ਾਂਤੀਨਿਕੇਤਨ ਦੀ ਬੁਨਿਆਦ ਰੱਖੀ ਗਈ। ਟੈਗੋਰ ਦੇ ਪਿਤਾ ਨੇ ਇਸ ਨੂੰ ਧਿਆਨ ਅਤੇ ਭਗਤੀ ਲਈ ਚੁਣਿਆ ਹੈ। ਸੰਨ 1901 ਵਿਚ ਟੈਗੋਰ ਨੇ ਇਥੇ ਇਕ ਸਕੂਲ ਬਣਾਇਆ। 1921 ਵਿਚ ਇਹ ਵਿਸ਼ਵ ਭਾਰਤੀ ਇਕ ਅੰਤਰਰਾਸ਼ਟਰੀ ਵਿਸ਼ਵਵਿਦਿਆਲਾ ਦੇ ਰੂਪ ਵਿਚ ਵਿਕਸਿਤ ਹੋਇਆ। ਇਹ ਆਸ਼ਰਮ ਪ੍ਰਾਚੀਨ ਭਾਰਤੀ ਸਾਦਗੀ ਅਤੇ ਸ਼ੁੱਧਤਾ ਦੇ ਮਾਹੌਲ ਵਿੱਚ ਚਲਾਇਆ ਗਿਆ। ਸਕੂਲ ਦਾ ਵਾਤਾਵਰਣ ਸੰਗੀਤ ਨਾਲ ਭਰਪੂਰ ਹੈ। ਕੁਦਰਤੀ ਦ੍ਰਿਸ਼ਾਂ, ਟਹਿਕਦੇ ਫੁੱਲਾਂ, ਗਾਉਂਦੇ ਪੰਛੀਆਂ, ਫੁੱਲਵਾੜੀਆਂ, ਸੁਗੰਧੀਆਂ, ਰੰਗਾਂ, ਰੋਸ਼ਨੀ, ਸੰਘਣੀਆਂ ਛਾਵਾਂ ਤੇ ਸੁੱਤੇ ਸਿੱਧੇ ਬੱਚੇ ਸਿੱਖਿਅਤ ਹੋ ਜਾਂਦੇ ਹਨ। ਖੁੱਲੇ ਮੈਦਾਨਾਂ ਅਤੇ ਦਰੱਖਤ ਹੇਠ ਜਮਾਤਾਂ ਲੱਗਦੀਆਂ ਹਨ। ਕੋਈ ਬੱਝਵੀਂ ਸਮਾਂ ਸੂਚੀ ਨਹੀਂ ਹੁੰਦੀ, ਬੱਚਿਆਂ ਉਤੇ ਬੇਲੋੜਾ ਬੋਝ ਨਹੀਂ ਪਾਇਆ ਜਾਂਦਾ। ਇਹ ਪ੍ਰਕਿਰਤੀ ਅਤੇ ਆਤਮਾ ਤੇ ਪੂਰਬ, ਪੱਛਮ ਦੇ ਸੁਮੇਲ ਦਾ ਪ੍ਰਤੀਕ ਹੈ।

### 2.2.3.3 ਟੈਗੋਰ ਅਨੁਸਾਰ ਸਿੱਖਿਆ ਦੇ ਉਦੇਸ਼ (Aims of Education)

ਟੈਗੋਰ ਨੇ ਆਪਣੇ ਸਿੱਖਿਆ ਦਰਸ਼ਨ ਦੇ ਹੇਠ ਲਿਖੇ ਉਦੇਸ਼ ਦੱਸੇ ਹਨ:

### (i) ਨੈਤਿਕ ਅਤੇ ਅਧਿਆਤਮਿਕ ਉਦੇਸ਼ (Moral and Spiritual Aims)

ਟੈਗੋਰ ਦੇ ਅਨੁਸਾਰ ਸਿੱਖਿਆ ਦੁਆਰਾ ਕੁਝ ਨੈਤਿਕ ਅਤੇ ਅਧਿਆਤਮਿਕ ਕੀਮਤਾਂ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ ਪਰ ਇਹ ਨੈਤਿਕ ਕੀਮਤਾਂ ਪ੍ਰਤੱਖ ਸਿੱਖਿਆ ਨਾਲ ਨਹੀਂ ਦਿੱਤੀਆਂ ਜਾਣੀਆਂ ਚਾਹੀਦੀਆਂ ਕਿਉਂਕਿ ਇਸ ਤਰ੍ਹਾਂ ਨਾਲ ਕਈ ਮਾੜੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਉਸ ਨੇ ਨੌਜਵਾਨਾਂ ਨੂੰ ਤੱਪ ਅਤੇ ਤਿਆਗ ਦੀ ਭਾਵਨਾ ਵਿਕਸਤ ਕਰਨ ਦਾ ਉਪਦੇਸ਼ ਦਿੱਤਾ ਹੈ। ਸਿੱਖਿਆ ਰਾਹੀਂ ਨੈਤਿਕ ਸਿਖਲਾਈ, ਆਤਮ-ਸੰਕਲਪ, ਸ਼ਕਤੀ, ਚਰਿੱਤਜ ਵਿਕਾਸ, ਅੰਦਰੂਨੀ ਸੁਤੰਤਰਤਾ ਅਤੇ ਆਤਮ ਪ੍ਰਕਾਸ਼ ਦਾ ਵਿਕਾਸ ਹੋਣਾ ਚਾਹੀਦਾ ਹੈ ਜੋ ਕਿ ਮਨੁੱਖ ਨੂੰ ਮਾਨਸਿਕ ਸੰਤੁਸ਼ਟੀ ਅਤੇ ਆਤਮਿਕ ਸ਼ਾਂਤੀ ਵੱਲ ਲੈ ਜਾਵੇ।

ਟੈਗੋਰ ਦੇ ਸ਼ਬਦਾਂ ਵਿੱਚ, ''ਅਸਲੀ ਨੈਤਿਕ ਸਿੱਖਿਆ ਬਾਹਰੀ ਸਜਾਵਟ ਦੀ ਤਰ੍ਹਾਂ ਨਹੀਂ ਸਗੋਂ ਧਰਮ ਅਤੇ ਨੈਤਿਕਤਾ ਨੂੰ ਜੀਵਨ ਦਾ ਅਟੁੱਟ ਅੰਗ ਬਣਾਇਆ ਜਾਣਾ ਜ਼ਰੂਰੀ ਹੈ। ਰੀਤਾਂ ਦਾ ਪਾਲਨ ਕਰਨਾ ਅਤੇ ਨਾਅਰੇ ਲਾਉਣਾ ਸੱਚਾ ਧਰਮ ਨਹੀਂ। ਸੱਚਾ ਧਰਮ ਤਾਂ ਸਾਹ ਲੈਣ ਦੀ ਤਰ੍ਹਾਂ ਸੁਭਾਵਿਕ ਹੈ। ਇਹ ਸਾਹ ਲੈਣ ਦੀ ਤਰ੍ਹਾਂ ਜੀਵਨ ਦਾ ਇੱਕ ਹਿੱਸਾ ਹੈ।'' ਟੈਗੋਰ ਅਨੁਸਾਰ ਅਨੁਸ਼ਾਸਨ ਤਪੱਸਿਆ ਅਤੇ ਸਾਧਨਾਂ ਰਾਹੀਂ ਪੈਦਾ ਕੀਤਾ ਜਾ ਸਕਦਾ ਹੈ। ਨੈਤਿਕ ਸਾਦਗੀ ਜੀਵਨ ਬਿਤਾ ਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਬੱਚੇ ਨੂੰ ਆਤਮ-ਨਿਰਧਾਰਣ ਬਨਾਉਣ ਲਈ ਇਹ ਆਗ੍ਰਹਿ ਕਰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਬੱਚੇ ਨੂੰ ਆਤਮ-ਨਿਰਭਰਤਾ ਆ ਹੀ ਜਾਂਦੀ ਹੈ ਜੇਕਰ ਉਸ ਨੂੰ ਜੀਵਨ ਦੇ ਉਦੇਸ਼ਾਂ ਤੋਂ ਜਾਣੂ ਕਰਵਾਇਆ ਜਾਵੇ। ਉਸ ਨੇ ਬੱਚਿਆਂ ਵਿੱਚ ਹਮਦਰਦੀ ਦੀ ਭਾਵਨਾ ਨੂੰ ਉਜਾਗਰ ਕੀਤੇ ਜਾਣਾ ਵੀ ਜ਼ਰੂਰ ਸਮਝਿਆ ਹੈ। ਇਸ ਲਈ ਸਿੱਖਿਆ ਮਨੁੱਖਾਂ ਦੇ ਪਰਸਪਰ ਸੰਬੰਧ ਜੋੜਨ ਲਈ ਸਹਾਇਕ ਹੋਣੀ ਚਾਹੀਦੀ ਹੈ।

### (ii) ਬੌਧਿਕ ਉਦੇਸ਼ (Intellectual Aims)

ਟੈਗੋਰ ਅਨੁਸਾਰ ਸਿੱਖਿਆ ਦਾ ਦੂਜਾ ਉਦੇਸ਼ ਬੌਧਿਕ ਵਿਕਾਸ ਹੈ। ਉਸ ਦਾ ਵਿਚਾਰ ਸੀ ਕਿ ਪ੍ਰਚਲਿਤ ਸਿੱਖਿਆ ਪ੍ਰਣਾਲੀ ਵਿੱਚ ਬੱਚੇ ਨੂੰ ਕੇਵਲ ਪੁਸਤਕਾਂ ਦਾ ਗੁਲਾਮ ਹੀ ਬਣਾਇਆ ਜਾਂਦਾ ਹੈ ਜਿਹੜੀ ਕੇਵਲ ਪ੍ਰੀਖਿਆ ਪਾਸ ਕਰਨ ਅਤੇ ਨੌਕਰੀ ਲੱਗਣ ਦੇ ਉਦੇਸ਼ ਨਾਲ ਦਿੱਤੀ ਜਾਂਦੀ ਹੈ ਇਸ ਤਰ੍ਹਾਂ ਦੇ ਬੱਚੇ ਦੀ ਬੌਧਿਕ ਵਿਕਾਸ ਲਈ ਕੋਈ ਵੀ ਮੌਕਾ ਨਹੀਂ ਦਿੱਤਾ ਜਾਂਦਾ। ਟੈਗੋਰ ਅਨੁਸਾਰ ਬੁੱਧੀ ਦੇ ਉਚਿਤ ਵਿਕਾਸ ਲਈ ਬੱਚਿਆਂ ਨੂੰ ਆਪਣੇ ਯਤਨਾਂ ਨਾਲ ਵਿਚਾਰਾਂ ਦੀ ਖੋਜ ਕਰਨੀ ਚਾਹੀਦੀ ਹੈ। ਉਨ੍ਹਾਂ ਵਿੱਚ ਆਲੋਚਨਾਤਮਕ ਰਵੱਈਆ ਵੀ ਪੈਦਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਪ੍ਰਾਪਤ ਕੀਤੇ ਵਿਚਾਰਾਂ ਦਾ ਮੁਲਾਂਕਣ ਕਰ ਸਕਣ। ਟੈਗੋਰ ਅਨੁਸਾਰ ਪ੍ਰਚਲਿਤ ਸਿੱਖਿਆ ਵਿੱਚ ਜੀਵਨ ਅਤੇ ਗਿਆਨ ਵਿੱਚ ਬਹੁਤ ਵਿੱਥ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰਾਪਤ ਕੀਤੇ ਗਿਆਨ ਦੀ ਵਰਤੋਂ ਵੀ ਕੀਤੀ ਜਾਵੇ। ਮਨ ਨੂੰ ਭੈੜੀਆਂ ਆਦਤਾਂ ਤੋਂ ਬਚਾਉਣ ਲਈ ਮਨ ਦਾ ਸੁਚੇਤ ਹੋਣਾ ਜ਼ਰੂਰੀ ਹੈ। ਖੋਜ ਦੁਆਰਾ ਪ੍ਰਕਿਰਤੀ ਅਤੇ ਜੀਵਨ ਵਿੱਚੋਂ ਗਿਆਨ ਪ੍ਰਾਪਤੀ ਲਈ ਆਦਤਾਂ ਪਾਈਆਂ ਜਾਣ। ਇਸ ਦੇ ਲਈ ਟੈਗੋਰ ਨੇ ਵਿਗਿਆਨਕ ਰਵੱਈਆ ਪੈਦਾ ਕੀਤੇ ਜਾਣ ਦੀ ਮਹੱਤਤਾ ਨੂੰ ਦਰਸਾਇਆ ਹੈ।

### (iii) ਸਰੀਰਕ ਉਦੇਸ਼ (Physical Aims)

ਟੈਗੋਰ ਸ਼ੁਰੂ ਤੋਂ ਇਸ ਧਾਰਨਾ ਦਾ ਸਮਰਥਕ ਸੀ ਕਿ ਨਰੋਏ ਸਰੀਰ ਵਿੱਚ ਹੀ ਨਰੋਆ ਮਨ ਹੋ ਸਕਦਾ ਹੈ। ਸਰੀਰਕ ਵਿਕਾਸ ਦੀ ਮਹੱਤਤਾ ਨੂੰ ਦਰਸਾਉਂਦਿਆਂ ਉਸ ਨੇ ਪ੍ਰਚਲਿਤ ਸਿੱਖਿਆ ਪ੍ਰਣਾਲੀ ਦੀ ਨਿਖੇਧੀ ਕੀਤੀ ਸੀ। ਇਸ ਲਈ ਟੈਗੋਰ ਨੇ ਉਮਰ ਦੇ ਮੁੱਢਲੇ ਸਾਲਾਂ ਵਿੱਚ ਪ੍ਰਕਿਰਤੀ ਵਿੱਚ ਖੁੱਲ੍ਹੇ ਖੇਡਣ ਫਿਰਨ ਤੇ ਜ਼ੋਰ ਦਿੱਤਾ ਹੈ। ਭਾਵੇਂ ਉਹ ਕੁਝ ਵੀ ਨਾ ਸਿੱਖ ਸਕੇ। ਟੈਗੋਰ ਦਾ ਵਿਚਾਰ ਸੀ ਕਿ ਜਿਸ ਤਰ੍ਹਾਂ ਪ੍ਰਕਿਰਤੀ ਵਿੱਚ ਫੁੱਲ ਪੌਦੇ ਵਧਦੇ ਹਨ ਉਸੇ ਤਰ੍ਹਾਂ ਹੀ ਬੱਚੇ ਪ੍ਰਕਿਰਤੀ ਦੀ ਛੁਹ ਨਾਲ ਵਧਣ ਫੁਲਣਗੇ।

### 2.2.3.4 ਪਾਠਕ੍ਰਮ (Curriculum)

ਟੈਗੋਰ ਨੇ ਪ੍ਰਚਲਿਤ ਪਾਠਕ੍ਰਮ ਦਾ ਵਿਰੋਧ ਕੀਤਾ ਹੈ ਕਿਉਂਕਿ ''ਇਹ ਕੇਵਲ ਮਾਨਸਿਕ ਵਿਕਾਸ ਤੇ ਜ਼ੋਰ ਦਿੰਦਾ ਹੈ ਅਤੇ ਇਹ ਸਵਾਰਥੀ ਉਦੇਸ਼ਾਂ ਦੀ ਪੂਰਤੀ ਤੇ ਜ਼ੋਰ ਦਿੰਦਾ ਹੈ ਅਤੇ ਇਹ ਸਵਾਰਥੀ ਉਦੇਸ਼ਾਂ ਦੀ ਪੂਰਤੀ ਲਈ ਬਣਾਇਆ ਗਿਆ ਹੈ। ਇਸ ਵਿੱਚ ਹਰ ਕੋਈ ਪ੍ਰੀਖਿਆ ਪਾਸ ਕਰਨ, ਨੌਕਰੀ ਕਰਨ ਲਈ ਇੱਛਕ ਹੁੰਦਾ ਹੈ। ਇਸ ਲਈ ਪੂਰਨ ਅਧਿਐਨ ਦੀ ਲੋੜ ਅਨੁਭਵ ਨਹੀਂ ਕੀਤੀ ਜਾਂਦੀ।'' ਟੈਗੋਰ ਨੇ ਵਿਆਪਕਤਾ ਤੇ ਅਧਾਰਿਤ ਪਾਠਕ੍ਰਮ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਾਠਕ੍ਰਮ ਇੰਨਾ ਵਿਆਪਕ ਹੋਣਾ ਚਾਹੀਦਾ ਹੈ ਜਿਸ ਨਾਲ ਬੱਚੇ ਦੇ ਜੀਵਨ ਦੇ ਸਾਰੇ ਪੱਖਾਂ ਦਾ ਵਿਕਾਸ ਹੋ ਸਕੇ। ਉਸ ਨੇ ਬੱਚੇ ਦੇ ਵਿਕਾਸ ਵਿਚ ਪਾਠ ਸਹਾਇਕ ਕਿਰਿਆਵਾਂ ਨੂੰ ਸਵੀਕਾਰ ਕੀਤਾ ਅਤੇ ਕਿਰਿਆ ਕੇਂਦ੍ਰਿਤ ਪਾਠਕ੍ਰਮ ਨੂੰ ਮੁੱਖ ਸਥਾਨ ਦਿੱਤਾ ਹੈ।

ਟੈਗੋਰ ਦੁਆਰਾ ਕਾਇਮ ਕੀਤੇ ਸਕੂਲ ਵਿੱਚ ਕੁਝ ਵਿਸ਼ਿਆਂ ਦੀ ਪੜ੍ਹਾਈ ਤੋਂ ਇਲਾਵਾ ਬਹੁਤ ਸਾਰੀਆਂ ਕਿਰਿਆਵਾਂ ਜਿਵੇਂ ਕਿ ਨਾਟਕ ਕਲਾ, ਚਿੱਤਰਕਲਾ, ਆਦਿ ਦੀ ਵੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਖੇਡਾਂ, ਸਮਾਜ ਸੇਵਾ, ਵਿਦਿਆਰਥੀ ਦੇ ਸਵੈਸ਼ਾਸਨ ਆਦਿ ਲਈ ਯੋਗ ਪ੍ਰਬੰਧ ਹਨ।'' ਟੈਗੋਰ ਨੇ ਧਰਮ ਸਿੱਖਿਆ ਨੂੰ ਵੀ ਯੋਗ ਸਥਾਨ ਦਿੱਤਾ ਹੈ ਪਰ ਉਹ ਉਸ ਪ੍ਰਕਾਰ ਦੇ ਧਰਮ ਦੇ ਵਿਰੁੱਧ ਹੈ ਜਿਹੜਾ ਕੁਝ ਧਾਰਮਿਕ ਚਿੰਨ੍ਹਾਂ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਟੈਗੋਰ ਨੇ ਭਾਸ਼ਾ ਅਤੇ ਸਾਹਿਤ ਅਧਿਐਨ ਨੂੰ ਪਾਠਕ੍ਰਮ ਵਿੱਚ ਗੌਰਵਮਈ ਸਥਾਨ ਦਿੱਤਾ ਹੈ ਪਰ ਉਹ ਮਾਤ-ਭਾਸ਼ਾ ਅਤੇ ਇਲਾਕਾਈ ਬੋਲੀਆਂ ਦੇ ਅਧਿਐਨ ਦਾ ਚਾਹਵਾਨ ਹੈ ਅਤੇ ਇਹੀ ਸਿੱਖਿਆ ਦੇ ਅਧਿਐਨ ਹੋਣੇ ਚਾਹੀਦੇ ਹਨ। ਕੇਵਲ ਦੂਜੀ ਭਾਸ਼ਾ ਦੇ ਤੌਰ ਤੇ ਅੰਗ੍ਰੇਜ਼ੀ ਸਕੂਲ ਪਾਠਕ੍ਰਮ ਵਿਚ ਸ਼ਾਮਿਲ ਹੋਣੀ ਚਾਹੀਦੀ ਹੈ।

ਟੈਗੋਰ ਦਾ ਵਿਚਾਰ ਸੀ ਕਿ ਭਾਰਤੀ ਸਿੱਖਿਆ ਵਿਚ ਪਾਠਕ੍ਰਮ ਅਸਲੀਅਤ ਤੋਂ ਬਹੁਤ ਪਰ੍ਹੇ ਹੈ। ਇਸ ਲਈ ਉਸ ਨੇ ਅਜਿਹੇ ਪਾਠਕ੍ਰਮ ਲਈ ਆਗ੍ਰਹਿ ਕੀਤਾ ਹੈ ਜਿਸ ਵਿੱਚ ਦੇਸ਼ ਦੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਲੋੜਾਂ ਦੀ ਝਲਕ ਮਿਲਦੀ ਹੋਵੇ। ਇਸ ਲਈ ਭਾਰਤੀ ਸਭਿਆਚਾਰ ਨੂੰ ਵੀ ਯੋਗ ਸਥਾਨ ਹਾਸਿਲ ਹੋਵੇ। ਟੈਗੋਰ ਦੀ ਪਾਠਕ੍ਰਮ ਸੰਬੰਧੀ ਇਕ ਹੋਰ ਧਾਰਨਾ ਅਨੁਸਾਰ ਬੱਚੇ ਦੀ ਸਿੱਖਿਆ ਵਿੱਚ ਜੀਵਨ ਦੀ ਸਿੱਖਿਆ ਅਤੇ ਪ੍ਰਕਿਰਤੀ ਦੀ ਸਿੱਖਿਆ ਵਿੱਚ ਯੋਗ ਸੰਤੁਲਨ ਲਿਆਉਣਾ ਚਾਹੀਦਾ ਹੈ।

ਟੈਗੋਰ ਨੇ ਪਾਠਕ੍ਰਮ ਵਿੱਚ ਕਲਾ, ਸੰਗੀਤ, ਨਾਟਕਲਾ, ਹਸਤਕਲਾ, ਵਿਗਿਆਨ, ਇਤਿਹਾਸ, ਸਾਹਿਤ, ਸੰਸਕ੍ਰਿਤ ਤੇ ਮਾਤਭਾਸ਼ਾ ਦੀ ਸਿੱਖਿਆ ਤੋਂ ਇਲਾਵਾ ਵਧੇਰੇ ਜ਼ੋਰ ਸਕੂਲ ਦੇ ਵਾਤਾਵਰਣ ਤੇ ਦਿੱਤਾ ਹੈ। ਟੈਗੋਰ ਦਾ ਵਿਚਾਰ ਸੀ ਕਿ ਜੇਕਰ ਸਕੂਲ ਵਿੱਚ ਸਹੀ ਵਾਤਾਵਰਣ ਪੈਦਾ ਹੋ ਜਾਂਦਾ ਹੈ ਤਾਂ ਬੱਚਿਆਂ ਨੂੰ ਹਰ ਵਿਸ਼ੇ ਲਈ ਆਪੇ ਹੀ ਉਤੇਜਨਾ ਮਿਲੇਗੀ। ਉਸ ਨੇ ਕਿਹਾ ਹੈ ਕਿ ਖੋਜੀ ਦੁਆਰਾ ਪ੍ਰਕਿਰਤੀ ਅਤੇ ਜੀਵਨ ਵਿੱਚ ਗਿਆਨ ਪ੍ਰਾਪਤੀ ਲਈ ਆਦਤਾਂ ਪਾਈਆਂ ਜਾਣ। ਇਸ ਲਈ ਵਿਗਿਆਨਕ ਰਵੱਈਆ ਪੈਦਾ ਕੀਤਾ ਜਾਣਾ ਜ਼ਰੂਰੀ ਹੈ। ਗਿਆਨ ਦੇ ਭੰਡਾਰ ਵਿੱਚ ਸਾਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਕੇਵਲ ਇਹ ਉਮੀਦ ਨਹੀਂ ਰੱਖਣੀ ਚਾਹੀਦੀ ਹੈ ਕਿ ਅਸੀਂ ਪੱਛਮੀ ਦੇਸ਼ਾਂ ਦੀਆਂ ਖੋਜਾਂ ਦਾ ਲਾਭ ਉਠਾਉਣਾ ਹੈ। ਇਸ ਤਰ੍ਹਾਂ ਟੈਗੋਰ ਨੇ ਸੰਪੂਰਨ ਮਨੁੱਖ ਦੇ ਵਾਧੇ ਲਈ ਵਿਆਪਕ ਪਾਠਕ੍ਰਮ ਦਾ ਸੁਝਾਅ ਦਿੱਤਾ।

### 2.2.3.5 ਪੜ੍ਹਾਉਣ ਦੀ ਵਿਧੀ (Methods of Teaching)

ਟੈਗੋਰ ਨੇ ਅਜਿਹੀ ਸਿੱਖਿਆ ਪ੍ਰਣਾਲੀ ਦਾ ਵਿਰੋਧ ਕੀਤਾ ਹੈ, ਜਿਹੜੀ ਨਿਰਜੀਵ, ਗੈਰ-ਕੁਦਰਤੀ, ਵਿਦੇਸ਼ੀ, ਕਿਤਾਬੀ, ਜੰਤਰਿਕ ਰੂੜੀਵਾਦ ਅਤੇ ਅਨਉਪਯੋਗੀ ਹੋਵੇ। ਉਸਦੇ ਅਨੁਸਾਰ ਸਿੱਖਿਆ ਪ੍ਰਕਿਰਿਆ ਸੰਜੀਵ ਹੋਣੀ ਚਾਹੀਦੀ ਹੈ। ਬੱਚੇ ਨੂੰ ਸਿੱਖਿਅਤ ਕਰਨ ਦੀ ਲੋੜ ਹੈ ਕਿ ਉਸ ਦੇ ਮਨ ਦਾ ਪ੍ਰਕਿਰਤੀ ਨਾਲ ਸਿੱਧਾ ਸੰਪਰਕ ਕੀਤਾ ਜਾਵੇ। ਅਜਿਹੇ ਹਾਲਾਤ ਵਿੱਚ ਸਿੱਖਿਆ ਆਪ-ਮੁਹਾਰੀ ਅਤੇ ਸੁਖਦਾਈ ਬਣ ਜਾਵੇਗੀ।

ਸਿੱਖਿਆ ਪ੍ਰਤਿਕਿਰਿਆ ਦਿਨ ਪ੍ਰਤੀ ਦਿਨ ਦਾ ਕੰਮ ਨਾ ਹੋ ਕੇ ਬੱਚਿਆਂ ਦੀਆਂ ਰੁਚੀਆਂ ਅਤੇ ਭਾਵਨਾਵਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ। ਅਧਿਆਪਨ ਵਿਧੀਆਂ ਅਸਲੀਅਤ ਦੇ ਨੇੜੇ ਹੋਣੀਆਂ ਚਾਹੀਦੀਆਂ ਹਨ। ਅਰਥਾਤ ਬੱਚਿਆਂ ਨੂੰ ਪੁਸਤਕਾਂ ਅਤੇ ਲੈਕਚਰਾਂ ਤੋਂ ਹੀ ਸਿੱਖਿਆ ਨਾ ਦੇ ਕੇ ਮੂਲ ਸ੍ਰੋਤਾਂ ਦੁਆਰਾ ਸਿੱਖਿਆ ਦੇਣੀ ਚਾਹੀਦੀ ਹੈ।

ਟੈਗੋਰ ਟੈਗੋਰ ਦਾ ਵਿਚਾਰ ਸੀ ਕਿ ਬੱਚਾ ਆਰੰਭ ਤੋਂ ਹੀ ਰਚਨਾਤਮਕ ਸ਼ਕਤੀਆਂ ਰੱਖਦਾ ਹੈ ਪਰ ਇਸ ਸ਼ਕਤੀ ਨੂੰ ਅਸਲੀ ਰੂਪ ਦੇਣ ਲਈ ਉਸ ਨੂੰ ਸੁਤੰਤਰਤਾ ਅਤੇ ਯੋਗ ਮੌਕਿਆਂ ਦੀ ਲੋੜ ਹੈ। ਇਸ ਲਈ ਬੱਚਿਆਂ ਨੂੰ ਇਸ ਤਰ੍ਹਾਂ ਦੇ ਮੌਕੇ ਮਿਲਣੇ ਚਾਹੀਦੇ ਹਨ ਅਤੇ ਆਨੰਦਮਈ ਵਾਤਾਵਰਣ ਮਿਲਣਾ ਚਾਹੀਦਾ ਹੈ ਤਾਂ ਕਿ ਬੱਚੇ ਦੀਆਂ ਰਚਨਾਤਮਕ ਭਾਵਨਾਵਾਂ ਨੂੰ ਉਭਾਰਿਆ ਜਾ ਸਕੇ। ਟੈਗੋਰ ਨੇ ਬੱਚਿਆਂ ਨੂੰ ਖੇਡ ਵਿਧੀ ਰਾਹੀਂ ਸਿੱਖਿਆ ਦੇਣ ਲਈ ਵੀ ਕਿਹਾ ਹੈ ਇਸ ਲਈ ਬੱਚਿਆਂ ਨੂੰ ਸਮਝ ਕੇ ਸਿੱਖਿਆ ਦੇਣੀ ਚਾਹੀਦੀ ਹੈ।

### 2.2.3.6 ਸ਼ਾਂਤੀਨਿਕੇਤਨ ਅਤੇ ਵਿਸ਼ਵ ਭਾਰਤੀ (Shantiniketan and Vishwa Bharti)

### (1) ਸ਼ਾਂਤੀਨਿਕੇਤਨ ਅਤੇ ਵਾਤਾਵਰਣ (Atmosphere in Shantiniketan)

ਸ਼ਾਂਤੀਨਿਕੇਤਨ ਜੋ ਕਿ 1921 ਵਿੱਚ ਅੰਤਰਰਾਸ਼ਟਰੀ ਯੂਨੀਵਰਸਿਟੀ ਬਣਿਆ, ਸੁਭਾਵਕਤਾ, ਸਾਦਗੀ ਅਤੇ ਸ਼ੁੱਧਤਾ ਦੇ ਵਾਤਾਵਰਣ ਵਿੱਚ ਚਲਾਇਆ ਗਿਆ। ਕੁਦਰਤੀ ਦ੍ਰਿਸ਼ਾਂ ਤੋਂ ਬੱਚਾ ਆਪਣੇ ਆਪ ਸਿੱਖਿਅਤ ਹੋ ਜਾਂਦਾ ਹੈ। ਇਥੇ ਬੱਚੇ ਅਤੇ ਅਧਿਆਪਕ ਇਕੱਠੇ ਰਹਿੰਦੇ ਹਨ। ਸੁੱਖ ਦੁੱਖ ਇਕੱਠਿਆਂ ਸਹਿੰਦੇ ਉਹ ਇਕ ਪਰਿਵਾਰ ਦੀ ਤਰ੍ਹਾਂ ਰਹਿੰਦੇ ਹਨ। ਉਹ ਸਭ ਕੁਝ ਇਕੱਠੇ ਖਾਂਦੇ, ਇਕੱਠੇ ਰਹਿੰਦੇ ਅਤੇ ਇਕੱਠੇ ਹੀ ਦਿਨ ਤਿਉਹਾਰ ਮਨਾਉਂਦੇ ਹਨ। ਖੇਡਾਂ ਅਤੇ ਮਨ ਪਰਚਾਵੇ ਦੇ ਢੁੱਕਵੇਂ ਪ੍ਰੋਗਰਾਮ ਉਥੋਂ ਦੇ ਨਿਤਕ੍ਰਮ ਵਿੱਚ ਸ਼ਾਮਿਲ ਹਨ। ਟੈਗੋਰ ਦਾ ਸ਼ਾਂਤੀ ਨਿਕੇਤਨ ਬਣਾਉਣ ਦਾ ਮੁੱਖ ਉਦੇਸ਼ ਇਹ ਸੀ ਕਿ ਭਿੰਨ-ਭਿੰਨ ਜਾਤੀਆਂ, ਪ੍ਰਾਂਤਾਂ ਜਾਂ ਦੇਸ਼ਾਂ ਦੇ ਧਰਮ, ਸਾਹਿਤ, ਇਤਿਹਾਸ, ਵਿਗਿਆਨ ਕਲਾ ਅਤੇ ਸਭਿਅਤਾ ਦਾ ਇਕ ਸਾਂਝਾ ਕੇਂਦਰ ਕਾਇਮ ਕਰਨਾ, ਜਿਥੇ ਭਾਰਤੀ ਅਤੇ ਵਿਦੇਸ਼ੀ ਸੰਸਕ੍ਰਿਤੀਆਂ ਨੂੰ ਸੰਯੁਕਤ ਕਰਕੇ ਵਿਸ਼ਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਦਭਾਵਨਾ ਲਈ ਲੋੜੀਂਦਾ ਵਾਤਾਵਰਣ ਉਪਜਾਇਆ ਜਾ ਸਕਦੇ।

### (2) ਵਿਸ਼ਵਭਾਰਤੀ ਦਾ ਪ੍ਰਬੰਧ (Organisation of Vishwa Bharti)

ਸੰਨ 1921 ਵਿੱਚ ਸ਼ਾਂਤੀਨਿਕੇਤਨ ਆਸ਼ਰਮ ਨੂੰ ਵਿਸ਼ਵਭਾਰਤੀ ਯੂਨੀਵਰਸਿਟੀ ਵਿੱਚ ਬਦਲ ਦਿੱਤਾ ਗਿਆ। ਸੰਨ 1951 ਵਿੱਚ ਉਸਨੂੰ ਪੰਜਵੀਂ ਕੇਂਦਰੀ ਯੂਨੀਵਰਸਿਟੀ ਬਣਾਇਆ ਗਿਆ ਜਿਹੜੀ ਕਿ ਅੱਜਕੱਲ ਕੇਂਦਰੀ ਸਰਕਾਰ ਦੇ ਅਧੀਨ ਹੈ। ਇਸ ਦਾ ਮੁੱਲ ਉਦੇਸ਼ ਪੂਰਬ ਅਤੇ ਪੱਛਮ ਵਿੱਚ ਸੰਜੀਵ ਸੰਬੰਧ ਕਾਇਮ ਕਰਨਾ, ਅੰਤਰ-ਸਭਿਆਚਾਰਕ, ਅੰਤਰ-ਸਮਾਜਿਕ ਮਿੱਤਰਤਾ ਕਾਇਮ ਕਰਨਾ, ਆਧੁਨਿਕ ਯੁੱਗ ਦੇ ਉੱਤੇ ਨਿਸ਼ਾਨੇ 'ਮਨੁੱਖ ਦੀ ਏਕਤਾ' ਕਾਇਮ ਕਰਨਾ ਹੈ।

ਇਸ ਵਿਸ਼ਵਵਿਦਿਆਲੇ ਦੇ ਮੁੱਖ ਤਿੰਨ ਭਾਗ ਹਨ, ਪਹਿਲਾ ਭਾਗ ਹੈ 'ਪਥ-ਭਵਨ' ਜਾਂ ਪ੍ਰਗਤੀਸ਼ੀਲ ਹਾਈ ਸਕੂਲ ਜਿਸ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ 6 ਤੋਂ 16 ਸਾਲ ਤੱਕ ਦੇ ਬੱਚੇ ਪੜ੍ਹਦੇ ਹਨ। ਬੱਚਿਆਂ ਨੂੰ ਕੁਦਰਤੀ ਵਾਤਾਵਰਣ ਵਿੱਚ ਮਾਨਵਵਾਦੀ ਅਤੇ ਅੰਤਰਰਾਸ਼ਟਰੀ ਸੰਸਕ੍ਰਿਤੀ ਅਤੇ ਸਦਭਾਵਨਾ ਦੇ ਮਾਹੌਲ ਵਿਚ ਪੜ੍ਹਾਇਆ ਜਾਂਦਾ ਹੈ। ਇਸ ਸਕੂਲ ਦਾ ਮੁੱਖ ਉਦੇਸ਼ ਖੁੱਲ੍ਹ, ਸਵੈ-ਕਿਰਿਆ, ਸੁਤੰਤਰਤਾ ਦੇ ਵਾਤਾਵਰਣ ਵਿਚ ਬੱਚੇ ਦਾ ਬਹੁਪੱਖੀ ਅਰਥਾਤ ਸਰੀਰਕ, ਬੌਧਿਕ, ਨੈਤਿਕ ਅਤੇ ਅਧਿਆਤਮਿਕ ਵਿਕਾਸ ਹੈ। ਬੱਚਿਆਂ ਨੂੰ ਖੇਡਾਂ, ਸਮਾਜ ਸੇਵਾ, ਵਿਦਿਆਰਥੀਆਂ ਦੇ ਸਵੈ-ਸ਼ਾਸਨ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੱਚੇ ਦੀ ਸੁਤੰਤਰਤਾ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਕੋਈ ਚੀਜ਼ ਉਸ ਉਤੇ ਠੋਸੀ ਨਹੀਂ ਜਾਂਦੀ। ਸੰਗੀਤ, ਨਾਚ, ਨਾਟਕ, ਚਿੱਤਰਕਲਾ, ਖੇਤੀ, ਬਾਗਵਾਨੀ, ਪ੍ਰਾਦੇਸ਼ਿਕ ਅਧਿਐਨ, ਮੌਲਿਕ ਕੰਮ, ਸੈਰ ਸਪਾਟੇ, ਪ੍ਰਯੋਗਸ਼ਾਲਾ ਦਾ ਕੰਮ ਆਦਿ ਕਿਰਿਆਵਾਂ ਤੇ ਜ਼ੋਰ ਦਿੱਤਾ ਜਾਂਦਾ ਹੈ।

ਦੂਜੇ ਵਿਚ ਵਿਸ਼ਵਭਾਰਤੀ ਯੂਨੀਵਰਸਿਟੀ ਦੇ ਕੁਝ ਵਿਦਿਆਲੇ ਆਉਂਦੇ ਹਨ। ਇਸ ਯੂਨੀਵਰਸਿਟੀ ਵਿਚ ਆਪਣਾ ਛਾਪਾਖਾਨਾ, ਲਾਇਬਰੇਰੀ, ਡਾਕਘਰ, ਹਸਪਤਾਲ, ਵਰਕਸ਼ਾਪ, ਡੇਅਰੀ ਫਾਰਮ ਅਤੇ ਅਦਾਲਤ ਹੈ। ਵੱਖ-ਵੱਖ ਵਿਦਿਆਲਿਆਂ ਵਿੱਚ ਵਿਦਿਆ ਭਵਨ ਪ੍ਰਮੁੱਖ ਹੈ ਜਿਸ ਵਿੱਚ ਪੂਰਬੀ ਭਾਸ਼ਾਵਾਂ, ਸਾਹਿਤ, ਦਰਸ਼ਨ ਅਤੇ ਸੰਸਕ੍ਰਿਤੀ ਸੰਬੰਧੀ ਖੋਜ ਕੀਤੀ ਜਾਂਦੀ ਹੈ। ਇਸ ਵਿੱਚ ਚੀਨ-ਭਵਨ ਵੀ ਹੈ ਜਿਸ ਵਿੱਚ ਚੀਨ ਦੀ ਸੰਸਕ੍ਰਿਤੀ, ਪ੍ਰਕਿਰਤੀ, ਤਿੱਬਤੀ ਅਤੇ ਚੀਨੀ ਭਾਸ਼ਾਵਾਂ ਦੇ ਉੱਚ ਪੱਧਰੀ ਅਧਿਐਨ ਲਈ ਸਹੂਲਤਾਂ ਉਪਲਬੱਧ ਹਨ। ਸੂਖਮ

ਕਲਾਵਾਂ ਅਤੇ ਸ਼ਿਲਪ ਕਲਾ ਦੇ ਸਕੂਲ 'ਕਲਾ ਭਵਨ ਅਤੇ ਸੰਗੀਤ ਨਾਚ ਆਦਿ ਦਾ ਸਕੂਲ 'ਸੰਗੀਤ ਭਵਨ' ਵੀ ਹੈ। ਹਿੰਦੀ ਭਾਸ਼ਾਵਾਂ ਅਤੇ ਸਾਹਿਤ ਬਾਰੇ ਜਾਣਕਾਰੀ ਲਈ ਪ੍ਰਬੰਧ ਹੈ। ਅਧਿਆਪਕ ਸਿੱਖਿਆ ਭਵਨ ਅਧਿਆਪਕਾਂ ਦੀ ਸਿੱਖਿਆ ਲਈ ਬਣਾਇਆ ਗਿਆ ਹੈ। 'ਰਬਿੰਦਰ ਭਵਨ' ਗੁਰਦੇਵ ਟੈਗੋਰ ਤੇ ਖੋਜ ਕਰਨ ਦਾ ਕੇਂਦਰ ਹੈ। ਇਨ੍ਹਾਂ ਭਵਨਾਂ ਤੋਂ ਇਲਾਵਾ 'ਇਸਲਾਮ-ਅਨੁਸ਼ਾਸਨ ਵਿਭਾਗ' ਵੀ ਹੈ ਜਿਥੇ ਇਸਲਾਮ ਧਰਮ ਅਤੇ ਸੰਸਕ੍ਰਿਤੀ ਸੰਬੰਧੀ ਜਾਣਕਾਰੀ ਮਿਲਦੀ ਹੈ।

ਯੂਨੀਵਰਸਿਟੀ ਦੇ ਤੀਜੇ ਭਾਗ ਵਿੱਚ 'ਦਿਹਾਤੀ ਵਿਕਾਸ ਸਿਰਜਨਾ ਦਾ ਵਿਦਿਆਲਾ ਹੈ।' ਇਸ ਦਾ ਮੁੱਖ ਉਦੇਸ਼ ਦਿਹਾਤੀ ਪੁਨਰ ਉਸਾਰੀ ਦੇ ਆਸ਼ਰਮ ਦੀ ਬੁਨਿਆਦ ਰੱਖਣਾ ਹੈ। ਜਿਹੜੀ ਭਾਰਤੀ ਪਿੰਡਾਂ ਦੇ ਮੁੱਖੀ ਅਤੇ ਸੰਤੁਸ਼ਟ ਮਨੁੱਖੀ ਜੀਵਨ ਦਾ ਪ੍ਰਤੀਕ ਹੋਵੇ। ਇਸ ਵਿਦਿਆਲੇ ਵਿਚ ਦਿਹਾਤੀ ਲੋਕਾਂ ਨੂੰ ਛੋਟੀਆਂ ਸਨਅਤਾਂ ਬਾਰੇ ਅਤੇ ਖੇਤੀ ਦੇ ਚੰਗੇ ਸਾਧਨਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤੋਂ ਬਿਨਾਂ ਦਿਹਾਤੀ ਲੋਕਾਂ ਨੂੰ ਮੁੱਢਲੀ ਸਿੱਖਿਆ ਅਤੇ ਰਾਜਨੀਤਿਕ ਚੇਤਨਾ ਬਾਰੇ ਵੀ ਜਾਣੂੰ ਕਰਵਾਇਆ ਜਾਂਦਾ ਹੈ।

ਇਹ ਇਕ ਵਿਸ਼ਵ ਹਤੈਸ਼ੀ ਯੂਨੀਵਰਸਿਟੀ ਹੈ ਜਿਸ ਵਿਚ ਹਰ ਧਰਮ ਅਤੇ ਮਜ਼ਹਬ ਦੇ ਅਧਿਆਪਕ ਅਤੇ ਵਿਦਿਆਰਥੀ ਇਕੱਠੇ ਰਹਿੰਦੇ ਹਨ। ਟੈਗੋਰ ਨੇ ਲਿਖਿਆ ਹੈ, ਹੇ ਪਿਤਾ ਮੇਰੇ ਦੇਸ਼ ਨੂੰ ਇਹ ਅਸ਼ੀਰਵਾਦ ਦੇਵੋ ਕਿ ਉਹ ਐਸੀ ਅਵਸਥਾ ਪ੍ਰਾਪਤ ਕਰ ਸਕੇ, ਜਿਸ ਵਿਚ ਮਨ ਨਿਡਰ ਅਤੇ ਸੀਸ ਉੱਚਾ ਰਹੇ, ਜਿਥੇ ਗਿਆਨ ਬੰਧਨ ਰਹਿਤ ਹੋਵੇ ਅਤੇ ਜਿਥੇ ਸੰਸਾਰ ਦੀ ਏਕਤਾ ਨੂੰ ਤੰਗ ਨਜ਼ਰੀ ਨੇ ਛੋਟੇ ਵਰਗਾਂ ਵਿਚ ਨਾ ਵੰਡਿਆ ਹੋਵੇ।

### (3) ਸ਼ਾਂਤੀਨਿਕੇਤਨ ਆਸ਼ਰਮ ਵਿਖੇ ਵਿਸ਼ਵਭਾਰਤੀ ਯੂਨੀਵਰਸਿਟੀ ਵਿਚ ਜੀਵਨ (Life in Vishwa Bharti University at Shantiniketan Ashram)

ਵਿਸ਼ਵ ਭਾਰਤੀ ਯੂਨੀਵਰਸਿਟੀ ਇਕ ਰਿਹਾਇਸ਼ੀ ਯੂਨੀਵਰਸਿਟੀ ਹੈ ਜਿਥੇ ਵਿਦਿਆਰਥੀ ਸਵੇਰੇ ਪੰਜ ਵਜੇ ਉਠਦੇ ਹਨ। ਸੂਰਜ ਚੜ੍ਹਨ ਤੋਂ ਪਹਿਲਾਂ ਸਾਰੇ ਨਹਾ ਧੋ ਕੇ ਆਪੋ ਆਪਣੇ ਵਿਸ਼ਵਾਸਾਂ ਅਨੁਸਾਰ ਖਾਮੋਸ਼ ਪ੍ਰਾਰਥਨਾ ਕਰਦੇ ਹਨ। ਦਿਨ ਚੜ੍ਹਨ ਦੇ ਕਰੀਬ ਬੱਚੇ ਨਾਸ਼ਤਾ ਕਰਦੇ ਹਨ। ਸਕੂਲ ਦੀ ਪੜ੍ਹਾਈ 7 ਵਜੇ ਤੋਂ 1.30 ਵਜੇ ਤੱਕ ਹੁੰਦੀ ਹੈ। ਖਾਣੇ ਤੋਂ ਬਾਅਦ ਪੜ੍ਹਾਈ ਦੀ ਦੂਜੀ ਸਿਫਟ 2.30 ਵਜੇ ਦੁਪਹਿਰ ਤੱਕ ਲੱਗਦੀ ਹੈ। ਸ਼ਾਮ ਨੂੰ ਸਾਰਿਆਂ ਲਈ ਖੇਡਾਂ ਅਤੇ ਦਿਲ ਪਰਚਾਵੇ ਦਾ ਢੁੱਕਵਾਂ ਪ੍ਰਬੰਧ ਹੁੰਦਾ ਹੈ। ਸ਼ਾਮ ਨੂੰ ਪੰਦਰਾਂ ਮਿੰਟ ਦੀ ਪ੍ਰਾਰਥਨਾ ਅਤੇ 9.30 ਵਜੇ ਸੌਣ ਦਾ ਸਮਾਂ ਹੁੰਦਾ ਹੈ। ਹਰ ਕੋਈ ਆਪਣੇ ਲਈ ਪਾਣੀ ਆਪ ਭਰਦਾ ਹੈ, ਆਪਣੇ ਕੱਪੜੇ ਆਪ ਧੋਂਦਾ ਹੈ ਅਤੇ ਕਮਰੇ ਦੀ ਸਫਾਈ ਆਪ ਕਰਦਾ ਹੈ। ਬੱਚਿਆਂ ਨੂੰ ਨੇੜੇ ਦੇ ਪਿੰਡਾਂ ਵਿਚ ਗਰੀਬ ਨੀਵੇਂ ਵਰਗ ਦੇ ਲੋਕਾਂ ਨੂੰ ਪੜ੍ਹਾਉਣ ਲਈ ਵੀ ਭੇਜਿਆ ਜਾਂਦਾ ਹੈ। ਇਹ ਸਭ ਪ੍ਰਾਚੀਨ ਭਾਵਨਾਵਾਂ ਅਤੇ ਆਧੁਨਿਕ ਰੇਖਾਵਾਂ ਤੇ ਕੰਮ ਕਰਦੇ ਹਨ।

### ਸਿੱਟਾ (Conclusion)

ਟੈਗੋਰ ਨੇ ਵਿਸ਼ਵਭਾਰਤੀ ਯੂਨੀਵਰਸਿਟੀ ਦੇ ਰੂਪ ਵਿਚ ਭਾਰਤ ਨੂੰ ਵੱਡੀ ਦੇਣ ਪ੍ਰਦਾਨ ਕੀਤੀ ਹੈ। ਇਸ ਯੂਨੀਵਰਸਿਟੀ ਰਾਹੀ ਉਸਨੇ ਭਾਰਤੀਆਂ ਨੂੰ ਅਜਿਹਾ ਦਰਸ਼ਨ ਪ੍ਰਦਾਨ ਕੀਤਾ ਜਿਸ ਵਿੱਚ ਇਕ ਪ੍ਰਗਤੀਸ਼ੀਲ ਸਿੱਖਿਆ ਦਰਸ਼ਨ ਦੇ ਸਾਰੇ ਗੁਣ ਪਾਏ ਜਾਂਦੇ ਹਨ। ਇਸ ਦੇ ਨਾਲ ਪੂਰਬ ਅਤੇ ਪੱਛਮ ਵਿਚ ਸੰਬੰਧ ਕਾਇਮ ਕਰਨ ਦੇ ਇਛੁੱਕ ਟੈਗੋਰ ਨੇ ਅੰਤਰ-ਸਭਿਆਚਾਰਕ ਅਤੇ ਅੰਤਰ-ਸਮਾਜਿਕ ਮਿੱਤਰਤਾ ਦਾ ਸੁਨੇਹਾ ਦਿੱਤਾ। ਉਹ ਵਿਸ਼ਵ ਭਾਈਚਾਰੇ ਦਾ ਹਾਮੀ ਸੀ ਅਤੇ ਉਸ ਨੇ ਸਾਰੇ ਸੰਸਾਰ ਨੂੰ ਇਕ ਭਾਈਚਾਰਾ ਬਨਾਉਣ ਦਾ ਨਾਅਰਾ ਲਾਇਆ।

ਟੈਗੋਰ ਦੀ ਸਭ ਤੋਂ ਵੱਡੀ ਦੇਣ ਦਿਹਾਤੀ ਪੁਨਰ ਉਸਾਰੀ ਸੰਸਥਾ ਕਾਇਮ ਕਰਕੇ ਪੇਂਡੂ ਵਰਗ ਨੂੰ ਉੱਚਾ ਚੁੱਕਣਾ ਹੈ। ਉਸਦਾ ਵਿਚਾਰ ਸੀ ਕਿ ਮੁੱਢ ਤੋਂ ਹੀ ਪੇਂਡੂ ਲੋਕਾਂ ਨੂੰ ਇਸ ਪ੍ਰਕਾਰ ਦੀ ਸਿੱਖਿਆ ਦੇਣੀ ਚਾਹੀਦੀ ਹੈ, ਜਿਸ ਦੇ ਨਾਲ ਉਹ ਸਮਾਜ ਭਲਾਈ ਸਮਝ ਸਕਣ ਅਤੇ ਆਰੰਭ ਤੋਂ ਹੀ ਆਪਣੀ ਰੋਜ਼ੀ ਕਮਾਉਣ ਦੇ ਯੋਗ ਬਣ ਸਕਣ। ਇਸ ਸੰਸਥਾ ਵਿਚ ਕਲਾ, ਸ਼ਿਲਪ ਅਤੇ ਛੋਟੀਆਂ ਸਨਅਤਾਂ ਨੂੰ ਤਰਜੀਹ ਦਿੱਤੀ ਗਈ ਹੈ ਤਾਂ ਜੋ ਲੋਕਾਂ ਦੀ ਆਰਥਿਕ ਸਥਿਤੀ ਸੁਧਰ ਸਕੇ। ਪੇਂਡੂ ਜਵਾਨਾਂ ਨੂੰ ਖੇਤੀਬਾੜੀ, ਮੁਰਗੀਆਂ ਅਤੇ ਪਸ਼ੂ-ਪਾਲਣ, ਕੱਪੜੇ ਬਨਣ, ਦਸਤਕਾਰੀ ਆਦਿ ਸੰਬੰਧੀ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਕਿ ਪਿੰਡਾਂ ਵਿਚ ਸੁਖਦਾਈ, ਆਨੰਦਮਈ

ਅਤੇ ਸੰਤੁਸ਼ਟ ਜੀਵਨ ਦੀ ਬੁਨਿਆਦ ਰੱਖੀ ਜਾ ਸਕੇ

ਵਿਲੀਅਮ ਕਿਲਪੈਟਰਿਕ (William Kilpetric) ਨੇ ਕਿਹਾ ਕਿ ''ਟੈਗੋਰ ਦੀ ਸਿੱਖਿਆ ਸੰਬੰਧੀ ਵਿਚਾਰਧਾਰਾ, ਸਿੱਖਿਆ ਦੀ ਆਧੁਨਿਕ ਵਿਚਾਰਧਾਰਾ ਦੇ ਬਿਲਕੁਲ ਹੀ ਅਨੁਕੂਲ ਹੈ। ਇਸ ਵਿਚ ਟੈਗੋਰ ਦੀ ਚੋਣ ਇਸ ਪੱਖ ਤੋਂ ਹੋਰ ਵੀ ਵਧੇਰੇ ਹੈ ਕਿ ਉਸ ਨੇ ਇਸ ਪ੍ਰਣਾਲੀ ਨੂੰ ਤਜ਼ਰਬੇ ਕਰਕੇ ਅਪਣਾਇਆ ਹੈ।'' ਟੈਗੋਰ ਦੀ ਸਿੱਖਿਆ ਸੰਬੰਧੀ ਦੇਣ ਕਲਕੱਤਾ ਯੂਨੀਵਰਸਿਟੀ ਸਿੰਡੀਕੇਟ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਹੈ, ''ਟੈਗੋਰ ਦੁਆਰਾ ਭਾਰਤ ਨੇ ਵਿਸ਼ਵ ਨੂੰ ਮਾਨਵਤਾ ਦਾ ਸੁਨੇਹਾ ਦਿੱਤਾ ਹੈ ਅਤੇ ਸਾਹਿਤ, ਦਰਸ਼ਨ ਅਤੇ ਕਲਾ ਆਦਿ ਖੇਤਰਾਂ ਵਿਚ ਉਸ ਦੀਆਂ ਪ੍ਰਾਪਤੀਆਂ ਰਾਹੀ ਉਸ ਨੇ ਨਾਂ ਹਾਸਿਲ ਕੀਤਾ ਅਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਭਾਰਤ ਦਾ ਨਾਂ ਉੱਚਾ ਕੀਤਾ ਹੈ।

**(ੳ) ਜਾਣ-ਪਛਾਣ**

ਟੈਗੋਰ ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਿਕ ਸੀ ਅਤੇ ਇਸ ਸਦੀ ਦੇ ਮਹਾਨ ਅਧਿਆਪਕਾਂ ਵਿੱਚੋਂ ਇਕ ਸੀ। ਉਸ ਦੀ ਸੰਗੀਤ ਕਲਾ, ਕਾਵਿ ਰਚਨਾ, ਸਾਹਿਤ, ਡਰਾਮਾ, ਦਰਸ਼ਨ ਅਤੇ ਸਿੱਖਿਆ ਦੇ ਖੇਤਰ ਵਿੱਚ ਦੇਣ ਸਲਾਹੁਣ ਯੋਗ ਹੈ।

**(ਅ) ਜੀਵਨੀ**

ਟੈਗੋਰ ਦਾ ਜਨਮ 7 ਮਈ, 1861 ਨੂੰ ਕਲਕੱਤਾ ਵਿਖੇ ਹੋਇਆ। ਉਸਦੀ ਮੁੱਢਲੀ ਸਿੱਖਿਆ ਘਰ ਵਿਚ ਹੀ ਹੋਈ। ਸੰਨ 1913 ਵਿਚ ਉਸ ਨੂੰ 'ਗੀਤਾਂਜਲੀ' ਲਈ ਨੋਬਲ ਇਨਾਮ ਮਿਲਿਆ। ਉਸ ਨੇ ਆਪਣਾ ਸਕੂਲ ਸ਼ਾਂਤੀ ਨਿਕੇਤਨ ਅਤੇ ਵਿਸ਼ਵਭਾਰਤੀ ਸ਼ੁਰੂ ਕੀਤਾ ਜੋ ਕਿ ਅੱਜ ਕੱਲ੍ਹ ਅੰਤਰਰਾਸ਼ਟਰੀ ਯੂਨੀਵਰਸਿਟੀ ਹੈ।

**(ੲ) ਸਾਧਾਰਨ ਦਰਸ਼ਨ**

ਟੈਗੋਰ ਇਕ ਪ੍ਰਕਿਰਤੀਵਾਦੀ, ਅਧਿਆਤਮਵਾਦੀ, ਆਦਰਸ਼ਵਾਦੀ, ਮਾਨਵਵਾਦੀ ਅਤੇ ਅੰਤਰ-ਰਾਸ਼ਟਰਵਾਦੀ ਸੀ।

**(ਸ) ਸਿੱਖਿਆ ਦੇ ਸਿਧਾਂਤ**

ਉਸ ਦੇ ਸਿੱਖਿਆ ਦਰਸ਼ਨ ਦੇ ਪੰਜ ਮੁੱਖ ਸਿਧਾਂਤ ਹਨ: (1) ਬੱਚੇ ਦੀ ਸੁਤੰਤਰਤਤਾ (2) ਰਚਨਾਤਮਕ ਆਤਮ ਪ੍ਰਗਟਾਅ (3) ਆਦਰਸ਼ਵਾਦ ਅਤੇ ਮਾਨਵਤਾਵਾਦ (4) ਪ੍ਰਕਿਰਤੀਵਾਦ (5) ਅੰਤਰ-ਰਾਸ਼ਟਰਵਾਦ।

**(ਹ) ਸਿੱਖਿਆ ਦੇ ਉਦੇਸ਼ :**

1. ਨੈਤਿਕ ਅਤੇ ਅਧਿਆਤਮਕ 2. ਬੌਧਿਕ 3. ਸਰੀਰਕ

(ਕ) ਉਸ ਨੇ ਪਾਠਕ੍ਰਮ ਵਿਚ ਵਿਸ਼ਿਆਂ ਦੀ ਸਿੱਖਿਆ ਤੋਂ ਇਲਾਵਾ ਸਾਰੇ ਸੁੰਦਰਤਾਮਈ ਵਿਸ਼ੇ ਵੀ ਸ਼ਾਮਿਲ ਕੀਤੇ ਹਨ। ਉਸ ਨੇ ਦਸਤੀ ਕੰਮਾਂ ਤੇ ਜ਼ੋਰ ਦਿੱਤਾ ਸੀ।

(ਖ) ਟੈਗੋਰ ਨੇ ਸਿੱਖਿਆ ਦੀਆਂ ਵਿਧੀਆਂ ਵਿਚ ਕਿਰਿਆ ਵਿਧੀ, ਸੈਰ ਸਪਾਟੇ ਰਾਹੀਂ ਸਿੱਖਿਆ ਅਤੇ ਵਿਚਾਰ ਪ੍ਰਣਾਲੀ ਨੂੰ ਮਹੱਤਵ ਦਿੱਤਾ ਹੈ। ਉਹ ਪ੍ਰੀਖਿਆ ਵਿਧੀ ਦੇ ਵਿਰੁੱਧ ਸੀ।

(ਗ) ਸਿੱਖਿਆ ਦੇ ਖੇਤਰ ਲਈ ਸ਼ਾਂਤੀ-ਨਿਕੇਤਨ ਅਤੇ ਵਿਸ਼ਵ-ਭਾਰਤੀ ਟੈਗੋਰ ਦੀ ਕਿਰਿਆਤਮਕ ਉਦਾਹਰਣ ਹਨ। ਇਹ ਇਕ ਰਿਹਾਇਸ਼ੀ ਯੂਨੀਵਰਸਿਟੀ ਹੈ ਜੋ ਆਸ਼ਰਮ ਵਾਂਗ ਹੈ। ਇਸ ਵਿਚ ਬਹੁਤ ਸਾਰੇ ਵਿਭਾਗ ਹਨ, ਜਿਵੇਂ ਵਿਦਿਆ ਭਵਨ, ਚੀਨ ਭਵਨ, ਕਲਾ ਭਵਨ, ਸੰਗੀਤ ਭਵਨ, ਸਿੱਖਿਆ ਭਵਨ ਅਤੇ ਰਾਬਿੰਦਰ ਭਵਨ। ਇਸ ਵਿਚ ਬੱਚਿਆਂ ਦਾ ਸਕੂਲ ਹੈ ਪੱਥ ਭਵਨ। ਰਾਵਿੰਦਰ ਭਵਨ, ਖੋਜ ਲਈ ਇਕ ਸੰਸਥਾ ਹੈ।

### 2.2.4 ਮਹਾਤਮਾਂ ਗਾਧੀ ਜੀ ਦੀ ਜੀਵਨੀ:

ਇਸ ਸਦੀ ਵਿੱਚ ਮਹਾਤਮਾ ਗਾਂਧੀ ਦੇ ਰੂਪ ਵਿੱਚ ਇੱਕ ਮਹਾਨ ਸ਼ਖ਼ਸੀਅਤ ਸਾਡੇ ਦੇਸ਼ ਵਿਚ ਆਈ ਜਿਸ ਨੇ ਲੋਕਾਂ ਨੂੰ ਝੰਜੋੜ ਕੇ ਉਠਾਇਆ ਤੇ ਇਕ ਨਵਾਂ ਇਤਿਹਾਸ ਬਣਾਇਆ। ਉਸ ਨੇ ਭਾਰਤ ਦੇ ਇਤਿਹਾਸ ਨੂੰ ਵੀ ਬਦਲ ਕੇ ਰੱਖ ਦਿੱਤਾ ਅਤੇ ਸਾਰੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿਜਾਤ ਦਿਵਾਈ ਤੇ ਭਾਰਤ ਨੂੰ ਇਕ ਆਜ਼ਾਦ ਦੇਸ਼ ਬਣਾ ਦਿੱਤਾ। ਉਨ੍ਹਾਂ ਦੀਆਂ ਪ੍ਰਾਪਤੀਆਂ ਏਨੀਆਂ ਉਤਸ਼ਾਹ ਦੇਣ ਵਾਲੀਆਂ ਤੇ ਮਹਾਨ ਹਨ ਕਿ ਇੰਝ ਲਗਦਾ ਹੈ ਕਿ ਆਉਣ ਵਾਲੀਆਂ ਨਸਲਾਂ ਸ਼ਾਇਦ ਇਹ ਵਿਸ਼ਵਾਸ ਹੀ ਨਾ ਕਰਨ ਕਿ ਕੋਈ ਅਜਿਹਾ ਵਿਅਕਤੀ ਭਾਰਤ ਵਿੱਚ ਹੋਇਆ ਵੀ ਹੋਵੇਗਾ। ਉਸ ਦੀ ਸ਼ਖਸੀਅਤ ਬਹੁ-ਪੱਖੀ ਸੀ। ਉਹ ਇਕ ਸੰਤ ਸੀ, ਫ਼ਿਲਾਸਫਰ ਸੀ, ਰਾਜਨੀਤੀਵਾਨ ਸੀ, ਮਨੋਵਿਗਿਆਨੀ ਸੀ, ਅਰਥ ਸ਼ਾਸਤਰੀ ਸੀ, ਸਮਾਜ ਸੇਵਕ ਸੀ ਅਤੇ ਸਾਰਿਆਂ ਤੋਂ ਉਪਰੰਤ ਇਕ ਸਿੱਖਿਆ ਸ਼ਾਸਤਰੀ ਵੀ ਸੀ। ਉਹ ਹਰ ਵਿਸ਼ੇ ਉਪਰ ਆਪਣੇ ਨਿੱਜੀ ਵਿਚਾਰ ਰੱਖਦੇ ਸੀ। ਉਨ੍ਹਾਂ ਨੇ ਨਵੀਆਂ ਲੀਹਾਂ ਪਾਈਆਂ ਤੇ ਅਹਿੰਸਾ, ਸਵੈਦੇਸ਼ੀ, ਸਤਿਆਗ੍ਰਹਿ, ਮੋਨ-ਵਰਤ, ਮਰਨ-ਵਰਤ, ਜਨ ਰੈਲੀ ਤੇ ਨਾ-ਮਿਲਵਰਤਨ ਵਰਗੇ ਵੱਖਰੇ ਅਨੁਭਵ ਲੋਕਾਂ ਨੂੰ ਦਿੱਤੇ ਅਤੇ ਆਪਣੇ ਜੀਵਨ ਵਿਚ ਅਮਲ ਕਰਕੇ ਇਨ੍ਹਾਂ ਦੇ ਨਤੀਜੇ ਲੋਕਾਂ ਅੱਗੇ ਸਪੱਸ਼ਟ ਕੀਤੇ। ਉਹ ਇਕ ਮਹਾਨ ਨੇਤਾ ਸੀ ਜਿਸ ਨੇ ਕਿ ਆਪਣੇ ਸਾਥੀਆਂ ਨਾਲ ਭਾਰਤ ਦਾ ਮਾਰਗ ਦਰਸ਼ਨ ਕੀਤਾ। ਸਾਰੀ ਦੁਨੀਆਂ ਉਸਨੂੰ ਦੁਨੀਆਂ ਭਰ ਦਾ ਨੇਤਾ ਮੰਨਦੀ ਹੈ। ਉਸ ਦੀ ਵਿਦਿਅਕ ਦੇਣ, ਜਿਸ ਤਰ੍ਹਾਂ ਕਿ ਸਮਾਜਿਕ ਉੱਨਤੀ, ਨਵੀਂ ਸੋਚ ਆਦਿ। ਸਿੱਖਿਆ ਢਾਂਚਾ ਉਤਪੰਨ ਕਰੇ, ਇਸ ਪ੍ਰਕਾਰ ਦੀ ਸਿੱਖਿਆ ਦੇ ਫਲਸਰੂਪ ਅਜਿਹੇ ਵਿਅਕਤੀ ਹੋਂਦ ਵਿਚ ਆਉਣਗੇ ਜਿਨ੍ਹਾਂ ਦੀਆਂ ਘਾਲਨਾਵਾਂ ਸਦਕਾ ਅਜਿਹਾ ਸਮਾਜ ਹੋਂਦ ਵਿੱਚ ਆਵੇਗਾ ਜਿਸ ਵਿੱਚ ਸਿੱਖਿਆ ਆਪਣਾ ਯੋਗਦਾਨ ਪਾਏਗੀ। ਪਰ ਅਜਿਹਾ ਵਿਦਿਅਕ ਢਾਂਚਾ ਭਾਰਤ ਵਿੱਚ ਪੂਰਨ ਭਾਂਤ ਲਾਗੂ ਨਹੀਂ ਹੋ ਸਕਿਆ ਜਿਸ ਲਈ ਮਹਾਤਮਾ ਗਾਂਧੀ ਨੂੰ ਦੋਸ਼ੀ ਨਹੀਂ ਬਣਾਇਆ ਜਾ ਸਕਦਾ। ਇਸ ਦਾ ਕਾਰਨ ਸ਼ਾਇਦ ਲੋਕਾਂ ਵਿੱਚ ਕੀਮਤਾਂ ਦਾ ਸਪੱਸ਼ਟ ਨਾ ਹੋਣ ਜਾਂ ਫੇਰ ਠੀਕ ਪ੍ਰਕਾਰ ਦੇ ਅਨੁਭਵ ਦੀ ਅਣਹੋਂਦ ਹੋਵੇ। ਉਸ ਨੇ ਤਾਂ ਆਪਣੇ ਯਤਨਾਂ ਨਾਲ ਉਹ ਕੁਝ ਕਰ ਦਿਖਾਇਆ ਜੋ ਲੋਕਾਂ ਨੂੰ ਅਸੰਭਵ ਲੱਗਦਾ ਸੀ। ਉਹ ਆਪਣੇ ਵਿਚਾਰਾਂ ਵਿਚ ਤੇ ਅਨੁਭਵਾਂ ਵਿੱਚ ਸਪੱਸ਼ਟ ਸੀ। ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿ ਉਸ ਨੇ ਸਮਾਜ ਨੂੰ ਧਰਮ, ਰੰਗ ਰੂਪ ਤੇ ਜਾਤ-ਪਾਤ ਤੋਂ ਉੱਚਾ ਚੁਕਿਆ ਤੇ ਹਰੀਜਨਾਂ ਦਾ ਬਹੁਤ ਸੁਧਾਰ ਕੀਤਾ ਤੇ ਉਨ੍ਹਾਂ ਨੂੰ ਸਮਾਜ ਵਿਚ ਯੋਗਦਾਨ ਪਾਇਆ। ਉਨ੍ਹਾਂ ਨੇ ਇਸ ਗੱਲ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਇਸ ਨੂੰ ਆਪਣੇ ਜੀਵਨ ਵਿੱਚ ਪੂਰਨ ਭਾਂਤ ਵਧਾ ਕੇ ਲੋਕਾਂ ਨੂੰ ਦਰਸਾਇਆ।

ਸਾਨੂੰ ਇਹ ਮਾਣ ਹੈ ਕਿ ਗਾਂਧੀ ਜੀ ਨੇ ਸਾਨੂੰ ਅਜ਼ਾਦੀ ਦਿਵਾਈ, ਸਾਡੇ ਦੇਸ਼ ਨੂੰ ਲੋਕ ਰਾਜੀ ਤੇ ਸਵਤੰਤਰ ਢਾਂਚਾ ਤੇ ਲੋਕਾਂ ਨੂੰ ਚੇਤੰਨ ਕੀਤਾ। ਰਾਜਨੀਤੀ ਦੇ ਖੇਤਰ ਵਿਚ ਉਨ੍ਹਾਂ ਨੂੰ ਸਤਿਆਗ੍ਰਹਿ ਤੇ ਅਹਿੰਸਾ ਵਰਗੇ ਜ਼ੋਰਦਾਰ ਹਥਿਆਰ ਦਿੱਤੇ। ਅਰਥ ਸ਼ਾਸਤਰ ਦੇ ਖੇਤਰ ਵਿਚ ਉਸ ਨੇ ਸਵੈਦੇਸ਼ੀ ਲਹਿਰ ਤੇ ਖਾਦੀ ਦੇ ਗ੍ਰਾਮੀਣ ਦਸਤਕਾਰੀ ਦੀ ਹਮਾਇਤ ਕੀਤੀ। ਉਨ੍ਹਾਂ ਨੇ ਇਕ ਤਰ੍ਹਾਂ ਦਾ ਵੱਖਰਾ ਸਰਵੋਦਿਆ ਸਮਾਜ ਬਣਾਇਆ। ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਵਾਰਧਾ ਸਕੀਮ ਦਿੱਤੀ।

ਮਹਾਤਮਾ ਗਾਂਧੀ 1869 ਵਿੱਚ ਪੋਰਬੰਦਰ ਰਿਆਸਤ ਵਿੱਚ ਪੈਦਾ ਹੋਏ ਜਿਥੇ ਕਿ ਉਨ੍ਹਾਂ ਦੇ ਦਾਦਾ ਮੁੱਖ ਮੰਤਰੀ ਦੇ ਅਹੁੰਦੇ ਤੇ ਰਹੇ ਸੀ। ਉਨ੍ਹਾਂ ਨੇ ਯੂ.ਕੇ. ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। 1893 ਵਿੱਚ ਉਹ ਸਾਊਥ ਅਫਰੀਕਾ ਵਿੱਚ ਕਿਸੇ ਮੁਕੱਦਮੇ ਦੀ ਵਕਾਲਤ ਕਰਨ ਲਈ ਗਏ। ਉਥੇ ਇਹ ਕੋਈ 20 ਸਾਲ ਰਹੇ ਤੇ ਭਾਰਤੀਆਂ ਦੇ ਹਿੱਤਾਂ ਲਈ ਲੜਦੇ ਰਹੇ। ਭਾਰਤ ਵਿੱਚ ਆ ਕੇ ਉਨ੍ਹਾਂ ਨੇ ਆਪਣੀ ਰਾਜਨੀਤਿਕ ਲੜਾਈ ਜਾਰੀ ਰੱਖ ਕੇ 1914 ਤੋਂ 1947 ਤੱਕ ਲੋਕਾਂ ਦੀ ਅਗਵਾਈ ਕੀਤੀ ਅਤੇ ਅੰਤ ਵਿੱਚ ਆਜ਼ਾਦੀ ਪ੍ਰਾਪਤੀ ਕਰਨ ਵਿੱਚ ਯੋਗਦਾਨ ਪਾਇਆ।

**2.2.4.2 ਗਾਂਧੀ ਜੀ ਦਾ ਫ਼ਲਸਫ਼ਾ (Gandhiji's General Philosophy)**

1. **ਰੱਬ ਵਿੱਚ ਵਿਸ਼ਵਾਸ** : ਉਹ ਭਗਵਾਨ ਨੂੰ ਸਰਬ ਸ਼ਕਤੀਸ਼ਾਲੀ, ਨਾ ਬਦਲਣ ਵਾਲਾ ਤੇ ਸਦੀਵੀ ਸਮਝਦੇ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਉਹ ਇਸ ਦੁਨੀਆਂ ਦਾ ਸਾਰਾ ਕਾਰੋਬਾਰ ਚਲਾਉਂਦਾ ਸੀ। ਉਹ ਇਕ ਮਹਾਨ ਰਾਜਾ ਹੈ ਤੇ ਇਹ ਅਟੁੱਟ ਸਚਾਈ ਹੈ। ਉਹ ਹਰ ਰੋਜ਼ ਸਿਮਰਨ ਕਰਦੇ ਸੀ ਤੇ ਸਭ ਦਾ ਭਲਾ ਮੰਗਦੇ ਸੀ। ਉਨ੍ਹਾਂ ਦੇ ਭਗਵਾਨ ਵਿੱਚ ਵਿਸ਼ਵਾਸ ਨੇ ਏਨਾ ਸ਼ਕਤੀਸ਼ਾਲੀ ਬਣਾ ਦਿੱਤਾ ਕਿ ਉਹ ਲੋਕਾਂ ਨੂੰ ਆਜ਼ਾਦੀ ਵਰਗੇ ਰਾਹ ਤੇ ਚਲਾ ਸਕੇ ਤੇ ਆਪਣਾ ਕੰਮ ਬੜੀ ਲਗਨ ਨਾਲ ਕਰਦੇ ਰਹੇ। ਉਨ੍ਹਾਂ ਦਾ ਵਿਸ਼ਵਾਸ ਲੋਕਾਂ ਨੂੰ ਇੱਕ ਮੁੱਠ ਕਰਨ ਵਿੱਚ ਬੜਾ ਸਹਾਈ ਹੋਇਆ। ਇਹ ਇਕ ਅਚੰਭੇ ਵਾਲੀ ਗੱਲ ਹੈ ਕਿ ਉਹ ਸਾਰੇ ਦੇਸ਼ ਨੂੰ ਜੋ ਕਿ ਵੱਖ-ਵੱਖ ਧਰਮਾਂ, ਭਾਸ਼ਾਵਾਂ ਤੇ ਨਸਲਾਂ ਵਿੱਚ ਵੰਡਿਆ ਹੋਇਆ ਹੈ ਇਕੱਠੇ ਕਰਕੇ ਠੀਕ ਰਾਹ ਤੇ ਚਲਾ ਸਕੇ।

2. **ਸਚਾਈ** : ਗਾਂਧੀ ਜੀ ਦਾ ਵਿਸ਼ਵਾਸ ਸੀ ਕਿ ਸਭ ਨਾਲੋਂ ਉੱਚੀ ਚੀਜ਼ ਸਚਾਈ ਹੈ ਤੇ ਇਹ ਰੱਬ ਦਾ ਦੂਸਰਾ ਨਾਮ ਹੈ। ਇਹ ਬਹੁਤ ਉੱਚੀ ਵਸਤੂ ਹੈ ਤੇ ਇਨਸਾਨ ਦੇ ਅੰਦਰ ਵੀ ਵਾਪਰਦੀ ਹੈ ਤੇ ਆਤਮਾ ਦੀ ਅਵਾਜ਼ ਦਰਸਾਈ ਜਾ ਸਕਦੀ ਹੈ। ਇਹ ਕਿਸੇ ਪਾਸੋਂ ਮੰਗੀ ਨਹੀਂ ਜਾ ਸਕਦੀ। ਗਾਂਧੀ ਜੀ ਕਿਸੇ ਇਕ ਧਰਮ ਜਾਂ ਗ੍ਰੰਥ ਦੀ ਸਚਾਈ ਵਿਚ ਵਿਸ਼ਵਾਸ ਨਹੀਂ ਰੱਖਦੇ ਤੇ ਇਸ ਪੱਖ ਤੋਂ ਉਹ ਨਿਰਪੱਖ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਮਨੁੱਖ ਨੂੰ ਸਦਾ ਸੱਚ ਬੋਲਣਾ ਚਾਹੀਦਾ ਹੈ ਭਾਵੇਂ ਇਸ ਲਈ ਉਸ ਨੂੰ ਜਾਨ ਵੀ ਕਿਉਂ ਨਾ ਦੇਣੀ ਪਵੇ? ਉਨ੍ਹਾਂ ਨੇ ਮਨੁੱਖਤਾ ਪ੍ਰਤੀ ਪਿਆਰ ਨੇ ਆਮ ਲੋਕਾਂ ਨੂੰ ਉਨ੍ਹਾਂ ਦੇ ਬਹੁਤ ਨੇੜੇ ਲੈ ਆਂਦਾ, ਤੇ ਉਹੋ ਆਪਣੇ ਨੇਤਾ ਨਾਲ ਚਟਾਨ ਦੀ ਤਰ੍ਹਾਂ ਖੜ੍ਹੇ ਹੋ ਗਏ। ਇਸ ਸਚਾਈ ਕਰਕੇ ਉਨ੍ਹਾਂ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਗਏ। ਇਹ ਗਾਂਧੀ ਜੀ ਦੇ ਮਜ਼ਬੂਤ ਹੋਣ ਦਾ ਇਕ ਕਾਰਨ ਸੀ। ਇਸ ਮਜਬੂਤੀ ਕਾਰਨ ਹੀ ਉਨ੍ਹਾਂ ਨੇ ਉਹ ਕੁਝ ਕਰ ਦਿਖਾਇਆ ਜੋ ਕਿ ਅਣਹੋਣਾ ਭਾਸਦਾ ਸੀ। ਉਨ੍ਹਾਂ ਨੇ ਭਾਰਤ ਨੂੰ ਉਸ ਦੇਸ਼ ਤੋਂ ਅਜ਼ਾਦ ਕਰਵਾਇਆ ਜਿਸ ਵਿੱਚ ਕਿ ਕਦੇ ਸੂਰਜ ਨਹੀਂ ਸੀ ਡੁੱਬਦਾ।

3. **ਪਿਆਰ** : ਗਾਂਧੀ ਜੀ ਪਿਆਰ ਦੇ ਉਪਾਸ਼ਕ ਸੀ ਤੇ ਇਸ ਨੂੰ ਰੱਬ ਦਾ ਰੁਤਬਾ ਦਿੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਆਦਮੀ ਨੂੰ ਘਿਰਣਾ, ਡਰ ਤੇ ਅਨੇਕਤਾ ਤੋਂ ਉੱਚਾ ਉਠਣਾ ਚਾਹੀਦਾ ਹੈ। ਹਰ ਇਨਸਾਨ ਵਿੱਚ ਇਕੋ ਹੀ ਪ੍ਰਕਾਰ ਦੀ ਆਤਮਾ ਹੈ। ਜਿਸ ਤਰ੍ਹਾਂ ਸੂਰਜ ਦੀਆਂ ਕਿਰਨਾਂ ਵੀ ਭਾਵੇਂ ਕਿੰਨੀਆਂ ਕਿਉਂ ਨਾ ਹੋਣ, ਉਨ੍ਹਾਂ ਦਾ ਸੋਮਾ ਇਕੋ ਹੀ ਹੈ। ਇਸ ਤਰ੍ਹਾਂ ਹੀ ਹਰ ਇਨਸਾਨ ਦਾ ਇਕੋ ਹੀ ਸੋਮਾ ਹੈ, ਜਿਸ ਨੂੰ ਪਰਮਾਤਮਾ ਕਿਹਾ ਜਾ ਸਕਦਾ ਹੈ। ਇਨਸਾਨ ਨੂੰ ਸਿਰਫ ਇਨਸਾਨਾਂ ਨੂੰ ਹੀ ਪਿਆਰ ਨਹੀਂ ਕਰਨਾ ਚਾਹੀਦਾ ਸਗੋਂ ਹਰ ਜੀਵ ਜੰਤੂ ਨੂੰ ਵੀ ਪਿਆਰ ਕਰਨਾ ਚਾਹੀਦਾ ਹੈ। ਗਾਂਧੀ ਜੀ ਦੇ ਇਸ ਪਿਆਰ ਸਕਦਾ ਹੀ ਲੋਕਾਂ ਨੂੰ ਉਨ੍ਹਾਂ ਵਿੱਚ ਅਟੁੱਟ ਵਿਸ਼ਵਾਸ ਬਣ ਗਿਆ ਸੀ ਤੇ ਇਸ ਤਰ੍ਹਾਂ ਕਰਨ ਨਾਲ ਉਹ ਮਹਾਤਮਾ ਗਾਂਧੀ ਜੀ ਦੀ ਤਾਕਤ ਦਾ ਕਾਰਣ ਬਣੇ ਸੀ। ਮਹਾਤਮਾ ਗਾਂਧੀ ਦੇ ਕਹਿਣ ਤੇ ਲੱਖਾਂ ਦੀ ਗਿਣਤੀ ਵਿੱਚ ਲੋਕ ਜੇਲ੍ਹ ਜਾ ਸਕਦੇ ਸੀ, ਲਾਠੀਆਂ ਨਾਲ ਮਾਰ ਖਾ ਸਕਦੇ ਸੀ ਤੇ ਇਥੋਂ ਤੱਕ ਕੀ ਆਪਣੀ ਜਾਨ ਦੀ ਕੁਰਬਾਨੀ ਵੀ ਦੇ ਸਕਦੇ ਸੀ।

4. **ਅਹਿੰਸਾ** : ਗਾਂਧੀ ਜੀ ਭਗਵਾਨ, ਸਚਾਈ ਤੇ ਅਹਿੰਸਾ ਨੂੰ ਇਕੋ ਜਿਹੀ ਹੀ ਚੀਜ਼ ਸਮਝਦੇ ਸੀ। ਬੁਰਾਈ ਦਾ ਨਾਸ਼, ਪਿਆਰ ਤੇ ਅਹਿੰਸਾ ਨਾਲ ਕੀਤਾ ਜਾ ਸਕਦਾ ਹੈ। ਬੁਰਾਈ ਨੂੰ ਨਫਰਤ ਕਰੋ, ਬੁਰੇ ਵਿਅਕਤੀ ਨੂੰ ਨਹੀਂ। ਤਸ਼ੱਦਦ ਜ਼ਾਲਮਾਂ ਦਾ ਹਥਿਆਰ ਹੈ। ਗਾਂਧੀ ਜੀ ਸਚਾਈ ਤੇ ਅਹਿੰਸਾ ਨੂੰ ਇਕੋ ਹੀ ਸਿੱਕੇ ਦੇ ਦੋ ਪਾਸੇ ਸਮਝਦੇ ਸੀ। ਜੇ ਕਿਸੇ ਨੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਸ ਨੂੰ ਸੱਚਾ ਜੀਵਨ ਜੀਣਾ ਚਾਹੀਦਾ ਹੈ ਤੇ ਇਹ ਆਪ ਹੀ ਅਹਿੰਸਾ ਵੱਲ ਲੈ ਜਾਂਦਾ ਹੈ। ਅਹਿੰਸਾਵਾਦੀ ਵਿਅਕਤੀ ਤਸ਼ੱਦਦ ਅੱਗੇ ਝੁਕਦਾ ਨਹੀਂ ਸਗੋਂ ਇਸ ਨਾਲ ਟਾਕਰਾ ਲੈਂਦਾ ਹੈ।

ਅਜਿਹਾ ਕਰਨ ਲਈ ਉਹ ਸਚਾਈ ਤੇ ਪਿਆਰ ਦੇ ਹਥਿਆਰ ਵਰਤਦਾ ਹੈ। ਇਹ ਗਲਤ ਹੈ ਕਿ ਅਹਿੰਸਾ

ਕਮਜ਼ੋਰਾਂ ਦਾ ਹਥਿਆਰ ਹੈ। ਇਹ ਤਾਂ ਤਾਕਤਵਰਾਂ ਦਾ ਹਥਿਆਰ ਹੈ। ਉਹ ਹੇਠ ਲਿਖੇ ਕਾਰਣਾਂ ਕਰਕੇ ਅਹਿੰਸਾ ਵਿੱਚ ਪੱਕਾ ਵਿਸ਼ਵਾਸ ਰੱਖਦੇ ਸੀ।

(ੳ) ਅਹਿੰਸਾ ਹਿੰਸਾ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੋਣ ਦੇ ਸਬੂਤ ਦਿੱਤੇ ਸਨ। ਇਹ ਕਮਜ਼ੋਰੀਆਂ ਦਾ ਨਹੀਂ ਸਗੋਂ ਸ਼ਕਤੀਆਂ ਦਾ ਪ੍ਰਤੀਕ ਹੈ।

(ਅ) ਇਹ ਪਸ਼ੂ ਬਿਰਤੀਆਂ ਉਤੇ ਨੈਤਿਕ ਅਤੇ ਸਦਾਚਾਰਕ ਸਿਧਾਂਤ ਰਾਹੀਂ ਜਿੱਤ ਪ੍ਰਾਪਤ ਕਰਦਾ ਹੈ।

(ੲ) ਅਸਲ ਵਿੱਚ ਪਿਆਰ ਅਤੇ ਸਚਾਈ ਦੀ ਹੀ ਆਖਿਰ ਵਿਚ ਜਿੱਤ ਹੁੰਦੀ ਹੈ।

(ਸ) ਅਹਿੰਸਾ ਗਲਤ ਇੱਛਾਵਾਂ ਦਾ ਨਾਸ਼ ਕਰਦੀ ਹੈ।

(ਹ) ਅਹਿੰਸਾ ਆਤਮਾ ਨੂੰ ਸ਼ੁੱਧ ਕਰਦੀ ਹੈ। ਅਹਿੰਸਕ ਵਿਅਕਤੀ ਤਪੱਸਿਆ ਭਰਿਆ ਜੀਵਨ ਬਤੀਤ ਕਰਦਾ ਹੈ।

ਸਿੱਖਿਆ ਕੌਮੀ ਪੁਨਰ ਸਿਰਜਨਾ ਦਾ ਇਕ ਸ਼ਕਤੀਸ਼ਾਲੀ ਹਥਿਆਰ ਬਣ ਸਕਦੀ ਹੈ। ਗਾਂਧੀ ਜੀ ਨੇ ਕਿਹਾ ਹੈ ਕਿ ਮੈਂ ਕਰਾਫਟ ਕੇਂਦਰਿਤ ਸਿੱਖਿਆ ਨੂੰ ਇੱਕ ਸ਼ਾਂਤਮਈ ਸਮਾਜਿਕ ਕਰਾਂਤੀ ਦਾ ਹਥਿਆਰ ਬਣਾਉਣਾ ਚਾਹੁੰਦਾ ਹਾਂ। ਉਨ੍ਹਾਂ ਅਨੁਸਾਰ ਸਿੱਖਿਆ ਕਰਾਫਟ-ਕੇਂਦਰਿਤ ਹੋਣੀ ਚਾਹੀਦੀ ਹੈ। ਸਕੂਲ ਦਾ ਸਮੁੱਚਾ ਮੁਹਾਂਦਰਾ ਇਕ ਸਜੀਵ ਗਤੀਸ਼ੀਲ ਰੋਜ਼ਾਨਾ ਕਾਰ-ਵਿਹਾਰ ਕਰ ਰਹੇ ਛੋਟੇ ਸਮਾਜ ਦੀ ਰੂਪ ਰੇਖਾ ਨਾਲ ਮਿਲਦਾ-ਜੁਲਦਾ ਹੋਣਾ ਚਾਹੀਦਾ ਹੈ।

### 2.2.4.3 ਮਹਾਤਮਾ ਗਾਂਧੀ ਦੀ ਸਮਾਜਿਕ ਫ਼ਿਲਾਸਫ਼ੀ (Social Philosophy of Gandhi Ji)

**(ੳ) ਭਾਈਚਾਰਾ** : ਗਾਂਧੀ ਜੀ ਨੇ ਧਰਮ, ਜਾਤ-ਪਾਤ, ਰੂਪ-ਰੰਗ, ਜਨਮ, ਅਮੀਰੀ-ਗਰੀਬ ਦੇ ਸਾਰੇ ਘੇਰਿਆਂ ਨੂੰ ਖਤਮ ਕੀਤਾ। ਉਨ੍ਹਾਂ ਨੇ ਛੂਤ-ਪਾਤ ਤੇ ਵਿਰੁੱਧ ਅਵਾਜ ਉਠਾਈ ਤੇ ਸਭ ਧਰਮਾਂ ਦੀ ਏਕਤਾ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਰਵੋਦਿਆ ਸਮਾਜ ਦੀ ਕਲਪਨਾ ਕੀਤੀ ਜਿਸ ਵਿੱਚ ਕੋਈ ਊਚ-ਨੀਚ ਨਾ ਹੋਵੇ। ਉਨ੍ਹਾਂ ਨੇ ਅਜਿਹੇ ਸਮਾਜ ਦੀ ਕਲਪਨਾ ਹੀ ਨਹੀਂ ਕੀਤੀ ਸਗੋਂ ਇਸ ਨੂੰ ਆਪਣੇ ਜੀਵਨ ਵਿੱਚ ਜੀਵਿਆ। ਇਸ ਪ੍ਰਕਾਰ ਦੇ ਸੰਕਲਪ ਕਾਰਨ ਹੀ ਉਹ ਸਾਰੇ ਦੇ ਸਾਰੇ ਸਮਾਜ ਨੂੰ ਇਕ ਲੜੀ ਵਿੱਚ ਪਰੋ ਕੇ ਅਜ਼ਾਦੀ ਲਈ ਤਿਆਰ ਕਰ ਸਕੇ ਸੀ। ਉਨ੍ਹਾਂ ਦੀਆਂ ਅਜਿਹੀਆਂ ਭਾਵਨਾਵਾਂ ਦੇ ਕਾਰਨ ਹੀ ਸਾਰੇ ਲੋਕਾਂ ਦਾ ਉਨ੍ਹਾਂ ਵਿੱਚ ਅਟੁੱਟ ਵਿਸ਼ਵਾਸ ਬਣ ਗਿਆ ਸੀ। ਸਾਰੇ ਧਰਮਾਂ ਦੇ ਲੋਕ ਤੰਗ ਕੀਮਤਾਂ ਨੂੰ ਛੱਡ ਕੇ ਇਕ ਮੁੱਠ ਹੋ ਕੇ ਉਨ੍ਹਾਂ ਦੇ ਨਾਲ ਖੜ੍ਹੇ ਹੋ ਗਏ ਸੀ, ਕਿ ਉਹ ਸਮੂਹ ਲੋਕਾਂ ਦੇ ਲੀਡਰ ਬਣ ਗਏ ਸੀ।

**(ਅ) ਸ਼ਹਿਰੀਅਤ** : ਗਾਂਧੀ ਜੀ ਇਕ ਅਜਿਹਾ ਸਮਾਜ ਸਥਾਪਤ ਕਰਨਾ ਚਾਹੁੰਦੇ ਸੀ ਜਿਸ ਵਿੱਚ ਸਰਕਾਰ ਇਨਸਾਫ, ਆਜ਼ਾਦੀ ਤੇ ਭਾਈਚਾਰੇ ਦਾ ਯਕੀਨ ਦਿਵਾਏ। ਹਰ ਇਕ ਸ਼ਹਿਰੀ ਨੂੰ ਇਸ ਪ੍ਰਕਾਰ ਤਿਆਰ ਕੀਤਾ ਜਾਵੇ ਕਿ ਉਹ ਇਕ ਚੰਗਾ ਸ਼ਹਿਰੀ ਬਣੇ ਤੇ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਭਲੀ ਭਾਂਤੀ ਨਿਭਾਵੇ। ਅਸਲ ਵਿੱਚ ਹੱਕ ਤੇ ਜ਼ਿੰਮੇਵਾਰੀਆਂ ਇਕੱਠੀਆਂ ਚਲਦੀਆਂ ਹਨ ਤੇ ਇਕੋ ਹੀ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਜਦੋਂ ਕੋਈ ਵਿਅਕਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਨ ਲੱਗ ਜਾਂਦਾ ਹੈ ਤਾਂ ਉਸਨੂੰ ਆਪਣੇ ਹੱਕਾਂ ਦਾ ਅਹਿਸਾਸ ਵੀ ਹੁੰਦਾ ਹੈ।

**(ੲ) ਵਿੱਤੀ ਬਰਾਬਰੀ** : ਗਾਂਧੀ ਜੀ ਦਾ ਵਿਚਾਰ ਸੀ ਕਿ ਕਾਰਖਾਨੇਦਾਰੀ ਨੇ ਗ੍ਰਾਮੀਣ ਲੋਕਾਂ ਤੇ ਕਾਰੀਗਰਾਂ ਦੀ ਜ਼ਿੰਦਗੀ ਨੂੰ ਦੁੱਭਰ ਬਣਾ ਦਿੱਤਾ ਸੀ ਤੇ ਅਮੀਰ ਅਮੀਰ ਬਣ ਰਹੇ ਸੀ ਤੇ ਗਰੀਬ ਹੋਰ ਵੀ ਗਰੀਬ ਹੋ ਰਹੇ ਸੀ। ਇਸ ਤਰ੍ਹਾਂ ਨਾ-ਬਰਾਬਰੀ ਨੂੰ ਦੂਰ ਕਰਨ ਲਈ ਤੇ ਗਰੀਬਾਂ ਤੇ ਅਮੀਰਾਂ ਵਿਚਾਲੇ ਖੱਪੇ ਨੂੰ ਦੂਰ ਕਰਨ ਲਈ, ਗਾਂਧੀ ਜੀ ਨੇ ਸਥਾਈ ਲੋਕਾਂ ਦੇ ਕੰਮ-ਕਾਰ ਨੂੰ ਉਤਸ਼ਾਹ ਦਿੱਤਾ। ਅਜਿਹਾ ਕਰਨ ਲਈ ਉਨ੍ਹਾਂ ਦੇ ਚਰਖਾ ਕੱਤਣ ਤੇ ਕੱਪੜਾ ਬੁਨਣ ਉਪਰ ਜ਼ੋਰ ਦਿੱਤਾ। ਇਸ ਨਾਲ ਵਿਦੇਸ਼ੀ ਚੀਜ਼ਾਂ ਦੇ ਪ੍ਰਯੋਗ ਲਈ ਘਿਰਣਾ ਪੈਦਾ ਹੋਣ ਲੱਗੀ ਤੇ ਲੋਕਾਂ ਵਿੱਚ ਆਤਮ ਵਿਸ਼ਵਾਸ ਆਉਣ ਲੱਗ ਪਿਆ, ਜਿਸ ਨਾਲ ਕਿ ਉਹ ਅੰਗਰੇਜ਼ ਸਰਕਾਰ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉੱਠਾ ਸਕੇ। ਮਹਾਤਮਾ ਗਾਂਧੀ ਜੀ ਦੀ ਤਾਕਤ ਦਾ ਇਹ ਵੀ ਇਕ ਕਾਰਨ ਸੀ

ਕਿ ਉਨ੍ਹਾਂ ਨੂੰ ਅਤਿ ਦੀ ਗਰੀਬੀ ਤੋਂ ਨਿਜ਼ਾਤ ਮਿਲੇਗੀ। ਭਾਰਤ ਗਰੀਬ ਦੇਸ਼ ਹੈ ਤੇ ਉਸ ਸਮੇਂ ਵੀ ਸੀ। ਇਸ ਲਈ ਗਰੀਬ ਉਹਨਾਂ ਦੀ ਤਾਕਤ ਦਾ ਕਾਰਨ ਬਣੇ ਸੀ।

**(ਸ) ਸਰਵੋਦਿਆ ਸਮਾਜ** : ਗਾਂਧੀ ਜੀ ਅਜਿਹੇ ਸਮਾਜ ਦੀ ਸਿਰਜਨਾ ਕਰਨੀ ਚਾਹੁੰਦੇ ਸੀ ਜਿਸ ਵਿੱਚ ਕਿ ਨੈਤਿਕ ਅਸੂਲਾਂ ਦਾ ਅਧਾਰ ਹੋਵੇ, ਇਨਸਾਨ ਦੀ ਬਰਾਬਰੀ ਹੋਵੇ ਤੇ ਇਨਸਾਨੀਅਤ ਦੀਆਂ ਕਦਰਾਂ ਦੇ ਕੀਮਤਾਂ ਹੋਣ। ਅਮੀਰ ਤੇ ਗਰੀਬ ਵਿੱਚ ਬਹੁਤ ਫਰਕ ਨਾ ਹੋਵੇ। ਉਨ੍ਹਾਂ ਨੇ ਕਿਹਾ ਸੀ, ''ਮੈਂ ਅਜਿਹੇ ਭਾਰਤ ਦੀ ਸਥਾਪਨਾ ਕਰਨਾ ਚਾਹੁੰਦਾ ਹਾਂ ਜਿਸ ਵਿੱਚ ਕਿ ਗਰੀਬ ਵੀ ਇਹ ਮਹਿਸੂਸ ਕਰੇ ਕਿ ਇਹ ਉਸ ਦਾ ਦੇਸ਼ ਹੈ ਤੇ ਇਸ ਦੇ ਬਣਾਉਣ ਵਿੱਚ ਉਸ ਦਾ ਭਾਵ ਹੈ। ਇਹ ਅਜਿਹਾ ਸਮਾਜ ਹੋਵੇਗਾ ਜਿਸ ਵਿੱਚ ਕੀ ਗਰੀਬ ਤੇ ਅਮੀਰ ਵਿੱਚ ਬਹੁਤ ਘੱਟ ਅੰਤਰ ਹੋਵੇਗਾ ਤੇ ਜਿਸ ਵਿਚ ਹਰ ਵਰਗ ਅਤੇ ਸਮੁਦਾਇ ਦੇ ਲੋਕ ਰਲ ਮਿਲ ਕੇ ਰਹਿ ਸਕਣਗੇ।'' ਅਜਿਹਾ ਸਮਾਜ ਉਨ੍ਹਾਂ ਦੀ ਇਕ ਕਲਪਨਾ ਹੀ ਨਹੀਂ ਸੀ, ਸਗੋਂ ਉਨ੍ਹਾਂ ਨੇ ਇਸ ਦੀ ਸਥਾਪਨਾ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਇਆ ਸੀ। ਗਾਂਧੀ ਜੀ ਨੇ ਅਜਿਹੇ ਸਮਾਜ ਦੀ ਸਥਾਪਨਾ ਲਈ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਇਆ ਸੀ। ਹਰੀਜਨਾਂ ਨੂੰ ਉੱਚਾ ਚੁੱਕਣ ਵਿੱਚ ਉਨ੍ਹਾਂ ਦਾ ਚੋਖਾ ਯੋਗਦਾਨ ਹੈ। ਉਹ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਰਹਿੰਦੇ ਸੀ। ਉਨ੍ਹਾਂ ਨਾਲ ਆਪਣਾ ਖਾਣਾ ਖਾਂਦੇ ਸੀ। ਉਨ੍ਹਾਂ ਨੇ ਹਰੀਜਨਾਂ ਦੇ ਕੰਮ ਲਈ ਨਵੇਂ ਤਰੀਕੇ ਕੱਢੇ। ਗਾਂਧੀ ਜੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਇਆ। ਇਸ ਨਾਲ ਉਹਨਾਂ ਵਿੱਚ ਇਕ ਪ੍ਰਕਾਰ ਦਾ ਸੰਗਠਨ ਆਇਆ ਤੇ ਉਹ ਤਾਕਤ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਏ ਤੇ ਇਹ ਤਾਕਤ ਗਾਂਧੀ ਜੀ ਦੀ ਆਪਣੀ ਤਾਕਤ ਬਣੀ। ਗਾਂਧੀ ਜੀ ਦੇ ਉਪਰਾਲਿਆ ਦੇ ਕਾਰਨ ਹੀ ਹਰੀਜਨ ਜੋ ਕਿ ਆਪਣੇ ਆਪ ਨੂੰ ਅਤਿ-ਕਮਜ਼ੋਰ ਸਮਝਦੇ ਸੀ ਇਕ ਤਾਕਤ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਏ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿੱਚ ਆਪਣਾ ਯੋਗਦਾਨ ਪਾਇਆ।

**2.2.4.4 ਗਾਂਧੀ ਜੀ ਦਾ ਵਿਦਿਅਕ ਫ਼ਲਸਫ਼ਾ (Educational Philosophy of Gandhi Ji)**

ਗਾਂਧੀ ਜੀ ਦਾ ਵਿਦਿਅਕ ਫ਼ਲਸਫ਼ਾ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਵਿੱਚੋਂ ਨਿਕਲਿਆ ਹੈ। ਇਸ ਵਿਚ ਸਿੱਖਿਆ ਦੇ ਟੀਚੇ, ਪਾਠ-ਕ੍ਰਮ, ਪੜ੍ਹਾਉਣ ਦੀ ਵਿਧੀ, ਮਾਇਕ ਸਮੱਸਿਆਵਾਂ ਤੇ ਸਾਰੇ ਭਾਰਤ ਲਈ ਵਿਦਿਆ ਯੋਜਨਾ ਆ ਜਾਂਦੀ ਹੈ। ਉਨ੍ਹਾਂ ਦਾ ਇਹ ਅਟੁੱਟ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਕਲਪਨਾ ਦਾ ਸਮਾਜ ਸਥਾਪਤ ਕਰਨਾ ਹੈ ਤੇ ਉਹ ਤਾਂ ਹੀ ਹੋ ਸਕੇਗਾ ਜੇਕਰ ਸਾਰੇ ਦਾ ਸਾਰਾ ਸਮਾਜ ਪੜ੍ਹਿਆ ਲਿਖਿਆ ਹੋਵੇਗਾ। ਉਹ ਇਸ ਪ੍ਰਕਾਰ ਦੀ ਸਕੀਮ ਬਣਾਉਣਾ ਚਾਹੁੰਦੇ ਸੀ ਜਿਸ ਨੂੰ ਲਾਗੂ ਕਰਨ ਦੇ ਸਾਰੇ ਦੇ ਸਾਰੇ ਵਿਅਕਤੀਆਂ ਨੂੰ ਘੱਟ ਤੋਂ ਘੱਟ ਆਰੰਭਿਕ ਸਿੱਖਿਆ ਜ਼ਰੂਰ ਪ੍ਰਦਾਨ ਕੀਤੀ ਜਾ ਸਕੇ ਤੇ ਅਜਿਹਾ ਕਰਨ ਨਾਲ ਸਰਕਾਰ ਤੇ ਬਹੁਤਾ ਮਾਇਕ ਬੋਝ ਵੀ ਨਾ ਪਵੇ। ਉਨ੍ਹਾਂ ਨੇ ਅਜਿਹੀ ਸਕੀਮ ਬਨਾਉਣ ਲਈ ਬੜਾ ਯਤਨ ਕੀਤਾ ਤੇ ਇਸ ਵਿੱਚ ਕਈ ਸੋਧਾਂ ਵੀ ਲਿਆਂਦੀਆਂ। ਇਸ ਸਕੀਮ ਦੇ ਆਪਣੇ ਗੁਣ ਵੀ ਹਨ ਤੇ ਕਮਜ਼ੋਰੀਆਂ ਵੀ। ਇਥੇ ਇਸ ਗੱਲ ਦਾ ਆਚੰਭਾ ਲੱਗਦਾ ਹੈ ਕਿ ਭਾਰਤ ਵਿੱਚ ਇਸ ਨੂੰ ਲਾਗੂ ਕਰਨ ਵਾਲਿਆਂ ਨੇ ਠੀਕ ਪ੍ਰਕਾਰ ਦੀ ਕਲਪਨਾ ਦੀ ਅਣਹੋਂਦ ਦੇ ਕਾਰਨ ਇਸ ਨੂੰ ਫੇਲ੍ਹ ਕਰ ਦਿੱਤਾ ਸੀ, ਇਹ ਹੀ ਸਕੀਮ ਚੀਨ ਵਿਚ ਪੂਰਨ ਭਾਂਤ ਸਫਲ ਰਹੀ ਹੈ।

**1. ਸਿੱਖਿਆ ਦੇ ਉਦੇਸ਼ (Aims of Education)**

ਗਾਂਧੀ ਜੀ ਦਾ ਵਿੱਦਿਆ ਦਾ ਸੰਕਲਪ ਸੀ ਕਿ ਵਿਅਕਤੀ ਦੇ ਅੰਦਰ ਤੋਂ ਸਰੀਰ, ਦਿਮਾਗ ਤੇ ਆਤਮਾ ਦਾ ਵੱਧ ਤੋਂ ਵੱਧ ਵਿਕਾਸ ਕੀਤਾ ਜਾਵੇ। ਅਜਿਹਾ ਤਾਂ ਹੀ ਹੋ ਸਕੇਗਾ ਜੇਕਰ ਕਿਸੇ ਵਿਅਕਤੀ ਦੀਆਂ ਸਰੀਰਕ, ਮਾਨਸਿਕ, ਬੋਧਿਕ, ਨੈਤਿਕ, ਆਤਮਿਕ ਸ਼ਕਤੀਆਂ ਦਾ ਵਿਕਾਸ ਕੀਤਾ ਜਾਵੇ। ਮੋਟੇ ਤੌਰ ਤੇ ਉਨ੍ਹਾਂ ਦੇ ਸਿੱਖਿਆ ਦੇ ਟੀਚਿਆਂ ਨੂੰ ਦੋ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾਂ ਤਾਂ ਵਰਤਮਾਨ ਟੀਚੇ ਹਨ ਜਿਨ੍ਹਾਂ ਵਿਚ ਕਿ ਸ਼ਹਿਰੀਅਤ, ਚਾਲ ਚਲਣ, ਸੰਸਕ੍ਰਿਤੀ ਤੇ ਰੋਜ਼ਗਾਰ ਦੇ ਸਾਧਨਾਂ ਨੂੰ ਗਿਣਿਆਂ ਜਾ ਸਕਦਾ ਹੈ। ਵਿਦਿਆ ਦਾ ਕਿੱਤਾਕਰਨ ਕਰਨ ਲਈ ਕੰਮ ਦੀਆਂ ਕੀਮਤਾਂ ਸਥਾਪਤ ਕਰਨ ਲਈ ਉਨ੍ਹਾਂ ਨੇ ਕਰਾਫਟ ਨੂੰ ਪੜ੍ਹਾਈ ਦੇ ਪਾਠਕ੍ਰਮ ਵਿਚ ਗਿਣਿਆ ਤੇ ਜ਼ੋਰ ਇਸ ਗੱਲ ਤੇ ਲਾਇਆ ਕਿ ਹੋਰ ਮਜ਼ਮੂਨਾਂ ਨੂੰ ਵੀ ਕਰਾਫਟ ਦੇ ਮਾਧਿਅਮ ਰਾਹੀਂ

ਪੜ੍ਹਾਇਆ ਜਾ ਸਕੇ। ਇਹ ਇਕ ਸੁਨਹਿਰੀ ਅਸੂਲ ਸੀ ਜਿਸ ਨੂੰ ਤਜ਼ਰਬੇ ਦੀ ਘਾਟ, ਉਤਸ਼ਾਹ ਦੀ ਅਣਹੋਂਦ ਤੇ ਯੋਗ ਪ੍ਰਕਾਰ ਦੀ ਰੁਚੀ ਨਾ ਹੋਣ ਦੀ ਵਜ੍ਹਾ ਨਾਲ ਬਾਅਦ ਵਿਚ ਫੇਲ੍ਹ ਕਰ ਦਿੱਤਾ ਗਿਆ। ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜੇ ਬੇਸਿਕ ਸਿੱਖਿਆ ਭਾਰਤ ਵਿੱਚ ਸਫਲ ਨਹੀਂ ਹੋ ਸਕੀ ਤਾਂ ਇਸ ਸਕੀਮ ਵਿੱਚ ਸਿੱਖਿਆ ਦਰਸ਼ਨ ਤੇ ਮਨੋ-ਵਿਗਿਆਨ ਦੇ ਪੱਖ ਤੋਂ ਕੋਈ ਘਾਟ ਨਹੀਂ ਸੀ। ਘਾਟ ਉਸ ਪ੍ਰਕਾਰ ਦੇ ਅਨੁਭਵ ਦੀ ਸੀ ਜਿਸਦੇ ਕਾਰਨ ਇਸ ਨੂੰ ਚੰਗੇ ਉਤਸ਼ਾਹ ਨਾਲ ਨਹੀਂ ਚਲਾਇਆ ਗਿਆ।

ਵਿਦਿਆ ਦੇ ਦੂਸਰੀ ਪ੍ਰਕਾਰ ਦੇ ਉਦੇਸ਼ ਸਦੀਵੀ ਤੇ ਦੂਰ-ਅੰਦੇਸ਼ੀ ਦੇ ਟੀਚੇ ਸੀ ਜਿਨ੍ਹਾਂ ਵਿਚ ਸਰੀਰਕ, ਨੈਤਿਕ ਤੇ ਆਤਮਕ ਸਥਿਤੀਆਂ ਨੂੰ ਪ੍ਰਫੁੱਲਤ ਕਰਨਾ ਹੁੰਦਾ ਹੈ। ਅਜਿਹਾ ਕਰਨ ਲਈ ਰੱਬ ਦੀ ਹੋਂਦ ਤੇ ਉਸ ਵਿੱਚ ਵਿਸ਼ਵਾਸ, ਭਾਰਤੀ ਸਭਿਆਚਾਰ ਦਾ ਗਿਆਨ ਤੇ ਮਿਹਨਤ ਦੀ ਆਦਤ ਜ਼ਰੂਰੀ ਤੌਰ ਤੇ ਪ੍ਰਫੁੱਲਤ ਕਰਨੇ ਚਾਹੀਦੇ ਸੀ। ਇਨ੍ਹਾਂ ਸਾਰੇ ਉਪਰਾਲਿਆਂ ਦੇ ਬਾਵਜੂਦ ਇਹ ਦੇਖਣ ਵਿਚ ਆਇਆ ਹੈ ਕਿ ਸਾਡੀ ਵਿਦਿਆ ਵਿਦਿਆਰਥੀਆਂ ਦੇ ਅਧਿਆਤਮਕ ਪੱਖ ਨੂੰ ਪੂਰਨ ਭਾਂਤ ਪ੍ਰਫੁੱਲਤ ਨਹੀਂ ਕਰ ਰਹੀ ਹੈ। ਫੇਰ ਵੀ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਸ ਸਕੀਮ ਵਿਚ ਅਜਿਹੀ ਤਾਕਤ ਸੀ ਜਿਹੜੀ ਕਿ ਉਨ੍ਹਾਂ ਦੀ ਆਤਮਾ ਨੂੰ ਖੁਸ਼ ਰੱਖ ਸਕਦੀ ਸੀ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਗਾਂਧੀ ਜੀ ਦੀ ਸਿੱਖਿਆ ਦੀ ਸਕੀਮ ਵਿਚ ਅਜਿਹੇ ਅੰਸ਼ ਜ਼ਰੂਰ ਹਨ ਜਿਨ੍ਹਾਂ ਨਾਲ ਨੈਤਿਕ ਤੇ ਆਤਮਕ ਬਲ ਮਿਲਦਾ ਹੈ। ਉਨ੍ਹਾਂ ਨੇ ਨੈਤਿਕ ਪ੍ਰਫੁੱਲਤਾ ਲਈ ਪਿਆਰ, ਸਚਾਈ, ਦਿਆਨਤਦਾਰੀ ਅਤੇ ਆਪਸੀ ਭਾਈਚਾਰੇ ਤੇ ਬਹੁਤ ਜ਼ੋਰ ਦਿੱਤਾ ਸੀ।

2. **ਪਾਠ-ਕ੍ਰਮ (Curriculum)** : ਗਾਂਧੀ ਜੀ ਸਾਰੇ ਪਾਠ-ਕ੍ਰਮ ਨੂੰ ਬਦਲਣਾ ਚਾਹੁੰਦੇ ਸੀ ਤੇ ਉਨ੍ਹਾਂ ਮਜ਼ਮੂਨਾਂ ਤੇ ਜ਼ੋਰ ਦੇਣਾ ਚਾਹੁੰਦੇ ਸੀ ਜਿਨ੍ਹਾਂ ਦੇ ਕਿਸੇ ਦੇਸ਼ ਨਾਲ ਸਾਡੇ ਸਮਾਜ ਨਾਲ ਸੰਬੰਧ ਹੋਵੇ। ਉਨ੍ਹਾਂ ਨੇ ਕਰਾਫਟ ਨੂੰ ਸਮੁੱਚੇ ਤਰੀਕੇ ਨਾਲ ਜ਼ਰੂਰੀ ਤੌਰ ਤੇ ਲਾਗੂ ਕੀਤਾ ਸੀ। ਉਨ੍ਹਾਂ ਨੇ ਆਪਣੇ ਸ਼ਬਦਾਂ ਵਿੱਚ 'ਮੈਂ ਪ੍ਰਾਇਮਰੀ ਵਿਦਿਆ ਵਿਚ ਕਰਾਫਟ ਨੂੰ ਪੜ੍ਹਾਉਣ ਨੂੰ ਕ੍ਰਾਂਤੀ ਦਾ ਇਕ ਸਾਧਨ ਮੰਨਦਾ ਹਾਂ ਜਿਸ ਦੇ ਕਿ ਉੱਘੇ ਸਿੱਟੇ ਨਿਕਲਣਗੇ'। ਇਹ ਅਸੂਲ ਉਨ੍ਹਾਂ ਦੀ ਸਿੱਖਿਆ ਦਾ ਇਕ ਧੁਰਾ ਸੀ।

3. **ਪੜ੍ਹਾਉਣ ਦੀ ਵਿਧੀ (Methods of Teaching)**: ਮਹਾਤਮਾ ਗਾਂਧੀ ਦੀ ਸਿੱਖਿਆ ਨੂੰ ਸਭ ਤੋਂ ਵੱਡੀ ਦੇਣ ਹੈ ਸਾਰੇ ਮਜ਼ਮੂਨਾਂ ਦੀ ਪੜ੍ਹਾਈ ਨੂੰ ਕਿਸੇ ਇਕ ਕਰਾਫਟ ਨਾਲ ਜੋੜ ਕੇ ਪੜ੍ਹਾਉਣਾ। ਅਜਿਹਾ ਕਰਨ ਨਾਲ ਬੱਚਾ ਸਵੈ-ਕੰਮ ਨਾਲ ਜੁੜ ਜਾਂਦਾ ਹੈ ਤੇ ਉਹ ਯਾਦਦਾਸ਼ਤ ਨੂੰ ਬੋਝਲ ਨਹੀਂ ਬਣਾਉਂਦਾ। ਅਸਲ ਵਿੱਚ ਸਮਝ ਕੇ, ਕਿਸੇ ਕਰਾਫਟ ਨਾਲ ਜੋੜ ਕੇ ਹੱਥ ਨਾਲ ਕੰਮ ਕਰਕੇ, ਦੂਸਰਿਆਂ ਨਾਲ ਮਿਲ ਕੇ ਕੀਤੀ ਹੋਈ ਪੜ੍ਹਾਈ ਸਦੀਵੀ ਹੁੰਦੀ ਹੈ ਤੇ ਰੱਟਾ ਲਾ ਕੇ ਯਾਦ ਕੀਤੀ ਹੋਈ ਪੜ੍ਹਾਈ ਕਿਸੇ ਕੰਮ ਦੀ ਨਹੀਂ ਹੁੰਦੀ। ਉਹ ਤੁਹਾਡੇ ਜੀਵਨ ਢੰਗ ਦਾ ਹਿੱਸਾ ਨਹੀਂ ਬਣਦੀ। ਉਨ੍ਹਾਂ ਦੀ ਇਹ ਵਿਧੀ ਉਹਨਾਂ ਨੂੰ ਪੈਸਟਾਲੋਜੀ, ਹਾਰਬਰਟ ਰੂਸੋ, ਡੀਵੀ ਅਤੇ ਮੌਂਟੀਸਰੀ ਆਦਿ ਦੀਆਂ ਵਿਧੀਆਂ ਦੇ ਬਹੁਤ ਨੇੜੇ ਲੈ ਜਾਂਦੀ ਹੈ। ਬਾਅਦ ਵਿੱਚ ਗਾਂਧੀ ਜੀ ਦਾ ਇਹ ਅਸੂਲ, ਵਿਦਿਆ ਦੇ ਖੇਤਰ ਵਿਚ ਫੇਲ੍ਹ ਹੋਇਆ ਜਿਸ ਦਾ ਕਾਰਨ ਇਹ ਸੀ ਕਿ ਵਿਦਵਾਨ ਜਾਂ ਸਿੱਖਿਆ ਸ਼ਾਸਤਰੀ ਇਸ ਨੂੰ ਉਸ ਭਾਂਤ ਨਿਭਾ ਨਹੀਂ ਸਕਦੇ ਜਿਸ ਤਰ੍ਹਾਂ ਕਿ ਗਾਂਧੀ ਜੀ ਦਾ ਵਿਚਾਰ ਸੀ। ਅਸਲ ਗੱਲ ਤਾਂ ਇਹ ਹੈ ਕਿ ਨੁਕਸ ਵਿਧੀ ਵਿਚ ਨਹੀਂ ਸੀ, ਸਗੋਂ ਇਸ ਨੂੰ ਲਾਗੂ ਕਰਨ ਵਾਲਿਆਂ ਵਿਚ ਸੀ। ਜੇਕਰ ਗਾਂਧੀ ਜੀ ਦਾ ਕਰਾਫਟ ਨੂੰ ਧੁਰਾ ਬਣਾ ਕੇ ਪੜ੍ਹਾਉਣ ਦਾ ਫ਼ਲਸਫ਼ਾ ਪੂਰਨ ਭਾਂਤ ਸਫਲ ਹੋ ਜਾਂਦਾ ਤਾਂ ਦੋ ਗੱਲਾਂ ਜ਼ਰੂਰ ਹੋ ਜਾਣੀਆਂ ਸੀ। ਪਹਿਲੀ ਗੱਲ ਤਾਂ ਇਹ ਸੀ ਕਿ ਇਸ ਨਾਲ ਬੱਚਿਆਂ ਵਿਚ ਹੱਥ ਨਾਲ ਕੰਮ ਕਰਨ ਦੀ ਸੰਵਿਧਾਨ ਦੀ ਉਸ ਧਾਰਾ ਨੂੰ ਲਾਗੂ ਕਰਨ ਲਈ ਆਸਾਨੀ ਹੋ ਜਾਣੀ ਸੀ ਜਿਸ ਦੇ ਅਨੁਸਾਰ ਸਾਰਿਆਂ ਨੂੰ ਇਹ ਮੁਫਤ ਤੇ ਲਾਜ਼ਮੀ ਪ੍ਰਦਾਨ ਕਰਨੀ ਸੀ।

4. **ਆਰਥਿਕ ਸੰਪੂਰਨਤਾ** : ਗਾਂਧੀ ਜੀ ਦਾ ਵਿਚਾਰ ਸੀ ਕਿ ਕਰਾਫਟ ਨੂੰ ਇਸ ਭਾਂਤ ਲਾਗੂ ਕੀਤਾ ਜਾਵੇ ਕਿ ਖੇਤਰ ਵਿਚ ਬਣਾਈਆਂ ਹੋਈਆਂ ਚੀਜ਼ਾਂ ਵੇਚ ਕੇ ਅਧਿਆਪਕ ਨਿਕਲ ਜਾਵੇ। ਕਿੱਤਾ ਇਹ ਹੈ ਕਿ ਬੱਚਿਆਂ ਦੇ ਸਿੱਖਣ ਦੇ ਦੌਰਾਨ ਬਣੀਆਂ ਹੋਈਆਂ ਚੀਜ਼ਾਂ ਏਨੀਆਂ ਵਧੀਆ ਹੋਣ ਕਿ ਉਹ ਬਾਜ਼ਾਰ ਵਿਚ ਵੇਚੀਆਂ ਜਾ ਸਕਣ।

ਇੰਜ ਪ੍ਰਤੀਤ ਹੁੰਦਾ ਹੈ ਕਿ ਗਾਂਧੀ ਜੀ ਦਾ ਸ਼ਾਇਦ ਇਸ ਅਸੂਲ ਨੂੰ ਵਧੇਰੇ ਜ਼ੋਰ ਨਾਲ ਲਾਗੂ ਕਰਨਾ ਠੀਕ ਨਹੀਂ। ਸ਼ਾਇਦ ਉਨ੍ਹਾਂ ਦਾ ਅਧਿਆਪਕ ਦਾ ਸੰਕਲਪ ਇਕ ਮਿਸ਼ਨਰੀ ਦਾ ਹੋਵੇ ਜਿਸ ਦੀਆਂ ਲੋੜਾਂ ਬਹੁਤ ਘੱਟ ਹੋਣ। ਪਰ ਅੱਜ ਦੇ ਜ਼ਮਾਨੇ ਵਿਚ ਜਿੱਥੇ ਅਧਿਆਪਕ ਨੂੰ ਇਕ ਮਸ਼ੀਨ ਨਹੀਂ ਸਗੋਂ ਕਿੱਤਾ ਮੰਨਿਆ ਜਾਂਦਾ ਹੈ, ਬੱਚਿਆਂ ਦੇ ਹੱਥਾਂ ਨਾਲ ਬਣਾਈਆਂ ਹੋਈਆਂ ਉਨ੍ਹਾਂ ਚੀਜ਼ਾਂ ਨੂੰ ਵੇਚ ਕੇ, ਜਿਨ੍ਹਾਂ ਨੂੰ ਕਿ ਸਿਖਲਾਈ ਦੇ ਦੌਰਾਨ ਬਣਾਇਆ ਹੋਵੇ, ਅਧਿਆਪਕ ਦੀ ਤਨਖਾਹ ਨਹੀਂ ਪੂਰੀ ਕੀਤੀ ਜਾ ਸਕਦੀ। ਇਸ ਪੱਖ ਤੋਂ ਫ਼ਲਸਫ਼ੇ ਨੂੰ ਠੋਸ ਨਹੀਂ ਕਿਹਾ ਜਾ ਸਕਦਾ। ਬਾਅਦ ਵਿੱਚ ਸਿੱਖਿਆ ਸ਼ਾਸਤਰੀਆਂ ਨੇ ਇਸ ਨੂੰ ਗਾਂਧੀ ਜੀ ਦੇ ਵਿਦਿਅਕ ਫਲਸਫੇ ਦੀ ਇਕ ਕਮਜ਼ੋਰ ਕੜੀ ਦਸਿਆ। ਪਹਿਲੀ ਗੱਲ ਤਾਂ ਇਹ ਹੈ ਕਿ ਬੱਚਿਆਂ ਦੇ ਹੱਥਾਂ ਨਾਲ ਬਣਾਈਆਂ ਹੋਈਆਂ ਚੀਜ਼ਾਂ ਏਨੀਆਂ ਚੰਗੀਆਂ ਨਹੀਂ ਹੋਣਗੀਆਂ ਕਿ ਉਨ੍ਹਾਂ ਨੂੰ ਬਾਜ਼ਾਰ ਵਿਚ ਚੰਗੇ ਕਾਰੀਗਰਾਂ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਦੇ ਮੁਕਾਬਲੇ ਵਿਚ ਵੇਚਿਆ ਜਾ ਸਕੇ। ਦੂਸਰੀ ਗੱਲ ਇਹ ਹੈ ਕਿ ਇਹ ਫਲਸਫਾ ਅਰਥ-ਸ਼ਾਸਤਰ ਦੇ ਪੱਖ ਤੋਂ ਵੀ ਠੋਸ ਨਹੀਂ ਹੈ। ਜਿਸ ਸਮਾਜ ਵਿਚ ਉਤਪਾਦਨ ਕਰਨ ਵਾਲੀ ਉਮਰ ਦੇ ਲੋਕਾਂ ਪਾਸ ਕਰਨ ਨੂੰ ਕੰਮ ਨਾ ਹੋਵੇ ਉਥੇ ਬੱਚਿਆਂ ਨੂੰ ਉਤਪਾਦਨ ਵਧਾਉਣ ਦੇ ਕੰਮ ਵਿਚ ਨਹੀਂ ਪਾਉਣਾ ਚਾਹੀਦਾ।

5. **ਵਿਦਿਅਕ ਵਿਉਂਤਬੰਦੀ** : ਗਾਂਧੀ ਜੀ ਦੀ ਸਕੀਮ ਸੀ ਕਿ 7 ਸਾਲ ਤੋਂ 14 ਸਾਲਾਂ ਦੇ ਉਮਰ ਦੇ ਸਾਰੇ ਬੱਚਿਆਂ ਨੂੰ ਲਾਜ਼ਮੀ ਤੇ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਵੇ। ਇਨ੍ਹਾਂ ਨੂੰ ਪੜ੍ਹਾਉਣ ਲਈ ਅੰਗਰੇਜ਼ੀ ਲਾਜ਼ਮੀ ਨਾ ਹੋਵੇ ਤੇ ਪੜ੍ਹਾਈ ਮਾਤਰੀ ਭਾਸ਼ਾ ਵਿਚ ਕਰਵਾਈ ਜਾਵੇ।

6. **ਧਾਰਮਿਕ ਤੇ ਨੈਤਿਕ ਸਿੱਖਿਆ** : ਵਿਦਿਆ ਦਾ ਇਕ ਵੱਡਾ ਮਨੋਰਥ ਚਾਲ ਚਲਣ ਨੂੰ ਚੰਗਾ ਬਣਾਉਣਾ ਸੀ। ਇਸ ਲਈ ਉਨ੍ਹਾਂ ਨੇ ਕੁਰਬਾਨੀ, ਸਮਾਜ ਸੇਵਾ, ਅਹਿੰਸਾ ਤੇ ਭਾਈਚਾਰੇ ਦੇ ਸੰਕਲਪ ਦਿੱਤੇ। ਸਮਾਜ ਸੇਵਾ ਤੋਂ ਉਨ੍ਹਾਂ ਦਾ ਭਾਵ ਸੀ, ਕਿ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਪੂਰੇ ਕਰਕੇ ਚੰਗੇ ਪੈਸੇ ਕਮਾਉਣ ਵਾਲੇ ਬੰਦਿਆਂ ਦੇ ਪਿਛੇ ਨਹੀਂ ਭੱਜਣਾ ਚਾਹੀਦਾ ਸਗੋਂ ਲੋਕ ਸੇਵਾ ਵਾਲੇ ਲੋਕ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਵੱਖ-ਵੱਖ ਧਰਮਾਂ, ਵੱਖ-ਵੱਖ ਸੂਬਿਆਂ ਦੇ ਵੱਖ-ਵੱਖ ਭਾਂਤ ਦੇ ਲੋਕਾਂ ਨੂੰ ਇਕੱਠਾ ਰੱਖਣ ਲਈ ਯਤਨ ਕਰਨੇ ਚਾਹੀਦੇ ਹਨ ਤੇ ਇਨ੍ਹਾਂ ਵੱਖਰੇਵਿਆਂ ਨੂੰ ਦੂਰ ਕਰਨਾ ਚਾਹੀਦਾ ਹੈ। ਗਾਂਧੀ ਜੀ ਚਾਹੁੰਦੇ ਸੀ ਕਿ ਵਿਦਿਆਰਥੀ ਸਾਰੇ ਧਰਮਾਂ ਨੂੰ ਭਲੀ-ਭਾਂਤ ਸਮਝਣ ਤੇ ਉਨ੍ਹਾਂ ਦੇ ਅਸੂਲਾਂ ਦਾ ਸਤਿਕਾਰ ਕਰਨ ਕਿਉਂਕਿ ਸਾਰੇ ਧਰਮ ਸਰਬੱਤ ਦੇ ਭਲੇ ਵਿਚ ਵਿਸ਼ਵਾਸ ਰੱਖਦੇ ਹਨ। ਵਿਦਿਆਰਥੀ ਨੂੰ ਆਪਣੇ ਜੀਵਨ ਵਿੱਚ ਈਮਾਨਦਾਰੀ, ਪਿਆਰ, ਸਚਾਈ, ਅਹਿੰਸਾ, ਮਿਹਨਤ ਲਈ ਸਤਿਕਾਰ ਤੇ ਦੇਸ਼ ਪਿਆਰ ਨੂੰ ਵਧਾਉਣਾ ਚਾਹੀਦਾ ਹੈ। ਗਾਂਧੀ ਜੀ ਨੂੰ ਯਕੀਨ ਸੀ ਕਿ ਸਾਰੇ ਧਰਮ ਉਪਰੋਕਤ ਗੱਲ ਦਾ ਸਤਿਕਾਰ ਕਰਦੇ ਸੀ ਪਰ ਕਈ ਵਾਰ ਧਰਮਾਂ ਦੇ ਗਲਤ ਅਰਥ ਕੱਢ ਕੇ ਉਨ੍ਹਾਂ ਨੂੰ ਰਾਜਨੀਤਿਕ ਲਾਭਾਂ ਲਈ ਵਰਤਿਆਂ ਜਾਂਦਾ ਸੀ।

**2.2.4.5 ਵਾਰਧਾ ਸਕੀਮ ਤੇ ਨਵੀਂ ਤਾਲੀਮ :**

ਮਹਾਤਮਾ ਗਾਂਧੀ ਜੀ ਸਿੱਖਿਆ ਨੂੰ ਸਭ ਨਾਲੋਂ ਵੱਡੀ ਦੇਣ ਸੀ ਵਾਰਧਾ ਸਕੀਮ, ਜਿਸ ਤੇ ਉਨ੍ਹਾਂ ਨੇ ਕੋਈ ਚਾਲੀ ਸਾਲ ਤਜ਼ਰਬਾ ਕੀਤਾ ਤੇ ਇਸ ਨੂੰ ਸਾਰੇ ਦੇਸ਼ ਵਿੱਚ ਲਾਗੂ ਕਰਨਾ ਚਾਹਿਆ। ਇਸ ਦੇ ਮੋਟੇ ਮੋਟੇ ਗੁਣ ਹਨ:

1. **ਲਾਜ਼ਮੀ ਤੇ ਮੁਫਤ ਵਿਦਿਆ** : ਸਾਰੇ ਦੇਸ਼ ਦੇ 7 ਸਾਲ ਦੀ ਉਮਰ ਤੋਂ ਲੈ ਕੇ 14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਲਾਜ਼ਮੀ ਹੋਣੀ ਚਾਹੀਦੀ ਹੈ। ਇਹ ਘੱਟ ਤੋਂ ਘੱਟ ਜ਼ਰੂਰੀ ਤੇ ਜਲਦੀ ਲਾਗੂ ਕਰਨੀ ਚਾਹੀਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਦੁਨੀਆਂ ਭਰ ਦੀਆਂ ਖੋਡਾਂ ਨੇ ਇਹ ਸਿੱਧ ਕਰ ਦਿੱਤਾ ਕਿ ਕਿਸੇ ਵੀ ਸਮਾਜ ਦਾ ਆਰਥਿਕ ਵਿਕਾਸ ਕਰਨ ਲਈ ਪਹਿਲਾਂ ਤਾਂ ਸਮਾਜ ਵਿਚੋਂ ਅਨਪੜ੍ਹਤਾ ਦਾ ਨਾਸ਼ ਕਰਨਾ ਹੁੰਦਾ ਹੈ ਤੇ ਬਾਅਦ ਵਿੱਚ ਉਨ੍ਹਾਂ ਨੂੰ ਘੱਟ ਤੋਂ ਘੱਟ ਆਰੰਭਿਕ ਸਿੱਖਿਆ ਜ਼ਰੂਰੀ ਤੇ ਲਾਜ਼ਮੀ ਪ੍ਰਦਾਨ ਕਰਨੀ ਹੁੰਦੀ ਹੈ। ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਭਾਰਤ ਵਿੱਚ ਭਾਵੇਂ ਇਹ ਗਾਂਧੀ ਜੀ ਨੇ ਵੀ ਮੰਨਿਆ ਸੀ ਤੇ ਸੰਵਿਧਾਨ ਵਿੱਚ ਇਸ ਲਈ ਤਾੜਨਾ ਵੀ ਕੀਤੀ ਗਈ ਹੈ ਕਿ ਇਹ ਟੀਚਾ 10 ਸਾਲਾਂ ਦੇ ਅੰਦਰ-ਅੰਦਰ ਪੂਰਾ ਕੀਤਾ ਜਾਵੇਗਾ, ਆਜ਼ਾਦੀ ਤੋਂ 52 ਸਾਲ ਬਾਅਦ ਵੀ ਅਜਿਹਾ ਨਹੀਂ ਹੋ ਸਕਿਆ ਸ਼ਾਇਦ

ਇਹ ਵੀ ਇਕ ਕਾਰਨ ਹੋਵੇ ਕਿ ਭਾਰਤ ਵਿੱਚ ਵਿਕਾਸ ਦੀ ਗਤੀ ਹੌਲੀ ਹੀ ਰਹੀ ਹੈ।

2. **ਕਰਾਫਟ ਰਾਹੀਂ ਸਿੱਖਿਆ** : ਬੱਚਿਆਂ ਨੂੰ ਪੜ੍ਹਾਉਣ ਲਈ ਕਿਸੇ ਕਰਾਫਟ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਤੇ ਆਮਦਨ ਦਾ ਸਾਧਨ ਵੀ ਹੋਣਾ ਚਾਹੀਦਾ ਹੈ। ਪਹਿਲਾਂ ਪਹਿਲਾਂ ਕੱਤਣ ਤੇ ਬੁਨਣ ਨੂੰ ਹੀ ਮੰਤਵ ਦੀ ਪੂਰਤੀ ਲਈ ਵਰਤਿਆ ਗਿਆ ਸੀ ਤੇ ਬਾਅਦ ਵਿੱਚ ਜ਼ਰਾਇਤ ਨੂੰ ਵੀ ਸ਼ਾਮਿਲ ਕਰ ਲਿਆ ਸੀ।

3. **ਆਤਮ ਨਿਰਭਰਤਾ** : ਗਾਂਧੀ ਜੀ ਦਾ ਵਿਚਾਰ ਸੀ ਕਿ ਸਿਖਲਾਈ ਕਰਵਾਉਂਦਿਆਂ ਬੱਚਿਆਂ ਰਾਹੀਂ ਬਣਾਇਆ ਗਿਆ ਸਮਾਨ ਵੇਚ ਕੇ ਅਧਿਆਪਕ ਦੀ ਤਨਖਾਹ ਦਿੱਤੀ ਜਾ ਸਕੇਗੀ। ਬਾਅਦ ਵਿੱਚ ਇਸ ਅਸੂਲ ਨੂੰ ਖਤਮ ਕਰ ਦਿੱਤਾ ਗਿਆ। ਇਸ ਅਸੂਲ ਦੀ ਆਲੋਚਨਾ ਵੀ ਬਹੁਤ ਹੋਈ ਸੀ।

4. **ਸਿੱਖਿਆ ਦਾ ਮਾਧਿਅਮ** : ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਹੋਣੀ ਚਾਹੀਦੀ ਹੈ ਤੇ ਅੰਗਰੇਜ਼ੀ ਨਹੀਂ ਹੋਣੀ ਚਾਹੀਦੀ।

5. **ਪਾਠ-ਕ੍ਰਮ** : ਸਥਾਨਕ ਹਾਲਤਾਂ ਦੇ ਅਨੁਸਾਰ ਕਰਾਫਟ ਵੱਖ-ਵੱਖ ਭਾਂਤ ਦੇ ਹੋ ਸਕਦੇ ਹਨ, ਜਿਸ ਤਰ੍ਹਾਂ ਕੱਤਣਾ ਤੇ ਬੁਨਣਾ, ਖੇਤੀਬਾੜੀ, ਲੱਕੜੀ ਦਾ ਕੰਮ, ਧਾਤ ਦਾ ਕੰਮ, ਗੱਤੇ ਦਾ ਕੰਮ, ਬਾਗਬਾਨੀ, ਚਮੜੇ ਦਾ ਕੰਮ ਆਦਿ। ਪੜ੍ਹਾਈ ਮਾਤ ਭਾਸ਼ਾ ਰਾਹੀਂ ਕਰਵਾਉਣੀ ਚਾਹੀਦੀ ਹੈ। ਇਹ ਸਥਿਤੀ ਕਰਾਫਟ ਰਾਹੀਂ ਉਤਪੰਨ ਕੀਤੀ ਜਾ ਸਕਦੀ ਹੈ। ਸਮਾਜਿਕ ਅਧਿਐਨ ਵਿੱਚ ਭੂਗੋਲ, ਇਤਿਹਾਸ, ਨਾਗਰਿਕ ਸ਼ਾਸਤਰ ਤੇ ਵਰਤਮਾਨ ਦੇ ਹਾਲਾਤ ਦੀ ਪੜ੍ਹਾਈ ਕਰਵਾਉਣੀ ਚਾਹੀਦੀ ਹੈ। ਜਨਰਲ ਸਾਇੰਸ ਪੜ੍ਹਾਉਣੀ ਚਾਹੀਦੀ ਹੈ ਜਿਸ ਵਿੱਚ ਕੁਦਰਤ ਦਾ ਗਿਆਨ, ਫਿਜਿਕਸ, ਕੈਮਿਸਟਰੀ, ਆਟਾਨੋਮੀ, ਆਦਿ ਦੀ ਪੜ੍ਹਾਈ ਕਰਵਾਈ ਜਾਵੇ। ਡਰਾਇੰਗ ਦੀ ਪੜ੍ਹਾਈ ਕੁਦਰਤੀ ਨਜ਼ਾਰਿਆਂ ਨਾਲ ਤੇ ਕਰਾਫਟ ਨਾਲ ਸੰਬੰਧ ਕਰਕੇ ਕਰਨੀ ਚਾਹੀਦੀ ਹੈ। ਸੰਗੀਤ ਸਿਖਾਉਣਾ ਚਾਹੀਦਾ ਹੈ। ਹਿੰਦੁਸਤਾਨੀ ਭਾਸ਼ਾ ਪੜ੍ਹਾਉਣੀ ਚਾਹੀਦੀ ਹੈ। ਲੜਕੀਆਂ ਨੂੰ ਹੋਮ ਸਾਇੰਸ ਦੀ ਪੜ੍ਹਾਈ ਕਰਵਾਉਣੀ ਚਾਹੀਦੀ ਹੈ।

**ਛੋਟੇ ਉਤਰਾਂ ਵਾਲੇ ਪ੍ਰਸ਼ਨ:**

1. ਬੁਨਿਆਦੀ ਸਿੱਖਿਆ ਦੇ ਦਰਸ਼ਨ ਨੂੰ ਸੰਖੇਪ ਵਿਚ ਲਿਖੋ?

   .............................................................................................

   .............................................................................................

2. ਰਾਬਿੰਦਰ ਨਾਥ ਟੈਗੋਰ ਦੇ ਅਨੁਸਾਰ ਸਿੱਖਿਆ ਦੇ ਉਦੇਸ਼

   .............................................................................................

   .............................................................................................

## 2.2.5 ਸਾਰ (Summary)

ਮਹਾਤਮਾ ਗਾਂਧੀ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ। ਉਹ ਇਸ ਸਦੀ ਦਾ ਇਕ ਬਹੁਤ ਉੱਘਾ ਲੀਡਰ ਸੀ ਤੇ ਬਹੁਪੱਖੀ ਸ਼ਖਸੀਅਤ ਦਾ ਮਾਲਕ ਸੀ। ਜਿਥੇ ਉਹ ਇਕ ਸਿਆਸਤਦਾਨ ਸੀ ਉਥੇ ਉਹ ਇਕ ਵਿਦਿਆ ਸ਼ਾਸਤਰੀ ਵੀ ਸੀ। ਉਹ 1869 ਵਿੱਚ ਪੋਰਬੰਦਰ ਵਿੱਚ ਵਜ਼ੀਰ ਦੇ ਘਰ ਪੈਦਾ ਹੋਇਆ। ਉਸ ਨੇ ਯੂ.ਕੇ. ਵਿੱਚ ਕਾਨੂੰਨ ਦੀ ਸਿੱਖਿਆ ਪ੍ਰਾਪਤ ਕੀਤੀ। 1893 ਵਿੱਚ ਉਹ ਸਾਊਥ ਅਫਰੀਕਾ ਵਿੱਚ ਭਾਰਤੀਆਂ ਦੇ ਹਿੱਤਾਂ ਦੇ ਮੁਕਦੱਮੇ ਲੜਨ ਲਈ ਗਿਆ। ਬਾਅਦ ਵਿੱਚ ਭਾਰਤ ਆ ਕੇ ਉਸ ਨੇ ਲੜਾਈ ਆਰੰਭੀ ਤੇ ਇਸ ਦੀ ਪ੍ਰਾਪਤੀ ਕਰਕੇ ਹੀ ਸਾਹ ਲਿਆ।

ਸਿੱਖਿਆ ਦਾ ਮਨੋਰਥ ਇਨਸਾਨ ਨੂੰ ਸਮਝ ਲੈਣਾ ਚਾਹੀਦਾ ਹੈ ਜਿਸ ਲਈ ਸਚਾਈ, ਅਹਿੰਸਾ ਤੇ ਪਿਆਰ ਜੀਵਨ ਵਿੱਚ ਵਧਾਉਣਾ ਚਾਹੀਦਾ ਹੈ। ਸਮਾਜਿਕ ਫ਼ਲਸ਼ਫੇ ਵਿੱਚ ਉਹ ਇਕ ਭਾਈਚਾਰੇ, ਆਰਥਿਕ ਬਰਾਬਰੀ ਤੇ ਸਰਵੋਦਿਆ ਸਮਾਜ ਦੇ ਹੱਕ ਵਿੱਚ ਸੀ।

ਸਿੱਖਿਆ ਦੇ ਖੇਤਰ ਵਿੱਚ ਉਹ ਚਾਹੁੰਦੇ ਸੀ ਕਿ ਬੱਚੇ ਦੇ ਅੰਦਰ ਤੋਂ ਉਸ ਦੇ ਸਰੀਰ ਤੋਂ, ਮਨ ਤੋਂ, ਆਤਮਾ ਤੋਂ ਵਧੀਆ ਲਾਭ ਉਠਾ ਕੇ, ਉਸ ਨੂੰ ਪ੍ਰਫੁੱਲਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਅਜਿਹਾ ਸਿੱਖਿਆ ਦਾ ਪ੍ਰੋਗਰਾਮ ਦਿੱਤਾ ਜਿਸ ਵਿੱਚ ਸਰੀਰਕ ਸਿੱਖਿਆ, ਕਰਾਫਟ ਤੇ ਸਮਾਜਿਕ ਸੇਵਾ ਦਾ ਉੱਘਾ ਸਥਾਨ ਸੀ। ਉਹ ਸਿੱਖਿਆ ਨੂੰ ਆਤਮ

ਨਿਰਭਰ ਬਨਾਉਣਾ ਚਾਹੁੰਦੇ ਸੀ। ਉਨ੍ਹਾਂ ਨੇ ਧਾਰਮਿਕ, ਨੈਤਿਕ ਸਿੱਖਿਆ ਤੇ ਜ਼ੋਰ ਦਿੱਤਾ ਤੇ ਉਹ ਪੜ੍ਹਾਈ ਨੂੰ ਕਰਾਫਟ ਨਾਲ ਜੋੜ ਕੇ ਕਰਾਉਣਾ ਚਾਹੁੰਦੇ ਸੀ। ਉਨ੍ਹਾਂ ਦੀ ਸਿੱਖਿਆ ਨੂੰ ਵੱਡੀ ਦੇਣ ਵਾਰਧਾ ਸਕੀਮ ਸੀ। ਜਿਸ ਅਨੁਸਾਰ 7 ਸਾਲਾਂ ਦੀ ਉਮਰ ਤੋਂ ਲੈ ਕੇ 14 ਸਾਲਾਂ ਦੀ ਉਮਰ ਤੱਕ ਮੁਫਤ ਤੇ ਲਾਜ਼ਮੀ ਪੜ੍ਹਾਈ ਕਰਾਉਣੀ ਚਾਹੀਦੀ ਸੀ। ਪੜ੍ਹਾਈ ਕਰਾਫਟ ਨਾਲ ਸੰਬੰਧਤ ਕਰਕੇ ਕਰਾਉਣੀ ਚਾਹੀਦੀ ਹੈ। ਸਿੱਖਿਆ ਨੂੰ ਆਤਮ ਨਿਰਭਰ ਹੋਣਾ ਚਾਹੀਦਾ ਹੈ। ਚੰਗੇ ਸ਼ਹਿਰੀਅਤ ਦੇ ਗੁਣ, ਮਿਲ ਜੁਲ ਕੇ ਰਹਿਣਾ ਤੇ ਅਹਿੰਸਾ ਦੇ ਗੁਣ ਜ਼ਰੂਰੀ ਸਿਖਾਉਣੇ ਚਾਹੀਦੇ ਹਨ। ਸਿਲੇਬਸ ਵਿਚ ਕਰਾਫਟ, ਮਾਤ ਭਾਸ਼ਾ, ਹਿਸਾਬ, ਸਮਾਜਿਕ ਸਿੱਖਿਆ, ਡਰਾਇੰਗ ਤੇ ਜਨਰਲ ਸਾਇੰਸ ਜ਼ਰੂਰੀ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਨਾਲ ਨਾਲ ਹਿੰਦੋਸਤਾਨੀ ਭਾਸ਼ਾ ਤੇ ਸੰਗੀਤ ਵੀ ਸਿਖਾਉਣਾ ਚਾਹੀਦਾ ਹੈ।

### 2.2.6 ਮੁੱਖ ਸੰਕਲਪ

1. **ਦਰਸ਼ਨ**:ਗਿਆਨ, ਅਸਲੀਅਤ ਅਤੇ ਹੋਂਦ ਦੀ ਬੁਨਿਆਦੀ ਪ੍ਰਕਿਰਤੀ ਦਾ ਅਧਿਐਨ ਖਾਸ ਕਰਕੇ ਜਦੋਂ ਇਕ ਅਕਾਦਮਿਕ ਅਨੁਸ਼ਾਸਨ ਵਜੋਂ ਮੰਨਿਆਂ ਜਾਂਦਾ ਹੈ
2. **ਸਿੱਖਿਆ ਦਰਸ਼ਨ**: ਇਕ ਵਿਅਕਤੀ ਅਤੇ ਸੰਸਥਾ ਦੇ ਵਿਦਿਅਕ ਵਿਸ਼ਵਾਸਾ ਅਤੇ ਮੁੱਲਾਂ ਦਾ ਇਕ ਸਮੂਹ ਹੈ।

### 2.2.7 ਸਵੈ ਅਭਿਆਸ ਵਾਲੇ ਪ੍ਰਸ਼ਨ

1. ................ ਦਾ ਜਨਮ 6 ਮਈ 1861 ਨੂੰ ਕਲਕੱਤਾ ਵਿਚ ਹੋਇਆ ਸੀ।
2. ਟੈਗੋਰ ਨੂੰ ਗੀਤਾਂਜਲੀ ਲਈ ਵਿਸ਼ਵ ਪ੍ਰਸਿੱਧੀ ਮਿਲੀ ਜਿਸ ਤੇ ਉਨ੍ਹਾਂ ਨੂੰ .............. ਮਿਲਿਆ।
3. ਟੈਗੋਰ ਨੇ ਆਪਣਾ ਸਕੂਲ ਸੁਰੂ ਕੀਤਾ...........ਅਤੇ .............ਜੋ ਹੁਣ ਇਕ ਪੂਰੀ ਯੂਨੀਵਰਸਿਟੀ ਹੈ।
4. ਗਾਂਧੀ ਜੀ ਦੇ ਅਨੁਸਾਰ ਸੱਚ ਪਿਆਰ ਅਤੇ ਅਹਿੰਸਾ ਲਈ ਵਿਧਾ ਸੀ.............
5. ..............ਸਿੱਖਿਆ ਦੇ ਸਿਧਾਂਤ ਅਤੇ ਅਭਿਆਸ ਵਿਚ ਉਸਦਾ ਪਹਿਲਾਂ ਅਤੇ ਪ੍ਰਮੁੱਖ ਯੋਗਦਾਨ ਹੈ।

**Answer for Self Check-Exercise**

1. ਰਬਿੰਦਰ ਨਾਥ ਟੈਗੋਰ 2. 1914, ਨੋਬਲ ਪੁਰਸਕਾਰ 3. ਸ਼ਾਂਤੀ ਲਿਕੇਤਨ ਅਤੇ ਵਿਸਵ ਭਾਰਤੀ 4. ਪ੍ਰਮਾਤਮਾਂ ਦਾ ਅਹਿਸਾਸ 5. ਵਰਧਾ ਸਕੀਮ

### 2.2.8 ਸੁਝਾਏ ਪ੍ਰਸ਼ਨ(Suggested Questions)

1. ''ਗਾਂਧੀ ਜੀ ਦੀ ਵਿਦਿਅਕ ਫ਼ਿਲਾਸ਼ਫੀ ਭਾਰਤ ਲਈ ਸਭ ਤੋਂ ਯੋਗ ਫ਼ਿਲਾਸਫ਼ੀ ਸੀ।'' ਚਰਚਾ ਕਰੋ।
2. ''ਗਾਂਧੀ ਜੀ ਦੀ ਫ਼ਿਲਾਸਫ਼ੀ ਨੇ ਆਰਥਿਕ, ਸਮਾਜਿਕ, ਰਾਜਨੀਤਿਕ ਖੇਤਰ ਵਿੱਚ ਖਾਮੋਸ਼ ਇਨਕਲਾਬ ਲੈ ਆਉਂਦਾ ਸੀ।'' ਚਰਚਾ ਕਰੋ।
3. ''ਬੇਸਿਕ ਐਜੂਕੇਸ਼ਨ'' ਦਾ ਫ਼ਲਸਫ਼ਾ ਕੀ ਹੈ? ਇਸ ਨੇ ਸਾਡੇ ਵਿਦਿਅਕ ਢਾਂਚੇ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕੀਤਾ ਹੈ।
4. ''ਮਹਾਤਮਾ ਗਾਂਧੀ ਨੇ ਹੋਰ ਸਮੱਸਿਆਵਾਂ ਵਾਂਗ ਵਿਦਿਆ ਦੀਆਂ ਸਮੱਸਿਆਵਾਂ ਨੂੰ ਸਚਾਈ, ਪਿਆਰ, ਅਹਿੰਸਾ ਦੀ ਲੋਅ ਵਿੱਚ ਪਰਖਿਆ ਸੀ।'' ਚਰਚਾ ਕਰੋ।
5. ''ਵਾਰਧਾ ਸਕੀਮ ਤੇ ਬੇਸਿਕ ਵਿਦਿਆ ਦੇ ਮੋਟੇ ਅੰਸ਼ ਦਰਸਾਉ।

### 2.2.9 ਸੁਝਾਈਆਂ ਪੁਸਤਕਾਂ (Suggested Books)


1. ਹਮਾਊਂ ਕਬੀਰ : ਐਜੂਕੇਸ਼ਨ ਇਨ ਮਾਡਰਨ ਇੰਡੀਆ
2. ਕੇ.ਕੇ. ਸ਼ਿਰੀਮਾਲੀ : ਐਜੂਕੇਸ਼ਨਲ ਫ਼ਿਲਾਸਫ਼ੀ ਆਫ ਮਹਾਤਮਾ ਗਾਂਧੀ

ਅਚਾਰਿਆ ਕਰਪਲਾਣੀ : ਦੀ ਲੇਟੇਸਟ ਫੈਡ

| | | | |
|---|---|---|---|
| 3. | ਜ਼ਾਕਰ ਹੁਸੈਨ | : | ਨਵੀਂ ਤਾਲੀਮ |
| 4. | ਮੈਨੀ, ਆਰ.ਐਸ. | : | ਐਜੂਕੇਸ਼ਨਲ ਆਈਡਿਆਲੋਜੀ ਐਂਡ ਆਈਡੀਆਜ਼ ਆਫ ਗਾਂਧੀ ਐਂਡ ਟੈਗੋਰ |
| 5. | ਜੀ.ਰਾਮਾ ਚੰਦਰਨ | : | ਬੇਸਿਕ ਐਜੂਕੇਸ਼ਨ |
| 6. | ਕੇ.ਜੀ. ਸੈਅਦੀਨ | : | ਐਜੂਕੇਸ਼ਨਲ ਰੀਕੰਸਟਰਕਸ਼ਨ |
| 7. | ਆਰ.ਐਨ. ਸਫਾਇਆ | : | ਪ੍ਰਿੰਸੀਪਲਜ਼ ਐਂਡ ਟੈਕਨੀਕਸ ਆਫ ਐਜੂਕੇਸ਼ਨ |
| 8. | ਐਸ.ਪੀ. ਚੌਬੇ | : | ਗ੍ਰੇਟ ਇੰਡੀਅਨ ਐਜੂਕੇਟਰਜ਼ |
| 9. | ਟੀ.ਐਸ. ਸੋਢੀ | : | ਸਿੱਖਿਅਕ ਫ਼ਲਸਫ਼ਾ ਅਤੇ ਸਮਾਜ-ਸ਼ਾਸ਼ਤਰ |
| 10. | ਸੋਢੀ, ਟੀ.ਐਸ. ਅਤੇ ਹਰਿੰਦਰ ਕੌਰ ਸੋਢੀ | : | ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ |

ਪਾਠ ਨੰ : 2.3 ਲੇਖਕ : ਡਾ. ਹਰਿੰਦਰ ਕੌਰ ਸੋਢੀ

# ਜੇ. ਕ੍ਰਿਸ਼ਨਾਮੂਰਤੀ

2.3.0 ਪਾਠ ਦੀ ਬਣਤਰ
2.3.1 ਪਾਠ ਦੇ ਉਦੇਸ਼
2.3.3 ਭੂਮਿਕਾ
2.3.3 ਜੀਵਨ ਦਾ ਫ਼ਲਸਫ਼ਾ
2.3.4 ਕ੍ਰਿਸ਼ਨਾ ਮੂਰਤੀ ਦਾ ਸਿੱਖਿਅਕ ਫ਼ਲਸਫ਼ਾ
    2.3.4.1 ਸਿੱਖਿਆ ਦੇ ਉਦੇਸ਼
    2.3.4.2 ਪੜ੍ਹਾਉਣ ਦੀਆਂ ਵਿਧੀਆਂ
    2.3.4.3 ਅਧਿਆਪਕ ਦਾ ਭਾਗ
    2.3.4.4 ਅਨੁਸ਼ਾਸਨ
2.3.5 ਸਾਰ
2.3.6 ਮੁੱਖ ਧਾਰਨਾਵਾਂ
2.3.7 ਸਵੈ-ਮੁਲਾਂਕਣ ਲਈ ਪ੍ਰਸ਼ਨ
2.3.8 ਸੁਝਾਏ ਪ੍ਰਸ਼ਨ
2.3.9 ਸੁਝਾਈਆਂ ਪੁਸਤਕਾਂ

**2.3.1 ਪਾਠ ਦੇ ਉਦੇਸ਼ :-**

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ, ਇਸ ਯੋਗ ਹੋ ਜਾਣਗੇ ਕਿ ਉਹ

1) ਕ੍ਰਿਸ਼ਨਾਮੂਰਤੀ ਅਨੁਸਾਰ ਸਿੱਖਿਆਕ ਫ਼ਲਸਫ਼ੇ ਦਾ ਵਰਨਣ ਕਰ ਸਕਣਗੇ।
2) ਅਧਿਆਪਕ ਦੇ ਰੋਲ ਦੀ ਵਿਆਖਿਆ ਕਰ ਸਕਣਗੇ।
3) ਕ੍ਰਿਸ਼ਨਾਮੂਰਤੀ ਦੇ ਜੀਵਨ ਦੇ ਫ਼ਲਸਫ਼ੇ ਬਾਰੇ ਜਾਣ ਸਕਣਗੇ।

2.3.2 ਭੂਮਿਕਾ **(Introductoin)**

ਕ੍ਰਿਸ਼ਨਾਮੂਰਤੀ ਮਦਨਪਾਲੀ ਜ਼ਿਲ੍ਹਾ ਮਦਰਾਸ ਵਿੱਚ 1895 ਵਿੱਚ ਪੈਦਾ ਹੋਇਆ ਸੀ। ਉਸਨੇ ਆਪਣੀ ਉੱਚੀ ਸਿੱਖਿਆ ਇੰਗਲੈਂਡ ਵਿੱਚ ਹੀ ਪ੍ਰਾਪਤ ਕੀਤੀ ਤੇ ਉੱਚ ਪਾਏ ਦਾ ਗਿਆਨ ਪ੍ਰਾਪਤ ਕੀਤਾ। ਉਹ ਫ਼ਿਲਾਸਫ਼ੀ ਦਾ ਉੱਘਾ ਵਿਦਵਾਨ ਬਣ ਗਿਆ। ਉਸਨੇ ਸੰਪੂਰਨ ਸਿੱਖਿਆ ਉੱਪਰ ਵਿਸ਼ੇਸ਼ ਜ਼ੋਰ ਦਿੱਤਾ। ਉਹ ਇੱਕ ਉੱਚਤਮ ਸਿੱਖਿਆ ਸ਼ਾਸਤਰੀ ਸੀ, ਜਿਸ ਨੇ ਆਪਣੇ ਸਿੱਖਿਅਕ ਫ਼ਲਸਫ਼ੇ ਨੂੰ ਸਾਖ਼ਸ਼ਾਤ ਰੂਪ ਵਿੱਚ ਵਿਕਸਿਤ ਕੀਤਾ।

2.3.3 ਜੀਵਨ ਦਾ ਫ਼ਲਸਫ਼ਾ **(Philosophy of Life)**

ਕ੍ਰਿਸ਼ਨਾਮੂਰਤੀ ਕਿਸੇ ਗੈਬੀ ਸ਼ਕਤੀ ਜਾਂ ਧਰਮ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ। ਉਸ ਨੇ ਨਾ ਤਾਂ ਕਿਸੇ ਵਿਚਾਰਧਾਰਾ ਨੂੰ ਚਲਾਇਆ ਤੇ ਨਾਂ ਹੀ ਕੋਈ ਸਮਜਿਕ ਸੁਧਾਰ ਦਾ ਨੀਂਹ ਪੱਥਰ ਰੱਖਿਆ। ਉਸ ਦਾ ਅਕੀਦਾ ਸੀ ਕਿ ਸਮੁੱਚੇ ਵਿਅਕਤਿਤਵ ਵਿੱਚ ਸੁਧਾਰ ਲੈ ਆਉਂਦਾ ਜਾਵੇ ਤਾਂ ਕਿ ਮਾਨਵਤਾ ਦਾ ਦੁੱਖ ਘਟੇ ਤੇ ਸੁਚੱਜੇ ਸਮਾਜ ਵਿੱਚ ਦੁੱਖ ਦਰਦ ਘਟਣ। ਉਸ ਨੇ ਹੋਣ ਤੇ ਕਰਨ ਵਿਚਲੇ ਅੰਤਰ ਨੂੰ ਬਹੁਤ ਵਾਰ ਸਪੱਸ਼ਟ ਕੀਤਾ। ਉਸ ਦਾ ਅਕੀਦਾ ਸੀ ਕਿ ਕਰਨਾ ਹੋਂਦ ਤੋਂ ਨਿਕਲਦਾ ਸੀ। ਨਾ ਕਿ ਕਰਨਾ ਹੋਂਦ ਵਿੱਚੋਂ ਕਢਿਆ ਜਾਂਦਾ ਸੀ।

i) ਆਜ਼ਾਦੀ **(Freedom):** ਆਜ਼ਾਦੀ ਸ਼ੁਰੂ ਵਿੱਚ ਵਾਪਰਦੀ ਹੈ। ਇਹ ਕਿਸੇ ਨੂੰ ਬਾਅਦ ਵਿੱਚ ਨਹੀਂ ਵੀ ਮਿਲਦੀ। ਮਜ਼ਬੂਰੀ ਦਾ ਅੰਤ ਆਜ਼ਾਦੀ ਨਹੀਂ ਹੁੰਦਾ। ਸਿੱਟਾ ਹੋਰ ਵੱਧ ਮਜ਼ਬੂਰ ਹੁੰਦਾ ਹੈ।

ii) ਆਪਣੀ ਸੋਚ ਆਪ ਸੋਚੋ**(Mind Your Mind) :** ਉਸ ਦਾ ਅਕੀਦਾ ਸੀ ਕਿ ਇੱਕ ਚੰਗੀ ਸੋਚ ਨੂੰ ਉਤਸਾਹਿਤ ਕਰਨਾ ਤੇ ਉਸ ਦਾ ਵਿਕਾਸ ਕਰਨਾ ਜ਼ਰੂਰੀ ਹੈ ਤਾਂ ਕਿ ਉਹ ਜੀਵਨ ਦੀਆਂ ਸਮੁੱਚੀਆਂ ਸਮੱਸਿਆਵਾਂ ਪੂਰਨ ਭਾਂਤ ਹੱਲ ਕਰ ਸਕੇ ਨਾ ਕਿ ਉਨ੍ਹਾਂ ਤੋਂ ਡਰ ਕੇ ਭੱਜ ਜਾਵੇ।

iii) ਡਰ ਤੇ ਖੁਸ਼ੀ **( Fear and Pleasure) :** ਖੁਸ਼ੀ ਕੋਈ ਭੈੜੀ ਚੀਜ਼ ਨਹੀਂ ਹੁੰਦੀ ਪਰ ਇਸ ਨੂੰ ਭਲੀ ਭਾਂਤ ਸਮਝਣ ਦੀ ਲੋੜ ਹੁੰਦੀ ਹੈ। ਜਦੋਂ ਤਕ ਦਰਦ ਤੇ ਖੁਸ਼ੀ ਨੂੰ ਭਲੀ ਭਾਂਤੀ ਨਾ ਸਮਝਿਆ ਜਾਵੇ ਵਿਅਕਤੀ ਡਰ ਤੋਂ ਮੁਕਤ ਨਹੀਂ ਹੋ ਸਕਦਾ। ਉਹ ਮਨ ਜੋ ਕਿ ਡਰ ਤੋਂ ਮੁਕਤ ਨਾ ਹੋਵੇ, ਉਹ ਗੁੰਝਲ ਤੇ ਸੰਕਟ ਵਿੱਚ ਹੀ ਪਿਆ ਰਹਿੰਦਾ ਹੈ। ਖੁਸ਼ੀ ਨੂੰ ਮਾਨਣ ਲਈ ਡਰ ਰਹਿਤ ਹੋਣ ਲਈ ਵਿਅਕਤੀ ਨੂੰ ਆਪਣੇ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ ਤੇ ਆਪਣੇ ਆਪ ਨੂੰ ਪੂਰਨ ਭਾਂਤ ਜਾਨਣਾ ਚਾਹੀਦਾ ਹੈ।

iv) ਕਿਰਿਆ **(Action) :** ਕਿਰਿਆ ਤੋਂ ਭਾਵ ਹੁੰਦਾ ਹੈ ਸਾਡਾ ਅੱਜ ਦਾ ਕਰਮ ਪਰ ਅਸਲ ਵਿੱਚ ਇਹ ਕੱਲ ਦੇ ਤਜ਼ਰਬੇ ਦੇ ਗਿਆਨ ਦਾ ਨਤੀਜਾ ਵੀ ਹੁੰਦਾ ਹੈ। ਅਸੀਂ ਕੇਵਲ ਪਿਛਲੇ ਵਿਚਾਰਾਂ ਦੇ ਫਾਰਮੂਲੇ ਹੀ ਬਣਾਉਂਦੇ ਹਾਂ ਜਦੋਂ ਅਸੀਂ ਯਾਦਾਸ਼ਤ ਦੇ ਆਧਾਰ ਤੇ ਕੰਮ ਕਰਦੇ ਹਾਂ। ਪਿਛੋਕੜ ਦੇ ਆਧਾਰ ਤੇ ਕੀਤੀਆਂ ਕ੍ਰਿਆਵਾਂ ਆਉਣ ਵਾਲੇ ਕਲ੍ਹ ਦੀਆਂ ਕਿਰਿਆਵਾਂ ਦੀ ਮਹੱਤਤਾ ਨੂੰ ਵੀ ਮਾਰ ਦਿੰਦੀਆਂ ਹਨ।

v) ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਦੇ ਅਰਥ **(Meaning of Communication) :** ਇਸ ਦਾ ਭਾਵ ਹੁੰਦਾ ਹੈ ਕਿ ਜੋ ਕੁਝ ਵੀ ਮੌਖਿਕ ਕਿਹਾ ਗਿਆ ਹੈ, ਉਸ ਦੇ ਆਰਥ ਕੱਢਣੇ। ਪਰ ਅਸਲ ਵਿੱਚ ਇਹ ਸਮਝਣਾ ਕੇਵਲ ਸਮਝਣ ਤਕ ਹੀ ਸੀਮਤ ਹੁੰਦਾ ਹੈ। ਉਸ ਦੇ ਅਨੁਸਾਰ ਗੱਲਬਾਤ ਦਾ ਅਰਥ ਹੁੰਦਾ ਹੈ ਸੁਣਨਾ ਤੇ ਸਮਝਣਾ।

vi) ਆਪ **(Self) :** ਆਪ ਦਾ ਆਧਾਰ ਕਈ ਭਾਂਤ ਦੀਆਂ ਬਚਾਉ ਤੇ ਦੂਸਰੇ ਤੇ ਹਮਲਾ ਕਰਨ ਦਾ ਸਿੱਟਾ ਹੁੰਦਾ ਹੈ।ਇਸ ਦੀ ਤਸੱਲੀ ਹਮੇਸ਼ਾ ਹੀ ਆਪੇ ਨੂੰ ਦਰਸਾਉਣ ਤੇ ਸੁਆਦ ਮਾਨਣ ਦੀ ਤਸੱਲੀ ਨਾਲ ਹੁੰਦੀ ਹੈ

### 2.3.4 ਸਿੱਖਿਅਕ ਫ਼ਲਸਫ਼ਾ **(Educational Philosophy)**

#### 2.4.4.1 ਸਿੱਖਿਆ ਦੇ ਉਦੇਸ਼ **(Aims of Education)**

i) ਸਵੈ ਗਿਆਨ ਦਾ ਵਿਕਾਸ**(Development of Self Knowledge):** ਸਿੱਖਿਆ ਨਾਲ ਵਿਅਕਤੀ ਨੂੰ ਆਪਣੀਆਂ ਸੁਚੇਤ ਕੀਮਤਾਂ ਦਾ ਪਤਾ ਚਲਦਾ ਹੈ ਜਿਨ੍ਹਾਂ ਵਿੱਚ ਕੋਈ ਵਿਤਕਰਾ ਨਹੀਂ ਹੁੰਦਾ ਤੇ ਜਿਸ ਵਿੱਚ ਆਪਣੇ ਆਪ ਨੂੰ ਦਰਸਾਉਣਾ ਉਸ ਦਾ ਜ਼ੋਰਦਾਰ ਅੰਗ ਬਣ ਜਾਂਦਾ ਹੈ। ਜਿਸ ਵਿੱਚ

ਸਖਤ ਭਾਵਨਾਵਾਂ ਤੇ ਗੁੰਝਲਾਂ ਹੁੰਦੀਆਂ ਹਨ। ਇਸ ਵਿੱਚ ਵਿਅਕਤੀ ਸਿਸਟਮ ਨਾਲੋਂ ਵਧੇਰੇ ਮਹੱਤਤਾ ਰੱਖਦਾ ਹੈ। ਜਦੋਂ ਤਕ ਵਿਅਕਤੀ ਆਪਣੇ ਆਪ ਦਾ ਸੁਚੱਜਾ ਗਿਆਨ ਨਹੀਂ ਰੱਖਦਾ ਕੋਈ ਵੀ ਸਿਸਟਮ ਦੁਨੀਆਂ ਵਿੱਚ ਅਮਨ ਸਥਾਪਤ ਨਹੀਂ ਕਰ ਸਕਦਾ। ਗਿਆਨ ਆਪਣੇ ਆਪ ਨੂੰ ਸਮਝਣ ਨਾਲ ਆਉਂਦਾ ਹੈ। ਜਿਸ ਵਿੱਚ ਸੰਪੂਰਨ ਮਨੋਵਿਗਿਆਨਕ ਸਾਧਨ ਲਾਗੂ ਹੁੰਦੇ ਹਨ। ਸਪੱਸ਼ਟ ਸ਼ਬਦਾਂ ਵਿੱਚ ਸਿੱਖਿਆ ਆਪਣੇ ਆਪ ਨੂੰ ਸਮਝਣ ਦਾ ਢੰਗ ਹੁੰਦਾ ਹੈ ਜਿਸ ਵਿੱਚ ਹਰ ਪ੍ਰਕਾਰ ਦਾ ਵਿਅਕਤੀਗਤਤਾ ਇੱਕਤਰ ਹੁੰਦੀ ਹੈ।

ii) ਜੀਵਨ ਦੀਆਂ ਵੰਗਾਰਾਂ ਨਾਲ ਨਿਪਟਣ ਦੀ ਯੋਗਤਾ ਉਤਪੰਨ ਕਰਨਾ **(Development of Capacities to Face Challenges) :** ਜੇ ਵਿਅਕਤੀ ਨੇ ਆਪਣੀਆਂ ਸਮੱਸਿਆਵਾਂ, ਉਨ੍ਹਾਂ ਦੀਆਂ ਗੁੰਝਲਾਂ ਤੇ ਬਾਰੀਕੀਆਂ ਤੇ ਜ਼ਰੂਰੀ ਲੋੜਾਂ ਨਾਲ ਨਿਪਟਣਾ ਹੈ ਤਾਂ ਉਸ ਨੂੰ ਥੀਉਰੀਆਂ ਤੇ ਵਿਸ਼ੇਸ਼ ਭਾਂਤ ਦੇ ਵਿਚਾਰਾਂ ਤੋਂ ਮੁਕਤ ਹੋਣਾ ਚਾਹੀਦਾ ਹੈ।

iii) ਘੜੇ ਘੜਾਏ ਵਿਚਾਰਾਂ ਤੋਂ ਮੁਕਤ **(Freedom Free Readymade Ideas) : ਕ੍ਰਿਸ਼ਨਾਮੂਰਤੀ** ਦਾ ਕਥਨ ਹੈ ਕਿ ਵਿਚਾਰਾਂ ਦੀ ਸਿੱਖਿਆ ਦੇ ਖੇਤਰ ਵਿੱਚ ਕੋਈ ਮਹੱਤਤਾ ਨਹੀਂ ਹੈ ਕਿਉਂਕਿ ਇਹ ਗੱਲ ਨੂੰ ਪੂਰਨ ਭਾਂਤ ਨਹੀਂ ਦਰਸਾਉਂਦੀ ਜੋ ਭਵਿੱਖ ਵਿੱਚ ਪ੍ਰਵੇਸ਼ ਕਰ ਜਾਂਦੀ ਹੈ ਜਿਸ ਵਿੱਚ ਇਹ ਫੈਸਲਾ ਨਹੀਂ ਕੀਤਾ ਜਾ ਸਕਦਾ ਕਿ ਫਿਰ ਅੱਗੇ ਕੀ ਹੋਵੇਗਾ। ਇਸ ਵਿੱਚ ਮਨ ਦੀ ਸੁਸਤੀ ਤੇ ਭਵਿੱਖ ਤੋਂ ਬਚਣ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ।

iv) ਬੁੱਧੀ ਦਾ ਵਿਕਾਸ ਗਿਆਨ ਦੀ ਇਕਾਗਰਤਾ ਨਹੀਂ **(Development of Wisdom in Not Acquiring of Knowledge) :** ਅਸੀਂ ਵੱਧ ਤੋਂ ਵੱਧ ਗਿਆਨ ਇਕੱਤਰ ਕਰਨ ਲਈ ਆਪਣੇ ਜੀਵਨ ਦੀ ਖੂਬਸੂਰਤੀ ਤੇ ਸੰਜੀਵਤਾ ਨੂੰ ਗਵਾ ਰਹੇ ਹਾਂ ਤੇ ਤਸ਼ੱਦਦ ਨੂੰ ਅਪਨਾ ਰਹੇ ਹਾਂ। ਜਿਨ੍ਹਾਂ ਜ਼ਿਆਦਾ ਅਸੀਂ ਵਿਸ਼ੇਸ਼ਗ ਬਣ ਰਹੇ ਹਾਂ, ਉਨ੍ਹਾਂ ਹੀ ਟੁਕੜਿਆਂ ਵਿੱਚ ਵੰਡੇ ਜਾਂਦੇ ਹਾਂ। ਲਿਆਕਤ ਨੂੰ ਕਦੇ ਵੀ ਗਿਆਨ ਨਾਲ ਇੱਕਮਿਕ ਨਹੀਂ ਕੀਤਾ ਜਾ ਸਕਦਾ। ਸਿੱਟਾ ਇਹ ਹੈ ਕਿ ਸਾਡਾ ਜੀਵਨ ਵੱਧ ਤੋਂ ਵੱਧ ਬੇਮੁਲਾ, ਢਿੱਲੜ ਤੇ ਖਾਲੀ ਨਜ਼ਰ ਆ ਰਿਹਾ ਹੈ।

v) ਵਾਤਾਵਰਨ ਦੇ ਵਿਕਾਸ ਨੂੰ ਠੀਕ ਭਾਂਤ ਸਮਝਣਾ **(Development of Right Understanding of Environment) :** ਸਾਨੂੰ ਇਸ ਗੱਲ ਦਾ ਪੱਕਾ ਪਤਾ ਹੋਣਾ ਚਾਹੀਦਾ ਹੈ ਕਿ ਵਾਤਾਵਰਨ ਸਾਨੂੰ ਪ੍ਰਭਾਵਿਤ ਹੀ ਨਹੀਂ ਕਰਦਾ ਸਗੋਂ ਅਸੀਂ ਆਪ ਹੀ ਵਾਤਾਵਰਨ ਦਾ ਇੱਕ ਭਾਗ ਹੁੰਦੇ ਹਾਂ। ਅਸੀਂ ਕਦੇ ਵੀ ਇਹ ਅਨੁਭਵ ਨਹੀਂ ਕਰਦੇ ਕਿ ਅਸੀਂ ਆਪ ਵਾਤਾਵਰਨ ਹਾਂ ਕਿਉਂਕਿ ਸਾਡੇ ਵਿੱਚ ਕਈ ਭਾਵਨਾਵਾਂ ਹੁੰਦੀਆਂ ਹਨ ਜੋ ਕਿ ਮੇਰੇ ਜਾਂ ਆਪਣੇ ਆਲੇ-ਦੁਆਲੇ ਘੁੰਮਦੀਆਂ ਹਨ।

vi) ਆਜ਼ਾਦ ਤੇ ਕੁਦਰਤੀ ਮਾਨਵ ਦਾ ਵਿਕਾਸ **(Development of Freedom and Natural Human Being) : ਕ੍ਰਿਸ਼ਨਾਮੂਰਤੀ** ਅਨੁਸਾਰ ਯੋਗ ਭਾਂਤ ਦੀ ਸਿੱਖਿਆ ਨੂੰ ਕਿਸੇ ਵੀ ਵਿਚਾਰਧਾਰਾ ਜਾਂ ਪਾਬੰਦੀਆਂ ਤੋਂ ਮੁਕਤ ਹੋਣਾ ਚਾਹੀਦਾ ਹੈ। ਬੱਚੇ ਦੇ ਦਿਮਾਗ ਦੀ ਹਾਲਤ ਜਿਸ ਵਿੱਚ ਉਹ ਵਿਅਕਤੀ ਕਿਸੇ ਸਿਧਾਂਤ ਨਾਲ ਜੁੜਿਆ ਹੋਇਆ ਹੋਵੇ, ਉਹ ਭਾਂਵੇਂ ਧਾਰਮਿਕ ਹੋਵੇ ਜਾਂ ਰਾਜਨੀਤਿਕ ਹੋਵੇ ਉਸ ਨਾਲ ਵੱਖ-ਵੱਖ ਵਿਅਕਤੀਆਂ ਵਿੱਚ ਦੁਸ਼ਮਣੀਆਂ ਪੈਂਦੀਆਂ ਹਨ। ਇਹ ਭਾਈਚਾਰੇ ਤੇ ਸਮਾਜ ਵਿੱਚ ਸੁਧਾਰ ਨਹੀਂ ਲੈ ਆ ਸਕਦੀਆਂ।

vii) ਦੂਸਰਿਆਂ ਲਈ ਪਿਆਰ ਦਾ ਵਿਕਾਸ **(Development of Love for Others) :** ਕੇਵਲ ਸੱਚਾ ਪਿਆਰ ਤੇ ਲੋਕਾਂ ਬਾਰੇ ਸਤਿਕਾਰ ਹੀ ਵਿਅਕਤੀ ਦੇ ਵਿਅਕਤਿਤਵ ਵਿੱਚ ਇਨਕਲਾਬ ਲੈ ਆਉਂਦਾ ਹੈ। ਪਰ ਅਜਿਹੇ ਕੇਵਲ ਪਿਆਰ ਦੇ ਵਿਚਾਰ ਦੁਆਰਾ ਹੀ ਨਹੀਂ ਕੀਤਾ ਜਾ ਸਕਦਾ । ਅਜਿਹਾ ਕਰਨ ਲਈ ਸਾਨੂੰ ਦੂਸਰਿਆਂ ਪ੍ਰਤੀ ਨਫਰਤ, ਘਿਰਣਾ, ਲਾਲਚ, ਧੋਖਾਧੜੀ ਦੂਰ ਰਖ ਕੇ ਹੀ ਕੀਤਾ ਜਾ ਸਕਦਾ ਹੈ।

viii) ਸਿਰਜਨਾਤਮਕਤਾ ਦਾ ਵਿਕਾਸ **(Development of Creativity) :** ਲਗਾਤਾਰ ਜਾਂਚ ਪੜਤਾਲ ਕਰਦੇ ਰਹਿਣ ਤੇ ਚਾਲੂ ਸਿਸਟਮ ਵਿੱਚ ਦੁੱਖੀ ਮਹਿਸੂਸ ਕਰਦੇ ਰਹਿਣ ਨਾਲ ਹੀ ਬੌਧਿਕਤਾ ਦਾ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਦੀ ਸੋਚ ਬਣਾਈ ਰੱਖਣਾ ਬਹੁਤ ਮੁਸ਼ਕਿਲ ਹੁੰਦਾ ਹੈ।

ix) ਆਜ਼ਾਦੀ ਤੇ ਸੰਯੁਕਤਾ ਦਾ ਵਿਕਾਸ **(Development of Freedom and Integration ):** ਬੱਚੇ ਨੂੰ ਸਿੱਖਿਅਤ ਕਰਨ ਲਈ ਉਸ ਨੂੰ ਆਜ਼ਾਦੀ ਤੇ ਸੰਯੁਕਤਾ ਨੂੰ ਸਮਝਣ ਯੋਗ ਬਣਾਉਣਾ ਚਾਹੀਦਾ ਹੈ। ਆਜ਼ਾਦੀ ਮਾਨਣ ਲਈ ਕਈ ਅਸੂਲ ਹੁੰਦੇ ਹਨ ਜੋ ਕਿ ਸੁਹਿਰਦਰਤਾ ਨਾਲ ਆਉਂਦੇ ਹਨ। ਸੰਯੁਕਤਾ ਸਾਦੇਪਣ ਨਾਲ ਆਉਂਦੀ ਤੇ ਇਹ ਸਾਦਾਪਣ ਦੋਹੀਂ ਪਾਸੀ ਵਿਅਕਤੀ ਦੇ ਅੰਦਰ ਤੇ ਬਾਹਰ ਵੀ ਹੁੰਦਾ ਹੈ।

x) ਅੰਤਰਰਾਸ਼ਟਰੀ ਸੂਝ-ਬੂਝ ਦਾ ਵਿਕਾਸ **(Development of International Understanding)**: ਜਦੋਂ ਤਕ ਸਾਡੇ ਸਮਾਜ ਵਿੱਚ ਭਾਂਤ-ਭਾਂਤ ਦੀਆਂ ਵਿਲੱਖਣਤਾਵਾਂ ਜਿਵੇਂ ਕਿ ਅਮੀਰ ਗਰੀਬ, ਨਜਾਇਜ਼ ਲਾਭ ਉਠਾਉਣ ਵਾਲੇ ਤੇ ਇਸਨੂੰ ਬਰਦਾਸ਼ਤ ਕਰਨ ਵਾਲੇ, ਤਾਕਤਵਰ ਤੇ ਕਮਜੋਰ ਤੇ ਭਾਂਤ-ਭਾਂਤ ਦੀਆਂ ਵੰਡਾਂ ਇਹ ਹੋ ਨਹੀਂ ਸਕਦਾ ਕਿ ਲੋਕਾਂ ਵਿੱਚ ਸੂਝ ਬੂਝ ਉਤਪੰਨ ਹੋ ਜਾਵੇ। ਜੇ ਅਸੀਂ ਆਪਣੇ ਆਪ ਵਿੱਚ ਗੰਭੀਰ ਤਬਦੀਲੀਆਂ ਲੈ ਆਉਣਾ ਚਾਹੁੰਦੇ ਹਾਂ ਤਾਂ ਸਭ ਨਾਲੋਂ ਪਹਿਲਾਂ ਆਪਣੇ ਗਿਆਨ ਵਿੱਚ ਤਬਦੀਲੀ ਲੈ ਆਉਣੀ ਪਵੇਗੀ।

xi) ਯੋਗ ਸੰਬੰਧ ਬਣਾਉਣੇ **(Development of Right Relationship) :** ਵਿਦਿਆ ਨੂੰ ਵਿਅਕਤੀ ਦੀ ਮਦਦ ਕਰਨੀ ਚਾਹੀਦੀ ਹੈ ਕਿ ਉਹ ਵਿਅਕਤੀ ਤੇ ਸਮਾਜ ਵਿੱਚ ਸੁਖਾਂਵਾਂ ਸੰਬੰਧ ਬਣਾਵੇ। ਬੌਧਿਕਤਾ ਵਿਅਕਤੀ ਨੂੰ ਆਪਣੇ ਆਪ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ ਤੇ ਇਸ ਪ੍ਰਕਾਰ ਵਿਅਕਤੀ ਨੂੰ ਉੱਚਾ ਚੁੱਕ ਲੈਂਦੀ ਹੈ।

xii)ਅਸੂਲਾਂ ਤੋਂ ਆਜ਼ਾਦੀ **(Freedom from Ideology) :** ਇਸ ਦਾ ਵਿਚਾਰ ਹੈ ਕਿ ਜੇ ਬੱਚੇ ਦਾ ਮਨ ਕਿਸੇ ਧਾਰਮਿਕ ਜਾਂ ਰਾਜਨੀਤਿਕ ਸਿਧਾਂਤਾਂ ਨਾਲ ਜੋੜ ਦਿੱਤਾ ਜਾਵੇ ਤਾਂ ਆਪਸ ਵਿੱਚ ਦੁਸ਼ਮਣੀ ਉਤਪੰਨ ਹੋ ਜਾਂਦੀ ਹੈ। ਜਿਥੇ ਆਪਸੀ ਮੁਕਾਬਲਾ ਹੋਵੇ ਉਥੇ ਵਿਕਾਸ ਔਖਾ ਹੀ ਹੁੰਦਾ ਹੈ।

xiii) ਅਧਿਆਤਮਿਕ ਟ੍ਰੇਨਿਗ ਪਰ ਧਾਰਮਿਕ ਸਿੱਖਿਆ ਨਹੀਂ **(Spiritual Training but not Religious Education) :** ਵਿਅਕਤੀ ਲਈ ਵਹਿਮ, ਭਰਮ ਤੇ ਬੰਦਸ਼ਾਂ ਅਧਿਆਤਮਿਕ ਸਿੱਖਿਆ ਲਈ ਯੋਗ ਨਹੀਂ ਹੁੰਦੀਆਂ। ਅਧਿਆਤਮਿਕ ਟ੍ਰੇਨਿੰਗ ਦੁਆਰਾ ਬੱਚਾ ਆਪਣੇ ਲੋਕਾਂ ਨਾਲ ਮੇਲ ਬਣਾਉਣ ਦੇ ਕੰਮ ਆਉਂਦਾ ਹੈ।

2.3.4 ਪੜ੍ਹਾਉਣ ਦੀਆਂ ਵਿਧੀਆਂ **(Methods of Teaching)** )

i) ਸਾਨੂੰ ਬੱਚੇ ਨੂੰ ਇਹ ਨਹੀਂ ਸਿਖਾਉਣਾ ਚਾਹੀਦਾ ਕਿ ਕੀ ਸੋਚਣਾ ਹੈ ਸਗੋਂ ਉਸ ਨੂੰ ਆਪਣੇ ਢੰਗ ਨਾਲ ਸੋਚਣ ਦੇਣਾ ਚਾਹੀਦਾ ਹੈ।

ii) ਬੱਚੇ ਨੂੰ ਪੂਰਨ ਭਾਂਤ ਜਾਂਚਣਾ ਚਾਹੀਦਾ ਹੈ ਤੇ ਉਸ ਢੰਗ ਨਾਲ ਪੜ੍ਹਾਉਣਾ ਚਾਹੀਦਾ ਹੈ ਜਿਸ ਨਾਲ ਕਿ ਉਸ ਨੂੰ ਸਫਲਤਾ ਨਾਲ ਪੜ੍ਹਨਾ ਆ ਜਾਵੇ। ਇਸ ਵਿੱਚ ਵਿਦਿਆਰਥੀਆਂ ਨੂੰ ਬਰਾਬਰ ਦੇ ਭਾਈਵਾਲ ਬਣਾਉਣਾ ਚਾਹੀਦਾ ਹੈ।

iii) ਸਮੱਸਿਆ ਨੂੰ ਹੱਲ ਕਰਨ ਤੇ ਵਿਕਾਸਾਤਮਕ ਵਿਧੀਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

iv) ਬਾਰ-ਬਾਰ ਘੋਟਾ ਲਾਉਣ ਨਾਲ ਵਿਦਿਆਰਥੀ ਦਾ ਮਨ ਸੁਸਤ ਹੋ ਜਾਂਦਾ ਹੈ।

2.3.4.3 ਅਧਿਆਪਕ ਦਾ ਭਾਗ **(The Teacher's Role)**

i) ਅਧਿਆਪਕ ਨੂੰ ਸੁਚੇਤ, ਚਿੰਤਾਜਨਕ ਅਤੇ ਪਿਆਰ ਭਰੇ ਆਚਰਨ ਵਾਲਾ ਹੋਣਾ ਚਾਹੀਦਾ ਹੈ।

ii) ਅਧਿਆਪਕ ਵਿਦਿਆਰਥੀਆਂ ਦੀ ਇੱਜ਼ਤ ਕਰਨ ਵਾਲਾ ਹੋਣਾ ਚਾਹੀਦਾ ਹੈ।

iii) ਅਧਿਆਪਕ ਮਿਸ਼ਨਰੀ ਭਾਵਨਾ ਰੱਖਣ ਵਾਲਾ ਹੋਣਾ ਚਾਹੀਦਾ ਹੈ।

iv) ਮਨ ਉੱਪਰ ਪੂਰਾ ਕੰਟਰੋਲ ਰੱਖਣ ਵਾਲਾ ਹੋਣਾ ਚਾਹੀਦਾ ਹੈ।

v) ਸਹਿਨਸ਼ੀਲਤਾ ਉਤਪੰਨ ਕਰਨ ਵਾਲਾ ਹੋਵੇ।

vi) ਖ਼ੁਸ਼ਮਿਜ਼ਾਜ਼ ਹੋਣਾ ਚਾਹੀਦਾ ਹੈ।

vii) ਇੱਕ ਟੀਚਾ ਮਿੱਥਣ ਵਾਲਾ ਹੋਵੇ

viii) ਆਪਣੇ ਆਪ ਵਿੱਚ ਵਿਸ਼ਵਾਸ ਬਣਾਉਣ ਵਾਲਾ ਹੋਵੇ।

2.3.4.4 ਅਨੁਸ਼ਾਸਨ **(Discipline)**

ਸਕੂਲ ਦਾ ਅਨੁਸ਼ਾਸਨ ਸਵੈ ਪ੍ਰਕਾਰ ਦਾ ਹੋਣਾ ਚਾਹੀਦਾ ਹੈ। ਜਿਸ ਵਿੱਚ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਆਪਣੇ ਆਪ ਵਿੱਚ ਪੂਰਨ ਭਾਂਤ ਮੇਲ ਜੋਲ ਹੋਵੇ ਤੇ ਇੱਕ ਦੂਸਰੇ ਦੀ ਯੋਗ ਸਮਝ ਵੀ ਹੋਵੇ। ਬੱਚਿਆਂ ਵਿੱਚ ਪਿਆਰ ਤੇ ਸਮਝਦਾਰੀ ਵੀ ਹੋਣੀ ਚਾਹੀਦੀ ਹੈ।

**ਛੋਟੇ ਉਤਰਾਂ ਵਾਲੇ ਪ੍ਰਸ਼ਨ:**

ਪ੍ਰਸ਼ਨ 1. ਕ੍ਰਿਸ਼ਨਾਮੂਰਤੀ ਅਨੁਸਾਰ ਪੜ੍ਹਾਉਣ ਦੀਆਂ ਦੋ ਵਿਧੀਆਂ ਦੱਸੋ?

ਉੱਤਰ : ______________________________

______________________________

ਪ੍ਰਸ਼ਨ 2. ਵੱਡੇ ਸਕੂਲ ਦੇ ਦੋਸ਼ਾਂ ਦਾ ਸੰਖੇਪ ਵਿੱਚ ਵਰਣਨ ਕਰੋ?

ਉੱਤਰ : ______________________________

______________________________

2.3.5 ਸਾਰ **(Summary)**

**ਕ੍ਰਿਸ਼ਨਾਮੂਰਤੀ** ਦਾ ਸਿਧਾਂਤ ਸੀ ਕਿ ਗਿਆਨ ਪ੍ਰਦਾਨ ਕਰਨਾ ਜਾਂ ਕੌਸ਼ਲ ਸਿਖਾਉਣੇ ਕੋਈ ਸਿੱਖਿਆ ਨਹੀਂ ਹੁੰਦੀ। ਇਨ੍ਹਾਂ ਦੇ ਨਾਲ-ਨਾਲ ਕੀਮਤਾਂ ਸਥਾਪਤ ਕਰਨਾ ਤੇ ਉਨ੍ਹਾਂ ਦੇ ਵਿਅਕਤਿਤਵ ਨੂੰ ਇਸ ਪ੍ਰਕਾਰ ਉਤਪੰਨ ਕਰਨਾ ਕਿ

ਉਹ ਆਪਣੀਆਂ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝ ਸਕਣ ਤੇ ਉਨ੍ਹਾਂ ਨੂੰ ਹੱਲ ਕਰਨ ਦੇ ਉਪਰਾਲੇ ਵੀ ਕਰਨ, ਸਿੱਖਿਆ ਦਾ ਜ਼ਰੂਰੀ ਅੰਸ਼ ਹੁੰਦਾ ਹੈ। ਉਨ੍ਹਾਂ ਦਾ ਸਿਧਾਂਤ ਸੀ ਕਿ ਵੱਡੇ ਸਕੂਲਾਂ ਵਿੱਚ ਪ੍ਰਦਾਨ ਕਰਨ ਵਾਲੀ ਸਿੱਖਿਆ ਕੋਈ ਸਿੱਖਿਆ ਨਹੀਂ ਹੁੰਦੀ ਜਿਥੇ ਹਜ਼ਾਰਾਂ ਹੀ ਵਿਦਿਆਰਥੀ ਪੜ੍ਹਦੇ ਹਨ ਤੇ ਸੈਂਕੜੇ ਅਧਿਆਪਕ ਪੜ੍ਹਾਉਂਦੇ ਹਨ ਕਿਉਂਕਿ ਉਥੇ ਵਿਦਿਆਰਥੀਆਂ , ਅਧਿਆਪਕਾਂ, ਤੇ ਮਾਪਿਆਂ ਵਿੱਚ ਵਧੀਆ ਆਪਸੀ ਸਾਂਝ ਨਹੀਂ ਹੁੰਦੀ ਤੇ ਨਾ ਹੀ ਵਿਚਾਰ ਵਟਾਦਰਾ ਹੁੰਦਾ ਹੈ। ਸਕੂਲ ਵਿੱਚ ਮਾਪਿਆਂ ਨੂੰ ਪੂਰਨ ਭਾਂਤ ਭਾਈਵਾਲ ਬਣਾਉਣਾ ਚਾਹੀਦਾ ਹੈ ਕਿਉਂਕਿ ਉਹ ਬੱਚਿਆਂ ਦੀ ਵਧੇਰੇ ਭਲਾਈ ਚਾਹੁੰਦੇ ਹਨ ਤੇ ਬੱਚਿਆਂ ਨਾਲ ਅਧਿਆਪਕਾਂ ਨਾਲੋਂ ਵੱਧ ਸਮਾਂ ਬਤੀਤ ਕਰਦੇ ਹਨ । ਅਧਿਆਪਕ ਦਾ ਕਿੱਤਾ ਇੱਕ ਮਿਸ਼ਨਰੀ ਕਿੱਤਾ ਹੁੰਦਾ ਹੈ। ਜਿਸ ਵਿੱਚ ਆਪਾ ਵਾਰਨਾ ਪੈਂਦਾ ਹੈ। ਅਧਿਆਪਕ ਨੇ ਮਾਪਿਆਂ ਨਾਲ ਤੇ ਸਮੁਦਾਇ ਨਾਲ ਪੱਕੇ ਮੇਲਜੋਲ ਰਖਣਾ ਹੁੰਦਾ ਹੈ ਤਾਂ ਕਿ ਬੱਚੇ ਬਾਰੇ ਸੂਚਨਾ ਸਾਂਝੀ ਕੀਤੀ ਜਾਵੇ ਤੇ ਉਸ ਨੂੰ ਯੋਗ ਲੀਹਾਂ ਤੇ ਚਲਾਇਆ ਜਾਵੇ। ਹਰ ਇਲਾਕੇ ਦੇ ਲੋਕਾਂ ਨੂੰ ਆਪਣੇ ਸਾਧਨ ਇਕੱਤਰ ਕਰਨੇ ਚਾਹੀਦੇ ਹਨ ਤਾਂ ਕਿ ਉਹ ਆਪਣੇ ਬੱਚਿਆਂ ਲਈ ਛੋਟੇ-ਛੋਟੇ ਸਕੂਲ ਖੋਲ੍ਹਣ ਤਾਂ ਜੋ ਅਧਿਆਪਕ ਸਾਰੇ ਵਿਦਿਆਰਥੀਆਂ ਨਾਲ ਗੂੜੇ ਸੰਬੰਧ ਸਥਾਪਤ ਕਰਨ ਤੇ ਉਨਾਂ ਨੂੰ ਚੰਗੇ ਸ਼ਹਿਰੀ ਬਣਨ ਵਿੱਚ ਮਦਦ ਕਰਨ। ਇਸ ਪ੍ਰਕਾਰ ਦੇ ਸਕੂਲਾਂ ਵਿੱਚ ਸਵੈ ਭਾਂਤ ਦਾ ਅਨੁਸ਼ਾਸਨ ਸਥਾਪਿਤ ਹੋਣਾ ਚਾਹੀਦਾ ਹੈ। ਪ੍ਰਿੰਸੀਪਲ ਨੂੰ ਮੂਲ ਰੂਪ ਵਿੱਚ ਲੋਕਤੰਤਰੀ ਹੋਣਾ ਚਾਹੀਦਾ ਹੈ ਤੇ ਅਧਿਆਪਕਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ। ਵਿਦਿਆਰਥੀ ਨੂੰ ਉਨ੍ਹਾਂ ਕਮੇਟੀਆਂ ਵਿੱਚ ਭਾਈਵਾਲ ਬਣਾਉਣਾ ਚਾਹੀਦਾ ਹੈ ਜਿਥੇ ਵਿਦਿਆਰਥੀਆਂ ਬਾਬਤ ਫੈਸਲੇ ਕੀਤੇ ਜਾਣੇ ਹੋਣ।

### 2.3.6 ਮੁੱਖ ਧਾਰਨਾਵਾਂ

1. ਵਿਦਿਅਅਕ ਦਰਸ਼ਨ ਇਕ ਵਿਅਕਤੀ ਅਤੇ ਜਾਂ ਸੰਸਥਾ ਦੇ ਵਿਦਿਅਕ ਵਿਸਵਾਸ਼ਾ ਅਤੇ ਮੂਲ ਮੂਲਾਂ ਦਾ ਇਕ ਸਮੂਹ ਹੈ।
2. ਜੀਵਨ ਦਾ ਫਲਸਫਾ ਜੀਵਨ ਅਤੇ ਜੀਵਨ ਦੇ ਉਦੇਸ਼ ਪ੍ਰਤੀ ਸਮੁੱਚੀ ਦ੍ਰਿਸ਼ਟੀ ਜਾਂ ਰਵੱਈਆ।

### 2.3.7 ਸਵੈ ਅਭਿਆਸ ਲਈ ਪ੍ਰਸਨ:

1. ਕਿਸਨਾਂਮੂਰਤੀ ਕੇਵਲ ਇਕ ਦਾਰਸ਼ਨਿਕ ਹੀ ਨਹੀ ਸਗੋ ਇਕ ਵਿਹਾਰਕ.............ਵੀ ਸਨ।
2. ਕ੍ਰਿਸਨਾਮੂਰਤੀ ਦੇ ਅਨੁਸਾਰ ਮਜਬੂਰੀ ਦੇ ਅੰਤ ਵਿਚ ਕੋਈ .............ਨਹੀਂ ਹੁੰਦੀ।
3. .............ਅਤੇ ਦਰਦ ਦੀ ਪ੍ਰਕਿਰਤੀ ਨੂੰ ਸਮਝਣਾ ਦੁੱਖ ਤੋ ਮੁਕਤ ਨਹੀ ਹੋ ਸਕਦਾ।
4. ਕ੍ਰਿਸ਼ਨਾ ਮੂਰਤੀ ਦੇ ਅਨੁਸਾਰ ਸੰਚਾਰ ਵਿਚ ..............ਅਤੇ ਸਿੱਖਣਾ ਸ਼ਾਮਲ ਹੈ।
5. ਸੱਚੀ.............ਲਈ ਵਿਅਕਤੀ ਨੂੰ ਆਜਾਦ ਅਤੇ ਪਰਿਪੱਖ ਹੋਣਾ ਚਾਹੀਦਾ ਹੈ ਅਤੇ ਪਿਆਰ ਅਤੇ ਚੰਗਿਆਈ ਵਿਚ ਖਿੜਨਾ ਚਾਹੀਦਾ ਹੈ।

ਉੱਤਰ: 1. ਕਲਾਕਾਰ 2. ਆਜ਼ਾਦੀ 3. ਖੁਸੀ 4. ਸੁਣਨਾ 5. ਸਿੱਖਿਆ

### 2.3.8 ਸੁਝਾਏ ਪ੍ਰਸ਼ਨ

ਪ੍ਰਸਨ 1. ਕ੍ਰਿਸ਼ਨਾਮੂਰਤੀ ਦੇ ਜੀਵਨ ਦੇ ਫ਼ਲਸਫ਼ੇ ਦਾ ਵਰਣਨ ਵਿਸਥਾਰ ਵਿੱਚ ਕਰੋ।

ਪ੍ਰਸ਼ਨ 2. ਕ੍ਰਿਸ਼ਨਾਮੂਰਤੀ ਦੇ ਵਿਦਿਅਕ ਫ਼ਲਸਫ਼ੇ ਨੂੰ ਆਪਣੇ ਸ਼ਬਦਾਂ ਵਿੱਚ ਦਰਸਾਉ।

ਪ੍ਰਸ਼ਨ 3. ਹੇਠ ਲਿਖਿਆਂ ਵਿਸ਼ਿਆਂ ਤੇ ਸੰਖੇਪ ਨੋਟ ਲਿਖੋ :

1) ਵੱਡੇ ਸਕੂਲਾਂ ਦੇ ਦੋਸ਼।
2) ਛੋਟੇ ਸਕੂਲਾਂ ਦੇ ਗੁਣ।
3) ਅਧਿਆਪਕ ਦੀ ਭੂਮਿਕਾ।

### 2.3.9 ਸੁਝਾਈਆਂ ਪੁਸਤਕਾਂ


1) ਸੋਢੀ, ਟੀ.ਐਸ ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਸਮਾਜਿਕ ਅਤੇ ਦਾਰਸ਼ਨਿਕ ਆਧਾਰ
2) ਕਾਂਸਲ, ਐਮ. ਆਰ. : ਸਿੱਖਿਆ ਦੇ ਸਿਧਾਂਤ
3) ਸੋਢੀ, ਟੀ.ਐਸ. : ਸਿੱਖਿਅਕ ਫਲਸਫ਼ਾ ਅਤੇ ਸਮਾਜ ਸ਼ਾਸਤਰ
4) ਬਰੂਬੇਕਰ : ਮਾਡਰਨ ਫਿਲਾਸਫ਼ੀਜ਼ ਆਫ ਐਜੂਕੇਸ਼ਨ

ਪਾਠ ਨੰ: 2.4

ਲੇਖਕ ਅਤੇ ਅਨੁਵਾਦਕ : ਡਾ. ਡੌਲੀ ਮਾਂਗਟ

# ਸਿੱਖਿਆ ਦੀ ਕੌਮੀ ਨੀਤੀ, 1986 ਅਤੇ ਭਾਰਤੀ ਸਿੱਖਿਆ ਕਮਿਸ਼ਨ

2.4.1 ਪਾਠ ਦੇ ਉਦੇਸ਼
2.4.2 ਭੂਮਿਕਾ
2.4.3 ਭਾਰਤੀ ਸਿੱਖਿਆ ਕਮਿਸ਼ਨ ਦੇ ਟੀਚੇ
2.4.4 ਸਿੱਖਿਆ ਦੀ ਕੌਮੀ ਨੀਤੀ, 1986
2.4.5 ਸਾਰ
2.4.6 ਮੁੱਖ ਧਾਰਨਾਵਾਂ
2.4.7 ਸਵੈ ਮੁਲਾਂਕਣ ਲਈ ਪ੍ਰਸ਼ਨ
2.4.8 ਸੁਝਾਏ ਪ੍ਰਸ਼ਨ
2.4.9 ਸੁਝਾਈਆਂ ਪੁਸਤਕਾਂ

## 2.4.1 ਪਾਠ ਦੇ ਉਦੇਸ਼:

ਇਹ ਪਾਠ ਪੜ੍ਹਨ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ:

1) ਭਾਰਤੀ ਸਿੱਖਿਆ ਕਮਿਸ਼ਨ ਦੇ ਉਦੇਸ਼ ਸਮਝ ਸਕਣ।
2) 1968 ਦੀ ਨੀਤੀ ਸਫਲ ਕਿਉਂ ਨਾ ਹੋਈ ਦੇ ਕਾਰਣ ਦਸ ਸਕਣਗੇ।
3) 1986 ਦੀ ਨੀਤੀ ਦੀਆਂ ਸਿਫਾਰਸ਼ਾਂ ਦਾ ਵਰਣਨ ਕਰ ਸਕਣਗੇ।

## 2.4.2 ਭੂਮਿਕਾ :

ਇਸ ਕਮਿਸ਼ਨ ਦੇ ਗਠਨ ਦਾ ਮੁੱਖ ਮੰਤਵ ਦੇਸ਼ ਵਿਚ ਸਿੱਖਿਆ ਦੀਆਂ ਕਈ ਕਿਸਮ ਦੀਆਂ ਔਕੜਾਂ ਦਾ ਅਧਿਅਨ ਕਰਨਾ ਅਤੇ ਸਿੱਖਿਆ ਦੇ ਰਾਸ਼ਟਰੀ ਸਿਸਟਮ ਨੂੰ ਵਿਕਸਿਤ ਕਰਨਾ ਸੀ। ਇਸ ਕਮਿਸ਼ਨ ਦੀ ਨਿਯੁਕਤੀ 14 ਜੁਲਾਈ, 1964 ਨੂੰ ਡਾਕਟਰ ਡੀ. ਐਸ. ਕੋਠਾਰੀ, ਪ੍ਰਧਾਨ ਯੂ. ਜੀ. ਸੀ., ਨਵੀ ਦਿੱਲੀ, ਦੀ ਪ੍ਰਧਾਨਗੀ ਹੇਠ ਹੋਈ, ਕਮਿਸ਼ਨ ਨੇ ਆਪਣਾ ਕੰਮ ਕਾਜ 2 ਅਕਤੂਬਰ, 1964 ਨੂੰ ਸ਼ੁਰੂ ਕੀਤਾ ਅਤੇ 29 ਜੂਨ, 1966 ਨੂੰ ਆਪਣੀ ਰਿਪੋਰਟ ਕੇਂਦਰੀ ਸਿੱਖਿਆ ਮੰਤਰੀ ਨੂੰ ਪੇਸ਼ ਕੀਤੀ।

## 2.4.3 ਭਾਰਤੀ ਸਿੱਖਿਆ ਕਮਿਸ਼ਨ ਦੇ ਟੀਚੇ :

ਕਮਿਸ਼ਨ ਨੇ ਭਾਰਤ ਵਿਚ ਸਿੱਖਿਆ ਦੀਆਂ ਔਕੜਾਂ ਦਾ ਅਧਿਐਨ ਕੀਤਾ ਅਤੇ ਆਪਣੀ 1600 ਪੰਨਿਆਂ ਦੀ ਰਿਪੋਰਟ ਭਾਰਤੀ ਸਿੱਖਿਆ ਮੰਤਰੀ ਨੂੰ ਪੇਸ਼ ਕੀਤੀ। ਕਮਿਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦੀ ਤਰੱਕੀ, ਵਿਤੀ ਵਿਕਾਸ, ਸਮਾਜਿਕ ਸੁਰੱਖਿਆ ਅਤੇ ਲੋਕ ਭਲਾਈ ਗਤੀ ਵਿਧੀਆਂ ਨੂੰ ਸਿੱਖਿਆ ਰਾਹੀਂ ਹੀ ਸੁਨਿਸ਼ਚਤ ਕੀਤਾ ਜਾ ਸਕਦਾ ਹੈ। ਇਸ ਲਈ ਕਮਿਸ਼ਨ ਨੇ ਸੁਝਾਇਆ ਕਿ ਰਾਸ਼ਟਰੀ ਵਿਕਾਸ ਦੀ ਕਿਸੇ ਵੀ ਤਜਵੀਜ਼ ਵਿਚ ਸਿੱਖਿਆ ਨੂੰ ਪ੍ਰਮੁੱਖਤਾ ਮਿਲਣੀ ਚਾਹੀਦੀ ਹੈ।

### 1 ਸਿੱਖਿਆ ਅਤੇ ਰਾਸ਼ਟਰੀ ਉਦੇਸ਼ :

ਸਿੱਖਿਆ ਇਨਸਾਨ ਦੀ ਜ਼ਿੰਦਗੀ ਅਤੇ ਜ਼ਰੂਰਤਾਂ ਅਨੁਸਾਰ ਹੋਣੀ ਚਾਹੀਦੀ ਹੈ ਤਾਂ ਕਿ ਰਾਸ਼ਟਰੀ ਉਦੇਸ਼ ਹਾਸਲ ਕੀਤੇ ਜਾ ਸਕਣ। ਹੇਠ ਲਿਖੇ ਪੰਜ ਉਦੇਸ਼, ਪੰਜ ਸੂਤਰੀ ਪ੍ਰੋਗਰਾਮ ਰਾਹੀਂ ਹਾਸਲ ਕੀਤੇ ਜਾਣੇ ਚਾਹੀਦੇ ਹਨ :

(i) ਪੈਦਾਵਾਰ ਵਿਚ ਵਾਧਾ
(ii) ਸਮਾਜਿਕ ਅਤੇ ਰਾਸ਼ਟਰੀ ਏਕੀਕਰਣ
(iii) ਲੋਕਤੰਤਰ ਦੀ ਮਜ਼ਬੂਤੀ
(iv) ਆਧੁਨੀਕਰਨ ਦੀ ਪ੍ਰਤੀਕਿਰਿਆ ਵਿਚ ਤੇਜ਼ੀ

(v) ਚਰਿਤਰ ਦਾ ਸਮਾਜਿਕ ਅਤੇ ਆਤਮਿਕ ਕਦਰਾਂ ਕੀਮਤਾਂ ਰਾਹੀਂ ਨਿਰਮਾਣ।

**2 ਸਿੱਖਿਅਕ ਢਾਂਚਾ ਅਤੇ ਪੱਧਰ :**

ਜਨਰਲ ਸਿੱਖਿਆ ਦਸ ਸਾਲ ਤਕ ਚਲਣੀ ਚਾਹੀਦੀ ਹੈ। ਜਿਸ ਵਿੱਚ ਚਾਰ ਸਾਲ ਹੇਠਲੀ ਪ੍ਰਾਇਮਰੀ, ਤਿੰਨ ਸਾਲ ਉਪਰਲੀ ਪ੍ਰਾਇਮਰੀ ਅਤੇ ਤਿੰਨ ਸਾਲ ਹੇਠਲੀ ਸੈਕੰਡਰੀ ਸਿੱਖਿਆ ਹੋਣੀ ਚਾਹੀਦੀ ਹੈ। ਜਨਰਲ ਸਿੱਖਿਆ ਤੋਂ ਪਹਿਲਾਂ ਇੱਕ ਤੋਂ ਤਿੰਨ ਸਾਲ ਤਕ ਪ੍ਰਾਇਮਰੀ ਸਿੱਖਿਆ ਦੇਣੀ ਚਾਹੀਦੀ ਹੈ। ਕਮਿਸ਼ਨ ਨੇ ਸੁਝਾਓ ਦਿਤਾ ਕਿ ਗ੍ਰੈਜੂਏਟ ਕੋਰਸ ਦੋ ਤੋਂ ਤਿੰਨ ਸਾਲ ਤੱਕ ਹੋ ਸਕਦਾ ਹੈ।

**3 ਸਿੱਖਿਅਕ ਅਵਸਰਾਂ ਦੀ ਸਮਾਨਤਾ :**

ਭਾਰਤ ਦੇ ਸਿੱਖਿਆ ਦੇ ਖੇਤਰ ਵਿਚ ਦੋ ਪ੍ਰਕਾਰ ਦੀਆਂ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ :

(ੳ) ਲੜਕੇ ਅਤੇ ਲੜਕੀਆਂ ਦੀ ਸਿੱਖਿਆ ਦਰਮਿਆਨ

(ਅ) ਵੱਡੀਆਂ ਅਤੇ ਛੋਟੀਆਂ ਜਾਤੀਆਂ ਦੀ ਸਿੱਖਿਆ ਵਿੱਚ ।

ਇਹ ਅਸਮਾਨਤਾਵਾਂ ਦੂਰ ਦਰਨ ਲਈ ਹੇਠਲੀ ਸੈਕੰਡਰੀ ਸਿੱਖਿਆ ਮੁਫਤ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ 10 ਸਾਲ ਦੇ ਸਮੇਂ ਲਈ ਹਾਇਰ ਸੈਕੰਡਰੀ ਅਤੇ ਯੂਨੀਵਰਸਿਟੀ ਸਿੱਖਿਆ ਗਰੀਬ ਅਤੇ ਲਾਇਕ ਵਿਦਿਆਰਥੀਆਂ ਲਈ ਮੁਫਤ ਹੋਣੀ ਚਾਹੀਦੀ ਹੈ। ਸਿੱਖਿਆ ਦੀ ਲਾਗਤ ਨੂੰ ਵੀ ਘਟ ਕਰਨਾ ਪਵੇਗਾ। ਸਿੱਖਿਆ ਅਦਾਰਿਆਂ ਦੀਆਂ ਲਾਇਬਰੇਰੀਆਂ ਵਿੱਚ ਕਾਫੀ ਮਾਤਰਾਂ ਵਿਚ ਪਾਠ ਪੁਸਤਕਾਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਲਾਇਕ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇ ਕੇ ਕਿਤਾਬਾਂ ਖਰੀਦਣ ਵਿਚ ਮਦਦ ਕਰਨੀ ਚਾਹੀਦੀ ਹੈ।

ਸੈਕੰਡਰੀ ਸਿੱਖਿਆ ਦੇ ਸਤਰ ਤੇ 15 ਪ੍ਰਤੀਸ਼ਤ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ ਚਾਹੀਦੇ ਹਨ ਅਤੇ 1976 ਤੱਕ ਪ੍ਰੀ-ਗ੍ਰੈਜੂਏਟ ਕੋਰਸ ਵਿਦਿਆਰਥੀਆਂ ਨੂੰ ਵਜੀਫੇ ਦਿੱਤੇ ਜਾਣੇ ਚਾਹੀਦੇ ਹਨ। ਇਸ ਪ੍ਰਤੀਸ਼ਤ ਨੂੰ ਵਧਾਕੇ 1986 ਤੱਕ 25 ਕਰ ਦੇਣਾ ਚਾਹੀਦਾ ਹੈ। ਯੂਨੀਵਰਸਿਟੀ ਵਜ਼ੀਫਿਆਂ ਦਾ ਸਿਸਟਮ ਵੀ ਸ਼ੁਰੂ ਹੋਣਾ ਚਾਹੀਦਾ ਹੈ ਅਤੇ 500 ਵਜ਼ੀਫੇ ਉਹਨਾਂ ਬੱਚਿਆਂ ਨੂੰ ਦਿੱਤੇ ਜਾਣ ਜਿਹਨਾਂ ਨੂੰ ਵਿਦੇਸ਼ ਵਿਚ ਪੜ੍ਹਾਈ ਲਈ ਚੁਣਿਆਂ ਗਿਆ ਹੋਵੇ।

**4 ਸਕੂਲੀ ਸਿੱਖਿਆ ਦਾ ਵਿਸਤਾਰ :**

ਸਕੂਲੀ ਸਿੱਖਿਆ ਦੇ ਬਹੁਤ ਵਿਸਤਾਰ ਦੀ ਲੋੜ ਹੈ। ਹਰ ਇਕ ਜ਼ਿਲ੍ਹੇ ਅਤੇ ਰਾਜ ਵਿਚ ਕੇਂਦਰ ਖੋਲ੍ਹੇ ਜਾਣੇ ਚਾਹੀਦੇ ਹਨ । ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਦੀ ਪ੍ਰਾਇਮਰੀ ਸਿੱਖਿਆ ਦੇ ਵਿਸਤਾਰ ਲਈ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਸਾਲ 1975-76 ਤੱਕ ਪੰਜ ਸਾਲ ਅਤੇ ਸਾਲ 1985-86 ਤੱਕ ਸਤ ਸਾਲ ਦੇ ਸਾਰੇ ਲੜਕੇ ਅਤੇ ਲੜਕੀਆਂ ਲਈ ਪ੍ਰਾਇਮਰੀ ਸਿੱਖਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਹੇਠਲੀ ਸੈਕੰਡਰੀ ਦੇ 25 ਪ੍ਰਤੀਸ਼ਤ ਹਾਇਰ ਸੈਕੰਡਰੀ ਸਤਰ ਦੇ 50 ਪ੍ਰਤੀਸ਼ਤ ਵਿਦਿਆਰਥੀਆਂ ਨੂੰ ਪੇਸ਼ਾਵਰ ਸਿੱਖਿਆ ਦੇਣੀ ਚਾਹੀਦੀ ਹੈ। ਇਸ ਪੱਧਰ ਤੇ ਵਿਦਿਆਰਥੀਆਂ ਦੀ ਗਿਣਤੀ ਨੂੰ ਰੈਗੂਲੇਟ ਕੀਤਾ ਜਾਣਾ ਚਾਹੀਦਾ ਹੈ।

**5 ਸਕੂਲ ਪਾਠ-ਕ੍ਰਮ :**

ਚਲੰਤ ਪਾਠ-ਕ੍ਰਮ ਦੇ ਨੁਕਸਾਂ ਨੂੰ ਦੂਰ ਕਰਨ ਲਈ ਕਮਿਸ਼ਨ ਨੇ ਅਲੱਗ-ਅਲੱਗ ਕਲਾਸਾਂ ਲਈ ਨਿਮਨ ਲਿਖਤ ਪਾਠ-ਕ੍ਰਮ ਪਲੈਨ ਬਣਾਇਆ ।

1. ਲੋਅਰ ਪ੍ਰਾਇਮਰੀ (ਕਲਾ I ਤੋਂ IV)

(i) ਇਕ ਭਾਸ਼ਾ (ਮਾਂ ਬੋਲੀ ਜਾਂ ਖੇਤਰੀ ਭਾਸ਼ਾ)

(i) ਹਿਸਾਬ

(iii) ਪਰਿਆਵਰਣ ਦਾ ਅਧਿਐਨ III ਅਤੇ IV ਕਲਾਸ ਵਿਚ ਸਾਇੰਸ ਅਤੇ ਸਮਾਜਿਕ ਸਿੱਖਿਆ ਪੜ੍ਹਾਈ ਜਾਵੇ।

(iv) ਸਿਰਜਨਾਤਮਿਕ ਗਤੀਵਿਧੀਆਂ

(v) ਵਰਕ ਐਕਸਪੀਰੀਐਂਸ ਅਤੇ ਸਮਾਜ ਸੇਵਾ

(vi) ਸਿਹਤ ਸਿੱਖਿਆ

2. **ਹਾਇਰ ਪ੍ਰਾਇਮਰੀ :**

(i) ਦੋ ਭਾਸ਼ਾਵਾਂ

(ੳ) ਮਾਂ ਬੋਲੀ ਜਾਂ ਖੇਤਰੀ ਭਾਸ਼ਾ

(ਅ) ਹਿੰਦੀ ਜਾਂ ਅੰਗਰੇਜ਼ੀ

(ii) ਹਿਸਾਬ

(iii) ਸਾਇੰਸ

(iv) ਸਮਾਜਿਕ ਸਿੱਖਿਆ ਜਾਂ ਇਤਿਹਾਸ, ਭੂਗੋਲ ਵਿਗਿਆਨ ਅਤੇ ਸਿਵਿਕਸ

(v) ਆਰਟ

(vi) ਵਰਕ ਐਕਸਪੀਰੀਐਂਸ ਅਤੇ ਸਮਾਜ ਸੇਵਾ

(vii) ਸਰੀਰਕ ਸਿੱਖਿਆ

(viii) ਨੈਤਿਕ ਅਤੇ ਆਤਮਿਕ ਕਦਰਾਂ ਕੀਮਤਾਂ ਬਾਰੇ ਸਿੱਖਿਆ

3. **ਲੋਅਰ ਸੈਕੰਡਰੀ (ਕਲਾਸ VIII ਤੋਂ X)**

(i) ਹਿੰਦੀ ਨਾ ਬੋਲਣ ਵਾਲੇ ਇਲਾਕਿਆਂ ਵਿਚ ਤਿੰਨ ਭਾਸ਼ਾਵਾਂ ਆਮ ਤੌਰ ਤੇ ਹੇਠ ਲਿਖੀਆਂ ਭਾਸ਼ਾਵਾਂ ਹੋਣੀਆਂ ਚਾਹੀਦੀਆਂ ਹਨ:

(ੳ) ਮਾਂ ਬੋਲੀ ਜਾਂ ਇਲਾਕਈ ਭਾਸ਼ਾ

(ਅ) ਹਾਇਰ ਅਤੇ ਲੋਅਰ ਸਟੈਂਡਰਡ ਵਿੱਚ ਹਿੰਦੀ

(ੲ) ਹਾਇਰ ਅਤੇ ਲੋਅਰ ਸਟੈਂਡਰਡ ਵਿੱਚ ਅੰਗਰੇਜ਼ੀ। ਹਿੰਦੀ ਬੋਲਣ ਵਾਲੇ ਇਲਾਕਿਆਂ ਵਿਚ ਆਮ ਤੌਰ ਤੇ ਹੇਠ ਲਿਖੀਆਂ ਭਾਸ਼ਾਵਾਂ ਹੋਣੀਆਂ ਚਾਹੀਦੀਆਂ ਹਨ :

(ੳ) ਮਾਂ ਬੋਲੀ ਜਾਂ ਖੇਤਰੀ ਭਾਸ਼ਾ

(ਅ) ਅੰਗਰੇਜ਼ੀ ਜਾਂ ਹਿੰਦੀ। ਅੰਗਰੇਜ਼ੀ ਮਾਂ ਬੋਲੀ ਦੇ ਤੌਰ ਤੇ ਲਈ ਗਈ ਹੈ ।

(ੲ) ਹਿੰਦੀ ਤੋਂ ਇਲਾਵਾ ਇਕ ਭਾਰਤੀ ਭਾਸ਼ਾ

(ii) ਗਣਿਤ

(iii) ਸਾਇੰਸ

(iv) ਇਤਿਹਾਸ, ਭੂਗੋਲ ਅਤੇ ਨਾਗਰਿਕ ਸ਼ਾਸਤਰ

(v) ਕਲਾ

(vi) ਵਰਕ ਐਕਸਪੀਰੀਐਂਸ ਅਤੇ ਸਮਾਜ ਸੇਵਾ

(vii) ਸਰੀਰਕ ਸਿੱਖਿਆ

(viii) ਨੈਤਿਕ ਅਤੇ ਆਤਮਿਕ ਕਦਰਾਂ ਕੀਮਤਾਂ ਬਾਰੇ ਸਿੱਖਿਆ

4. **ਹਾਇਰ ਸੈਕੰਡਰੀ (XI ਤੋਂ XII ਜਮਾਤ)**

(i) ਕੋਈ ਦੋ ਭਾਸ਼ਾਵਾਂ ਜਿਹਨਾਂ ਵਿਚੋਂ ਇਕ ਮਾਡਰਨ ਭਾਰਤੀ ਭਾਸ਼ਾ ਹੋਵੇ, ਇਕ ਮਾਡਰਨ ਵਿਦੇਸ਼ੀ ਭਾਸ਼ਾ ਅਤੇ ਕੋਈ ਟਕਸਾਲੀ ਭਾਸ਼ਾ ।

(ii) ਹੇਠ ਲਿਖਿਆਂ ਵਿਚੋਂ ਕੋਈ ਤਿੰਨ ਵਿਸ਼ੇ ਚੁਣੇ ਜਾਣ :

ਇਕ ਹੋਰ ਭਾਸ਼ਾ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਤਰਕ, ਮਨੋਵਿਗਿਆਨ, ਸਮਾਜ ਸ਼ਾਸਤਰ, ਕਲਾ, ਫ਼ਿਜ਼ਿਕਲ, ਗਣਿਤ, ਜੀਵ ਵਿਗਿਆਨ, ਭੂ-ਵਿਗਿਆਨ, ਗ੍ਰਹਿ-ਵਿਗਿਆਨ, ਵਰਕ ਐਕਸਪੀਰੀਐਂਸ ਅਤੇ ਸਮਾਜ ਸੇਵਾ, ਸਰੀਰਕ ਸਿੱਖਿਆ, ਕਲਾ ਅਤੇ ਕਰਾਫ਼ਟ, ਨੈਤਿਕ ਅਤੇ ਆਤਮਿਕ ਕਦਰਾਂ ਕੀਮਤਾਂ ਬਾਰੇ ਸਿੱਖਿਆ।

**5 ਸਕੂਲ ਪ੍ਰਸ਼ਾਸਨ ਅਤੇ ਨਿਗਰਾਨੀ :**

ਕਮਿਸ਼ਨ ਅਨੁਸਾਰ ਸਕੂਲ ਪ੍ਰਸ਼ਾਸਨ ਨੂੰ ਸਕੂਲ ਨਿਗਰਾਨੀ ਅਤੇ ਅਧਿਆਪਨ ਤੋਂ ਬਿਲਕੁਲ ਵੱਖਰਾ ਰਖਣਾ ਚਾਹੀਦਾ ਹੈ। ਪਬਲਿਕ ਸਿੱਖਿਆ ਲਈ ਆਮ ਸਕੂਲ ਸਿਸਟਮ ਦੀ ਵਿਵਸਥਾ ਹੋਣੀ ਚਾਹੀਦੀ ਹੈ। ਜ਼ਿਲ੍ਹਾ ਪੱਧਰ ਤੱਕ ਸਕੂਲ ਪ੍ਰਬੰਧ ਦੀ ਵਾਗ ਡੋਰ ਜ਼ਿਲ੍ਹਾ ਸਕੂਲ ਬੋਰਡ ਦੇ ਹੱਥ ਵਿਚ ਹੋਣੀ ਚਾਹੀਦੀ ਹੈ। ਸੈਕੰਡਰੀ ਸਕੂਲਾਂ ਵਿਚ ਨਿਗਰਾਨੀ ਦਾ ਕੰਮ ਸਿੱਖਿਆ ਵਿਭਾਗਾਂ ਰਾਹੀਂ

ਕੀਤਾ ਜਾਣਾ ਚਾਹੀਦਾ ਹੈ। ਹਰੇਕ ਸਟੇਟ ਵਿਚ ਇਕ ਸਟੇਟ ਬੋਰਡ ਆਫ਼ ਸਕੂਲ ਸਥਾਪਿਤ ਹੋਣਾ ਚਾਹੀਦਾ ਹੈ ਤਾਂ ਉਹ ਸੈਕੰਡਰੀ ਸਿੱਖਿਆ ਬੋਰਡ ਦਾ ਕੰਮ ਕਾਜ ਸੰਭਾਲ ਸਕੇ। ਸਿੱਖਿਆ ਮੰਤਰਾਲੇ ਵਿਚ ਇਕ ਨੈਸ਼ਨਲ ਬੋਰਡ ਆਫ਼ ਐਜੂਕੇਸ਼ਨ ਸੰਗਠਿਤ ਕੀਤਾ ਜਾਵੇ ਜੋ ਕਿ ਸਰਕਾਰ ਨੂੰ ਸਕੂਲੀ ਸਿੱਖਿਆ ਬਾਰੇ ਤਜਵੀਜ਼ਾਂ ਦੇ ਸਕੇ।

**6 ਉੱਚ ਸਿੱਖਿਆ :**

ਯੂ. ਜੀ. ਸੀ. ਨੂੰ ਚਾਹੀਦਾ ਹੈ ਕਿ ਉਹ ਮੌਜੂਦਾ ਯੂਨੀਵਰਸਿਟੀਆਂ ਵਿਚੋਂ ਛੇ ਯੂਨੀਵਰਸਿਟੀਆਂ ਹੋਂਦ ਵਿਚ ਲਿਆਵੇ ਜਿਥੇ ਕਿ ਵਧੀਆ ਕਿਸਮ ਦੀ ਗ੍ਰੈਜੂਏਸ਼ਨ, ਅਧਿਆਪਨ ਅਤੇ ਖੋਜ-ਕੰਮ ਨੇਪਰੇ ਚੜ੍ਹਾਏ ਜਾ ਸਕਣ। ਹਰ ਯੂਨੀਵਰਸਿਟੀ ਵਿਚ ਨਵੇਂ-ਨਵੇਂ ਕੋਰਸ ਸ਼ੁਰੂ ਕੀਤੇ ਜਾਣ।

ਯੂਨੀਵਰਸਿਟੀਆਂ ਅਤੇ ਸਕੂਲਾਂ ਵਿਚ ਪੜ੍ਹਾ ਰਹੇ ਅਧਿਆਪਕਾਂ ਨੂੰ ਚੰਗੀਆਂ ਯੂਨੀਵਰਸਿਟੀਆਂ ਵਿਚ ਭੇਜ ਕੇ ਆਪਣੇ ਵਿਸ਼ਿਆਂ ਵਿਚ ਗਿਆਨ ਵਾਧਾ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਸੈਸ਼ਨ ਦੇ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਕ ਸੰਸਥਾਨ ਛੱਡ ਕੇ ਦੂਸਰੇ ਵਿਚ ਜਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਯੂਨੀਵਰਸਿਟੀ ਵਿਚ ਦਾਖਲਾ ਦੇਣ ਲਈ ਵਿਦਿਆਰਥੀਆਂ ਦੀ ਸਹੀ ਚੋਣ ਹੋਣਾ ਜ਼ਰੂਰੀ ਹੈ। ਪ੍ਰੀ-ਗਰੈਜੂਏਟ ਕੋਰਸਾਂ ਦਾ ਅਧਿਆਪਨ-ਮਾਧਿਅਮ ਖੇਤਰੀ ਭਾਸ਼ਾ ਹੋਣੀ ਚਾਹੀਦੀ ਹੈ। ਉੱਤਰ ਕਾਪੀਆਂ ਚੈਕ ਕਰਨ ਬਦਲੇ ਪ੍ਰੀਖਿਅਕਾਂ ਨੂੰ ਚੰਗਾ ਸੇਵਾ-ਫਲ ਮਿਲਣਾ ਚਾਹੀਦਾ ਹੈ। ਜਿਥੇ ਕਿਤੇ ਵੀ ਡਿਗਰੀ ਕਾਲਜ ਹੋਣ ਉਹਨਾਂ ਨੂੰ ਯੂਨੀਵਰਸਿਟੀਆਂ ਵਿਚ ਸੰਗਠਿਤ ਕਰ ਦੇਣਾ ਚਾਹੀਦਾ ਹੈ।

**7 ਅਧਿਆਪਕਾਂ ਦਾ ਰੁਤਬਾ :**

ਇਹ ਬਹੁਤ ਜ਼ਰੂਰੀ ਹੈ ਕਿ ਅਧਿਆਪਕਾਂ ਦਾ ਆਰਥਿਕ, ਸਮਾਜਿਕ ਅਤੇ ਪੇਸ਼ਾਵਰ ਰੁਤਬਾ ਉਚਾ ਚੁਕਿਆ ਜਾਵੇ। ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਤਨਖਾਹ ਬਰਾਬਰ ਹੋਣੀ ਚਾਹੀਦੀ ਹੈ। ਉਹਨਾਂ ਦੀ ਤਨਖਾਹ ਵਿਚ ਯੋਗ ਵਾਧਾ ਵੀ ਕਰਨਾ ਚਾਹੀਦਾ ਹੈ। ਵੱਖ-ਵੱਖ ਪੱਧਰਾਂ ਉਪਰ ਤਨਖਾਹ ਦੀ ਸਕੇਲ ਇਸ ਪ੍ਰਕਾਰ ਹੋਣੀ ਚਾਹੀਦੀ ਹੈ।

| | **ਅਧਿਆਪਕ** | | **ਤਨਖਾਹ** |
|---|---|---|---|
| 1. | ਸੈਕੰਡਰੀ ਕੋਰਸ ਪਾਸ, ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਅਨਟ੍ਰੇਂਡ | ਨਿਊਨਤਮ ਤਨਖਾਹ | 100 ਰੁਪਏ |
| 2. | ਉਪਰੋਕਤ ਅਧਿਆਪਕ 5 ਸਾਲ ਦੇ ਤਜ਼ਰਬੇ ਤੋਂ ਬਾਅਦ | ਨਿਊਨਤਮ ਤਨਖਾਹ | 125 ਰੁਪਏ |
| 3. | ਸੈਕੰਡਰੀ ਕੋਰਸ ਪਾਸ ਅਤੇ ਟ੍ਰੇਨਡ (ਦੋ ਸਾਲ ਦਾ ਸਿਖਲਾਈ ਕੋਰਸ ਕਰਕੇ) ਅਧਿਆਪਕ ਜੋ ਕਿ ਪ੍ਰਾਇਮਰੀ ਸਕੂਲ ਵਿਚ ਹੋਣ | ਨਿਊਨਤਮ ਤਨਖਾਹ | 125 ਰੁਪਏ |
| 4. | ਉਪਰੋਕਤ ਅਧਿਆਪਕ 5 ਸਾਲ ਦੇ ਤਜ਼ਰਬੇ ਮਗਰੋਂ | ਨਿਊਨਤਮ ਤਨਖਾਹ | 150 ਰਪਏ |
| 5. | ਸੈਕੰਡਰੀ ਕੋਰਸ ਪਾਸ ਅਤੇ ਦੋ ਸਾਲ ਦੀ | ਨਿਊਨਤਮ ਤਨਖਾਹ | 150 ਰੁਪਏ |

| | | | |
|---|---|---|---|
| | ਟ੍ਰੇਨਿੰਗ ਪ੍ਰਾਪਤ ਅਧਿਆਪਕ | | |
| 6. | ਉਪਰੋਕਤ ਅਧਿਆਪਕ 20 ਸਾਲ ਦੇ ਤਜ਼ਰਬੇ ਤੋਂ ਬਾਅਦ | ਨਿਊਨਤਮ ਤਨਖਾਹ | 250 ਰੁਪਏ |
| 7. | ਵਰਗ 6 ਤੋਂ ਚੁਣੇ ਹੋਏ 15 ਪ੍ਰਤੀਸ਼ਤ ਅਧਿਆਪਕ | ਨਿਊਨਤਮ ਤਨਖਾਹ | 250/300 ਰੁਪਏ |
| 8. | ਗ੍ਰੈਜੂਏਟ ਇਕ ਸਾਲ ਦੇ ਟ੍ਰੇਨਿੰਗ ਕੋਰਸ ਤੋਂ ਬਾਅਦ | ਨਿਊਨਤਮ ਤਨਖਾਹ | 220 ਰੁਪਏ |
| 9. | ਉਪਰੋਕਤ ਅਧਿਆਪਕ 20 ਸਾਲ ਦੇ ਤਜ਼ਰਬੇ ਮਗਰੋਂ | ਨਿਊਨਤਮ ਤਨਖਾਹ | 400 ਰੁਪਏ |
| 10. | ਵਰਗ 9 ਤੋਂ ਚੁਣੇ ਹੋਏ 15 ਪ੍ਰਤੀਸ਼ਤ ਅਧਿਆਪਕ | ਨਿਊਨਤਮ ਤਨਖਾਹ | 400/600 ਰੁਪਏ |
| 11. | ਗ੍ਰੈਜੂਏਟ ਜਿਹਨਾਂ ਨੇ ਟ੍ਰੇਨਿੰਗ ਅਜੇ ਪੂਰੀ ਨਹੀਂ ਕੀਤੀ | ਨਿਊਨਤਮ ਤਨਖਾਹ | 220 ਰੁਪਏ |
| 12. | ਸੈਕੰਡਰੀ ਸਕੂਲਾਂ ਵਿਚਲੇ ਅਧਿਆਪਕ ਜੋ ਕਿ ਗ੍ਰੈਜੂਏਟ ਕੋਰਸ ਚਲਾ ਰਹੇ ਹੋਣ | ਨਿਊਨਤਮ ਤਨਖਾਹ | 300/600 ਰੁਪਏ |
| 13. | ਉਪਰੋਕਤ ਅਧਿਆਪਕ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ | ਨਿਊਨਤਮ ਤਨਖਾਹ ਇਕ ਸਾਲ ਦੀ ਵ੍ਰਿਧੀ | ਮੌਜੂਦਾ ਤਨਖਾਹ ਵਿਚ |
| 14. | ਸੈਕੰਡਰੀ ਸਕੂਲਾਂ ਦੇ ਹੈਡ | ਉਹਨਾਂ ਦੀ ਤਨਖਾਹ ਉਹਨਾਂ ਦੀ ਕਾਬਲੀਅਤ ਅਤੇ ਸਕੂਲ ਦੇ ਅਕਾਰ ਮੁਤਾਬਿਕ | |
| 15. | ਸੰਬੰਧਿਤ (Affiliated) ਕਾਲਜਾਂ ਦੇ ਅਧਿਆਪਕ | 1. ਲੈਕਚਰਾਰ ਜੂਨੀਅਰ ਸਕੇਲ 400–25–600<br>2. ਲੈਕਚਰਾਰ ਸੀਨੀਅਰ ਸਕੇਲ 400–30–640–40–800<br>3. ਸੀਨੀਅਰ ਲੈਕਚਰਾਰ ਜਾਂ ਰੀਡਰ 700–40–1100<br>4. ਪ੍ਰਿੰਸੀਪਲ<br>(i) 700–40–1100<br>(ii) 800–50–1500<br>(iii) 1000–50–1500 | |
| 16. | ਯੂਨੀਵਰਸਿਟੀ ਅਧਿਆਪਕ | 1. ਲੈਕਚਰਾਰ 400–40–800–50–950 | |

2. ਰੀਡਰ 700-50-1250

3. ਪ੍ਰੋਫੈਸਰ

1000-50-1300-90-1600

ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵਿਚ ਤਨਖਾਹ ਸਕੇਲਾਂ ਅਤੇ ਹੋਰ ਸਹੂਲਤਾਂ ਨੂੰ ਲੈ ਕੇ ਕੋਈ ਮਤ-ਭੇਦ ਨਹੀਂ ਹੋਣਾ ਚਾਹੀਦਾ ਹੈ। ਪੇਂਡੂ ਖੇਤਰਾਂ ਵਿਚ ਨੌਕਰੀ ਕਰ ਰਹੇ ਅਧਿਆਪਕਾਂ ਲਈ ਰਿਹਾਇਸ਼ ਵਗੈਰਾ ਦੀਆਂ ਯੋਗ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

**8 ਬਾਲਗ ਸਿੱਖਿਆ :**

ਰਾਸ਼ਟਰ ਦੀ ਸੁਰੱਖਿਆ ਅਤੇ ਤਰੱਕੀ ਲਈ ਬਾਲਗ ਸਿੱਖਿਆ ਦਾ ਬਹੁਤ ਮਹੱਤਵ ਹੈ। ਕਮਿਸ਼ਨ ਨੇ ਸੁਝਾਅ ਦਿੱਤਾ ਕਿ ਆਉਣ ਵਾਲੇ 20 ਸਾਲਾਂ ਦੇ ਵਿਚ ਭਾਰਤ ਦੇ ਸਾਰੇ ਇਲਾਕਿਆਂ ਵਿਚੋਂ ਅਨਪੜ੍ਹਤਾ ਦਾ ਖਾਤਮਾ ਕਰ ਦਿੱਤਾ ਜਾਵੇ। ਪੇਂਡੂ ਇਲਾਕਿਆਂ ਵਿਚ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਵੱਧ ਮਿਹਨਤ ਕਰਨੀ ਪਵੇਗੀ। ਸਿੱਖਿਅਕ ਸੰਸਥਾਨਾਂ ਦਾ ਪਾਠ-ਕ੍ਰਮ ਇਸ ਤਰ੍ਹਾਂ ਬਣਾਇਆ ਜਾਵੇ ਤਾਂ ਜੋ ਬਾਲਗ ਲੋੜੀਂਦਾ ਗਿਆਨ ਅਤੇ ਤਜਰਬਾ ਹਾਸਿਲ ਕਰ ਸਕਣ। ਕਮਿਸ਼ਨ ਨੇ ਕਿਹਾ ਕਿ ਬਾਲਗ ਸਿੱਖਿਆ ਦੇ ਪਸਾਰ ਲਈ ਪੱਤਰ-ਵਿਹਾਰ ਸਿੱਖਿਆ ਦਾ ਆਰੰਭ ਕੀਤਾ ਜਾਵੇ। ਲਇਬ੍ਰੇਰੀਆਂ ਦੀ ਐਡਵਾਇਜ਼ਰੀ ਕਮੇਟੀ ਨੇ ਸੁਝਾਅ ਦਿਤਾ ਕਿ ਇਸ ਵਿਸ਼ੇ ਵਿਚ ਲਾਇਬ੍ਰੇਰੀਆਂ ਵੀ ਆਪਣਾ ਯੋਗਦਾਨ ਪਾ ਸਕਦੀਆਂ ਹਨ ਸੋ ਸਾਰੇ ਦੇਸ਼ ਵਿਚ ਲਾਇਬ੍ਰੇਰੀਆਂ ਦਾ ਜਾਲ ਵਿਛਾ ਦਿੱਤਾ ਜਾਵੇ ਅਤੇ ਸਮੇਂ-ਸਮੇਂ ਸਿਰ ਇਸ ਵਿਚ ਨਵੀਆਂ ਪੁਸਤਕਾਂ ਵੀ ਲਿਆਂਦੀਆਂ ਜਾਣ। ਨਵੇਂ ਪੜ੍ਹੇ ਬਾਲਗ ਨੂੰ ਉਸਦੀ ਰੁਚੀ ਮੁਤਾਬਿਕ ਕਿਤਾਬਾਂ ਮੁਹੱਈਆ ਕਰਵਾਈਆਂ ਜਾਣ। ਬਾਲਗਾਂ ਨੂੰ ਪੜ੍ਹਾਉਣ ਲਈ ਯੂਨੀਵਰਸਿਟੀਆਂ ਵੀ ਪ੍ਰੋਗਰਾਮ ਉਲੀਕਣ। ਬਾਲਗ ਸਿੱਖਿਆ ਦੇ ਸੰਗਠਨ ਅਤੇ ਪ੍ਰਬੰਧ ਲਈ ਨੈਸ਼ਨਲ ਬੋਰਡ ਆਫ਼ ਐਡਲਟ ਐਜੂਕੇਸ਼ਨ ਸਥਾਪਿਤ ਕੀਤਾ ਜਾਵੇ। ਇਹੋ ਜਿਹੇ ਬੋਰਡ ਜ਼ਿਲ੍ਹਾ ਅਤੇ ਸਟੇਟ ਪੱਧਰ ਉਪਰ ਵੀ ਸਥਾਪਿਤ ਕੀਤੇ ਜਾਣੇ।

## 2.4.4 - ਸਿੱਖਿਆ ਦੀ ਕੌਮੀ ਨੀਤੀ, 1986

### 2.4.4.1 ਕੌਮੀ ਸਿੱਖਿਆ ਨੀਤੀ ਦਾ ਸੰਖੇਪ ਇਤਿਹਾਸ

ਪ੍ਰਾਚੀਨ ਭਾਰਤ ਵਿਚ ਸਿੱਖਿਆ ਸਰਕਾਰ ਦੇ ਅਧੀਨ ਨਹੀਂ ਹੁੰਦੀ ਸੀ। ਹਾਲਾਂਕਿ ਸਿੱਖਿਆ ਦੀ ਰੂਪ ਰੇਖਾ ਸਾਰੇ ਭਾਰਤ ਵਿਚ ਤਕਰੀਬਨ ਇਕੋ ਜਿਹੀ ਹੁੰਦੀ ਸੀ। ਸਿੱਖਿਆ ਦਾ ਪਾਠਕ੍ਰਮ, ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ ਦੇ ਅਧਿਆਪਨ ਦੀ ਵਿਧੀ ਰੱਟਾ ਲਗਾਉਣਾ ਹੀ ਹੁੰਦੀ ਸੀ, ਸਿੱਖਿਆ ਦਾ ਉਦੇਸ਼ ਅਧਿਆਤਮਕਤਾ ਸੀ ਪਰ ਫਿਰ ਵੀ ਅਧਿਆਪਕ ਜਾਂ ਗੁਰੂ ਸਿੱਖਿਆ ਦੇਣ ਦੇ ਖੇਤਰ ਵਿਚ ਪੂਰੀ ਤਰ੍ਹਾਂ ਸੁਤੰਤਰ ਹੁੰਦੇ ਸੀ।

ਵੇਦਾਂ, ਵੈਰਾਗਾਂ ਅਤੇ ਅਰਣਿਕਾਂ ਤੋਂ ਬਾਅਦ ਸੂਤਰਾਂ ਦਾ ਸਮਾਂ ਆਇਆ। ਉਸ ਸਮੇਂ ਮਨੂੰ ਜੀ ਮਹਾਰਾਜ ਦੇ ਸੂਤਰ ਵਿਚ ਸਿੱਖਿਆ ਦੀ ਸਮੁੱਚੀ ਨੀਤੀ ਦਾ ਵਰਣਨ ਮਿਲਦਾ ਹੈ। ਇਸ ਸੂਤਰ ਵਿਚ ਬੱਚੇ ਦੇ ਦਾਖ਼ਲ ਹੋਣ ਦੀ ਉਮਰ, ਸਿੱਖਿਆ ਦੇ ਵਰ੍ਹੇ ਅਧਿਆਪਕ ਦੀਆਂ ਜ਼ਿੰਮੇਵਾਰੀਆਂ, ਵਿਦਿਆਰਥੀਆਂ ਦੇ ਕਰਤੱਵ, ਪਾਠਕ੍ਰਮ ਬਾਰੇ ਆਦੇਸ਼ ਲਿਖੇ ਹਨ। ਸੂਤਰ-ਪਾਤ ਪ੍ਰਾਚੀਨ ਭਾਰਤ ਦੀ ਸਿੱਖਿਆ ਨੀਤੀ ਕਹੀ ਜਾ ਸਕਦੀ ਹੈ।

ਫਿਰ ਰਾਮਾਇਣ ਦਾ, ਮਹਾਭਾਰਤ ਦਾ ਅਤੇ ਬੁੱਧ ਦਾ ਸਮਾਂ ਆਇਆ। ਤਰੇਤੇ ਅਤੇ ਦਵਾਪਰ ਵਿਚ ਮਨੂੰ ਦੀ ਨੀਤੀ ਚਲਦੀ ਰਹੀ। ਬੁੱਧ ਨੇ ਨਵੀਂ ਸਿੱਖਿਆ ਨੀਤੀ ਦੇਸ਼ ਨੂੰ ਦਿੱਤੀ, ਫੇਰ ਹਿੰਦੂ ਰਾਜਿਆਂ ਦਾ ਸਮਾਂ ਆਇਆ। ਕੁਝ ਵਰ੍ਹੇ ਚਾਣਕਯ ਦਾ ਨੀਤੀ-ਸ਼ਾਸਤਰ ਪ੍ਰਧਾਨ ਰਿਹਾ। ਪਾਨਿਨੀ ਆਪਣੇ ਸਮੇਂ ਦੀ ਸਿੱਖਿਆ ਨੀਤੀ ਦਾ ਜ਼ਿਕਰ ਅਸ਼ਟਾ-ਅਧਿਆਈ ਵਿਚ ਕਰਦਾ ਹੈ।

ਫਿਰ ਮੁਸਲਮਾਨਾਂ ਦਾ ਸਮਾਂ ਆਇਆ। ਉਹਨਾਂ ਨੂੰ ਹਿੰਦੂ ਧਰਮ ਨਾਲ ਨਫਰਤ ਸੀ, ਇਸੇ ਕਰਕੇ ਹਿੰਦੂਆਂ ਦੇ ਧਰਮ ਗ੍ਰੰਥਾਂ ਅਤੇ ਪੂਜਾ ਸਾਧਨਾਂ ਨਾਲ ਵੀ ਨਫ਼ਰਤ ਸੀ, ਜਿਨ੍ਹਾਂ ਨਾਲ ਸਿੱਖਿਆ ਸੰਸਥਾਵਾਂ ਜੁੜੀਆਂ ਹੋਈਆਂ ਸਨ। ਮੁਸਲਮਾਨ ਹਮਲਾਵਰਾਂ ਨੇ ਯੂਨੀਵਰਸਿਟੀਆਂ ਸਾੜੀਆਂ। ਵਿਦਵਾਨਾਂ ਨੂੰ ਕਤਲ ਕੀਤਾ ਤੇ ਸਿੱਖਿਆ ਦੀ ਬਣਤਰ ਨੂੰ ਤਹਿਸ-ਨਹਿਸ ਕਰ ਦਿੱਤਾ। ਆਪ ਵੀ ਕੋਈ ਨੀਤੀ ਦੇਸ਼ ਨੂੰ ਨਾ ਦਿੱਤੀ। ਮਗਰਲੇ ਬਾਦਸ਼ਾਹ ਇੰਨੇ ਕਮਜ਼ੋਰ ਸਨ ਕਿ ਉਹਨਾਂ ਕੋਲੋਂ ਕਿਸੇ ਠੋਸ ਸਿੱਖਿਆ ਨੀਤੀ ਦੀ ਆਸ ਹੀ ਨਹੀਂ ਸੀ ਕੀਤੀ ਜਾ ਸਕਦੀ।

ਅੰਗਰੇਜ਼ਾਂ ਦੇ ਕਾਲ ਵਿਚ 1813 ਤੋਂ ਲੈ ਕੇ 1947 ਤੱਕ ਵਿਦਿਅਕ ਨੀਤੀ ਬੜੇ ਸਪੱਸ਼ਟ ਸ਼ਬਦਾਂ ਵਿਚ ਦੇਸ਼ ਦੇ ਸਾਮ੍ਹਣੇ ਆਈ। ਸੰਨ 1813 ਦੇ ਚਾਰਟਰ ਐਕਟ ਨੂੰ ਸਿੱਖਿਆ ਨੀਤੀ ਦੀ ਪੌੜੀ ਦਾ ਪਹਿਲਾ ਡੰਡਾ ਕਿਹਾ ਜਾ ਸਕਦਾ ਹੈ। ਇਸ ਤੋਂ ਮਗਰੋਂ 1854 ਦੀ ਵੁਡਜ ਡਿਸਪੈਚ, 1882 ਦੀ ਭਾਰਤੀ ਸਿੱਖਿਆ ਕਮਿਸ਼ਨ ਦੀ ਰਿਪੋਰਟ ਉਨ੍ਹੀਵੀਂ ਸਦੀ ਦੇ ਮੁੱਖ ਨੀਤੀ ਦਸਤਾਵੇਜ਼ ਸਨ।

ਅੰਗਰੇਜ਼ਾਂ ਦੀ ਵਿਦਿਅਕ ਨੀਤੀ ਸਮੇਂ ਦੇ ਨਾਲ ਬਦਲਦੀ ਰਹੀ ਅਤੇ ਰਿਪੋਰਟਾਂ, ਪ੍ਰਸਤਾਵਾਂ, ਮਿੰਟਾਂ, ਡਿਸਪੈਚਾਂ, ਐਲਾਨਾਂ ਆਦਿ ਦੇ ਰੂਪ ਵਿਚ ਦੇਸ਼ ਨੂੰ ਮਿਲਦੀ ਰਹੀ। ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ 1904 ਅਤੇ 1913 ਵਿਚ ਦੋ ਵਿਸ਼ੇਸ਼ ਨੀਤੀ ਪ੍ਰਸਤਾਵ ਸਰਕਾਰ ਨੇ ਪ੍ਰਕਾਸ਼ਿਤ ਕੀਤੇ। 1921 ਵਿਚ ਸਿੱਖਿਆ ਨੂੰ ਪ੍ਰਾਂਤੀ ਸਰਕਾਰਾਂ ਦੇ ਸਪੁਰਦ ਕੀਤਾ ਗਿਆ। ਇਸ ਤੋਂ ਪਹਿਲਾਂ 1917 ਵਿਚ ਸੈਡਲਰ ਕਮਿਸ਼ਨ ਦੇ ਸੁਝਾਵਾਂ ਨੂੰ ਸਰਕਾਰ ਨੇ ਮੰਨ ਕੇ ਨੀਤੀ ਦਾ ਰੂਪ ਦਿੱਤਾ ਸੀ। 1929 ਵਿਚ ਹਾਰਟੋਗ ਨੇ ਸਿੱਖਿਆ ਵਿਚਲੀ ਹਾਨੀ ਬਾਰੇ ਜਿਹੜੇ ਸੁਝਾਅ ਦਿੱਤੇ ਅਤੇ 1937 ਵਿਚ ਐਬਟ-ਵੁਡ ਦੀ ਰਿਪੋਰਟ ਨੂੰ ਸਰਕਾਰ ਨੇ ਨੀਤੀ ਦਾ ਰੂਪ ਦਿੱਤਾ।

ਸੰਨ 1944 ਵਿਚ ਸਰ ਜਾਨ ਸਾਰਜੈਂਟ ਨੇ ਇਕ ਬੜਾ ਸ਼ਾਨਦਾਰ ਦਸਤਾਵੇਜ਼ ਸਿੱਖਿਆ ਦੀ ਨੀਤੀ ਦੇ ਨਿਰਮਾਣ ਵਜੋਂ ਤਿਆਰ ਕੀਤਾ ਪਰ ਅਜੇ ਇਸ ਯੋਜਨਾ ਤੇ ਬਹਿਸ ਹੋ ਰਹੀ ਸੀ ਕਿ 1947 ਵਿਚ ਭਾਰਤ ਸੁਤੰਤਰ ਹੋ ਗਿਆ।

ਸੰਨ 1950 ਵਿਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ। ਇਸ ਵਿਚ ਭਾਰਤ ਸਰਕਾਰ ਨੇ ਆਪਣੀ ਪਹਿਲੀ ਨੀਤੀ ਦੇਸ਼ ਨੂੰ ਦਿੱਤੀ, ਪਰ ਇਸ ਦਸਤਾਵੇਜ਼ ਨੂੰ ਨੀਤੀ ਦਸਤਾਵੇਜ਼ ਨਹੀਂ ਕਿਹਾ ਜਾ ਸਕਦਾ। ਸਰਕਾਰ ਨੇ 1949 ਵਿਚ ਰਾਧਾਕ੍ਰਿਸ਼ਨ ਸਿੱਖਿਆ ਕਮਿਸ਼ਨ ਯੂਨੀਵਰਸਿਟੀ ਸਿੱਖਿਆ ਦੀ ਘੋਖ ਲਈ ਅਤੇ 1952 ਵਿਚ ਮੁਦਾਲੀਅਰ ਕਮਿਸ਼ਨ ਸੈਕੰਡਰੀ ਸਿੱਖਿਆ ਦੀ ਘੋਖ ਅਤੇ 1958 ਵਿਚ ਪਿਰਸ ਲਖਾਨੀ (Pires-Lakhani) ਕਮੇਟੀ ਅਤੇ ਅਸਥਾਨਾ ਕਮਿਸ਼ਨ ਪ੍ਰਾਇਮਰੀ ਸਿੱਖਿਆ ਦੀ ਘੋਖ ਲਈ ਮੁਕੱਰਰ ਕੀਤੇ, ਪਰ ਕਿਉਂਕਿ ਸਿੱਖਿਆ ਰਾਜ ਸੂਚੀ ਵਿਚ ਸੀ ਇਸ ਕਰਕੇ ਇਹਨਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਦਾ ਕੋਈ ਵਿਸ਼ੇਸ਼ ਪ੍ਰਭਾਵ ਨਾ ਪਿਆ।

ਸੰਨ 1964 ਵਿਚ ਸਰਕਾਰ ਨੇ ਸਿੱਖਿਆ ਨੂੰ ਸਮੁੱਚੇ ਰੂਪ ਵਿਚ ਵੇਖ ਕੇ ਚਹੁੰ-ਪਾਸੀ ਸੁਧਾਰ ਵਾਸਤੇ ਸੁਝਾਅ ਪ੍ਰਾਪਤ ਕਰਨ ਲਈ ਕੋਠਾਰੀ ਸਿੱਖਿਆ ਕਮਿਸ਼ਨ ਮੁਕੱਰਰ ਕੀਤਾ। ਇਸ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਪਾਰਲੀਮੈਂਟ ਦੀ ਕਮੇਟੀ ਨੇ ਵਿਚਾਰ ਉਪਰੰਤ ਸੰਸਦ ਦੇ ਸਾਮ੍ਹਣੇ ਰੱਖਿਆ। ਭਾਰਤ ਦੀ ਲੋਕ ਸਭਾ ਨੇ ਕੁਠਾਰੀ ਸਿੱਖਿਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਚੋਂ ਵਿਸ਼ੇਸ਼ ਨੁਕਤਿਆਂ ਦੀ ਚੋਣ ਕਰਕੇ ਸੁਤੰਤਰ ਭਾਰਤ ਦੀ ਪਹਿਲੀ ਸਿੱਖਿਆ ਨੀਤੀ ਦੇ ਰੂਪ ਵਿਚ 1968 ਵਿਚ ਇਕ ਪ੍ਰਸਤਾਵ ਪਾਸ ਕੀਤਾ।

### 2.4.4.2 1968 ਦੀ ਨੀਤੀ ਸਫਲ ਕਿਉਂ ਨਾ ਹੋਈ

1968 ਵਾਲੀ ਨੀਤੀ ਸਪਸ਼ਟ ਸੀ, ਸਿੱਖਿਆ ਦੇ ਪੱਖੋਂ ਮਜ਼ਬੂਤ ਸੀ, ਇਸ ਵਿੱਚ ਕੋਈ ਨਵੀਂ ਚੀਜ਼ ਨਹੀਂ ਸੀ, ਕੇਵਲ ਪੁਰਾਣੀਆਂ ਚੀਜ਼ਾਂ ਨੂੰ ਦੁਹਰਾਇਆ ਗਿਆ ਸੀ ਕਿ ਸਾਰੇ ਰਾਜ ਕਿਸੇ ਸਾਂਝੇ ਪ੍ਰੋਗਰਾਮ ਤੇ ਰਾਜੀ ਹੋ ਜਾਣ। ਪਰ ਇਹ ਨਾ ਹੋ ਸਕਿਆ। ਇਸ ਦੇ ਵੱਡੇ ਕਾਰਨ ਸਨ। ਇਕ ਇਹ ਹੈ ਕਿ ਸਿੱਖਿਆ ਦਾ ਵਿਸ਼ਾ ਰਾਜ ਸੂਚੀ ਵਿਚ ਸੀ, ਰਾਜ ਸਰਕਾਰਾਂ ਉੱਤੇ ਕੇਂਦਰੀ ਸਰਕਾਰ ਕੋਈ ਨੀਤੀ ਕਾਨੂੰਨੀ ਤੌਰ ਤੇ ਲਾਗੂ ਨਹੀਂ ਸੀ ਕਰ ਸਕਦੀ। ਦੂਜਾ ਕਾਰਨ ਇਹ ਸੀ ਕਿ ਨਵੇਂ ਪ੍ਰੋਗਰਾਮ ਲਈ ਧਨ ਦੀ ਲੋੜ ਸੀ ਜਿਹੜਾ ਨਾ ਰਾਜ ਸਰਕਾਰਾਂ ਕੋਲ ਸੀ ਤੇ ਨਾ ਕੇਂਦਰ ਸਰਕਾਰ ਦੇ ਰਹੀ ਸੀ।

ਥੋੜ੍ਹਾ ਬਹੁਤ ਸਬਬ ਇਹ ਵੀ ਸੀ ਕਿ ਨੀਤੀ ਘੜਨ ਵੇਲੇ ਜਨਤਾ ਦੀ ਰਾਏ ਨਹੀਂ ਲਈ ਗਈ ਸੀ ਅਤੇ ਨੀਤੀ ਵਿਚ ਸਿਰਫ ਗੱਲਾਂ ਹੀ ਲਿਖੀਆਂ ਗਈਆਂ ਸਨ, ਕੋਈ ਠੋਸ ਸੁਝਾਅ ਇਸ ਵਿਚ ਨਹੀਂ ਸਨ, ਤੇ ਨਾ ਹੀ ਟੀਚੇ ਪੂਰੇ ਕਰਨ ਦੀ ਕੋਈ ਮਿਆਦ ਹੀ ਨਿਸ਼ਚਿਤ ਕੀਤੀ ਗਈ ਸੀ। ਇਸ ਕਰਕੇ ਇਹ ਨੀਤੀ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਹੀ ਰਹਿ ਗਈ।

### 2.4.4.3 ਨਵੀਂ ਨੀਤੀ ਦਾ ਪਿਛੋਕੜ

ਭਾਰਤ ਸਰਕਾਰ ਨੇ 1968 ਵਿਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਪਹਿਲੀ ਕੌਮੀ ਨੀਤੀ ਦੇਸ਼ ਨੂੰ ਦਿੱਤੀ। ਇਹ ਨੀਤੀ ਕੇਵਲ ਸੁਝਾਅ ਮਾਤਰ ਦੀ ਸੀ ਕਿਉਕਿ ਕੇਂਦਰੀ ਸਰਕਾਰ ਕੋਲ ਕੋਈ ਕਾਨੂੰਨੀ ਸ਼ਕਤੀ ਇਸ ਨੀਤੀ ਨੂੰ ਸਾਰੇ ਰਾਜਾਂ ਵਿਚ ਲਾਗੂ ਕਰਨ ਲਈ ਨਹੀਂ ਸੀ, ਕਿਉਂਕਿ ਸਿੱਖਿਆ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਸੀ। ਇਸ ਕਰਕੇ ਇਸ ਨੀਤੀ ਤੇ ਅਮਲ ਨਾ ਹੋ ਸਕਿਆ ਅਤੇ ਜਿਵੇਂ ਪਹਿਲਾਂ ਕਿਹਾ ਗਿਆ ਹੈ, ਇਹ ਨੀਤੀ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਗਈ।

1976 ਵਿਚ ਭਾਰਤ ਸਰਕਾਰ ਨੇ ਸੰਵਿਧਾਨ ਵਿਚ 48ਵੀਂ ਸੋਧ ਕੀਤੀ ਅਤੇ ਸਿੱਖਿਆ ਦੇ ਵਿਸ਼ੇ ਨੂੰ ਰਾਜ ਸੂਚੀ ਵਿਚੋਂ ਕੱਢ ਕੇ ਸਮਵਰਤੀ ਸੂਚੀ (Concurrent List) ਵਿਚ ਪਾ ਦਿੱਤਾ। ਅਜਿਹਾ ਕਰਨ ਨਾਲ ਕੇਂਦਰੀ ਸਰਕਾਰ ਨੇ ਸਿੱਖਿਆ ਖੇਤਰ ਵਿਚ ਰਦੋ-ਬਦਲ ਕਰਨ ਦਾ ਕਾਨੂੰਨੀ ਅਧਿਕਾਰ ਲੈ ਲਿਆ। ਉਸ ਵੇਲੇ ਰਾਜ ਜਨਤਾ ਸਰਕਾਰ ਦਾ ਸੀ। ਜਨਤਾ ਸਰਕਾਰ ਨੇ 1979 ਵਿਚ ਨਵੀਂ ਸਿੱਖਿਆ ਨੀਤੀ ਦਾ ਖਰੜਾ ਤਿਆਰ ਕੀਤਾ। ਇਸ ਵਿਚ ਬਾਲਗ ਸਿੱਖਿਆ ਅਤੇ ਪ੍ਰਾਇਮਰੀ ਸਿੱਖਿਆ ਤੇ ਬਹੁਤ ਜ਼ੋਰ ਦਿੱਤਾ ਗਿਆ ਸੀ। ਸਕੂਲਾਂ ਦੀਆਂ ਜਾਤਾਂ ਖਤਮ ਕਰਕੇ ਸਾਰੀ ਭਾਰਤੀ ਜਨਤਾ ਲਈ ਸਿੱਖਿਆ ਦੇ ਇਕੋ ਜਿਹੇ ਮੌਕੇ ਮੁਹੱਈ ਕਰਨ ਦਾ ਸੁਪਨਾ ਲਿਆ ਗਿਆ ਸੀ। ਪਰ ਜਨਤਾ ਸਰਕਾਰ ਬਹੁਤ ਦੇਰ ਟਿਕ ਨਾ ਸਕੀ। ਉਸ ਵੱਲੋਂ ਬਣਾਈ ਨੀਤੀ ਤੇ ਲੋਕ ਸਭਾ ਵਿਚ ਬਹਿਸ ਵੀ ਨਾ ਹੋ ਸਕੀ। ਜਨਤਾ ਸਰਕਾਰ ਗਈ ਤੇ ਉਸ ਦੇ ਨਾਲ ਗਈ 1979 ਵਾਲੀ ਨੀਤੀ।

ਅਕਤੂਬਰ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਜੀ ਦਾ ਦਿਹਾਂਤ ਹੋ ਗਿਆ। ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ। ਇਹਨਾਂ ਨੇ ਪਹਿਲੇ ਭਾਸ਼ਨ ਵਿਚ ਹੀ ਦੇਸ਼ ਨੂੰ ਸਿੱਖਿਆ ਦੀ ਇਕ ਨਵੀਂ ਨੀਤੀ ਦੇਣ ਦਾ ਵਾਅਦਾ ਕੀਤਾ। ਰਾਜੀਵ ਸਰਕਾਰ ਨੇ ਅਗਸਤ 1985 ਵਿਚ ਭਾਰਤੀ ਸਿੱਖਿਆ ਦੀ ਵਰਤਮਾਨ ਸਥਿਤੀ ਤੇ ਪ੍ਰਕਾਸ਼ ਪਾਉਂਦਿਆਂ, ਨਵੀਂ ਨੀਤੀ ਦੀਆਂ ਰੇਖਾਵਾਂ ਦੱਸਣ ਵਾਲਾ ਇਕ ਕੋਨਟਰੈਕਟ ਸਾਈਨ ਕੀਤਾ। ਇਸ ਦਸਤਾਵੇਜ਼ ਦਾ ਨਾ ਸੀ ਚੈਲੰਜ ਆਫ਼ ਐਜੂਕੇਸ਼ਨ : ਏ ਪਾਲਿਸੀ ਪ੍ਰਸਪੈਕਟਿਵ (Challenge of Education : A Policy Perspective) ਇਹ ਪੁਸਤਕ ਲੱਖਾਂ ਦੀ ਗਿਣਤੀ ਵਿਚ ਛਾਪੀ ਗਈ ਤੇ ਸਾਰੇ ਦੇਸ਼ ਵਿਚ ਇਸ ਵਿਸ਼ੇ ਤੇ ਬਹਿਸਾਂ ਗੋਸ਼ਟੀਆਂ, ਤੇ ਸੁਝਾਅ ਮੰਗੇ ਗਏ। ਸਾਰੇ ਸੁਝਾਵਾਂ ਨੂੰ ਘੋਖ ਕੇ, ਵਰਤਮਾਨ ਭਾਰਤ ਦੀਆਂ ਸਮੱਸਿਆਵਾਂ ਨੂੰ ਸਾਮ੍ਹਣੇ ਰੱਖ ਕੇ ਨਵੀਂ ਨੀਤੀ ਦਾ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਨੂੰ ਰਾਜ ਸਰਕਾਰਾਂ ਅਤੇ ਸਿੱਖਿਆ 'ਮਾਹਰਾਂ ਨੂੰ ਵਿਖਾਇਆ ਗਿਆ ਫਿਰ ਲੋਕ ਸਭਾ ਦੇ ਸਾਮ੍ਹਣੇ ਰੱਖਿਆ ਗਿਆ। ਲੋਕ ਸਭਾ ਨੇ ਕਈ ਦਿਨ ਇਸ ਖਰੜੇ ਤੇ ਵਿਚਾਰ ਕੀਤਾ ਅਤੇ ਮਈ 1986 ਨੂੰ ਭਾਰਤ ਸਰਕਾਰ ਨੇ ਦੇਸ਼ ਨੂੰ ਨਵੀਂ ਨੀਤੀ ਦਿੱਤੀ। ਇਸ ਨੀਤੀ ਦੀਆਂ ਪ੍ਰਮੁੱਖ ਸਿਫਾਰਸ਼ਾਂ ਇਸ ਪ੍ਰਕਾਰ ਹਨ।

1. ਸਕੂਲਾਂ ਦੀਆਂ ਭਿੰਨ-ਭਿੰਨ ਕਿਸਮਾਂ ਹਟਾ ਕੇ ਇਕੋ ਕਿਸਮ ਦੇ ਸਕੂਲ ਸਾਂਝੀ ਸਕੂਲ ਪ੍ਰਣਾਲੀ (Common School System) ਦੇ ਹੇਠਾਂ ਵਿਕਸਿਤ ਕੀਤੇ ਜਾਣ।
2. ਸਾਰੇ ਦੇਸ਼ ਵਿਚ 10+2+3 ਵਾਲਾ ਸਿੱਖਿਆ ਢਾਂਚਾ ਲਾਗੂ ਕੀਤਾ ਜਾਵੇ।
3. ਹਾਈ ਸਕੂਲ ਤੱਕ ਸਾਰੇ ਦੇਸ਼ ਵਿਚ ਇਕੋ ਹੀ ਸਲੇਬਸ ਲਾਗੂ ਕੀਤਾ ਜਾਵੇ ਜਿਸ ਵਿਚ ਸੁਤੰਤਰਤਾ ਦੀ ਲੜਾਈ, ਸੰਵਿਧਾਨਿਕ ਜ਼ਿੰਮੇਵਾਰੀਆਂ, ਰਾਸ਼ਟਰੀ ਏਕਤਾ, ਚਰਿਤਰ ਨਿਰਮਾਣ ਆਦਿ ਸ਼ਾਮਲ ਕੀਤੇ ਜਾਣ।
4. ਵਿਦਿਆ ਦੇ ਇਕੋ ਜਿਹੇ ਮੌਕੇ ਸਾਰੇ ਭਾਰਤੀਆਂ ਨੂੰ ਉਪਲਬਧ ਕਰਵਾਏ ਜਾਣ।
5. ਵਿਗਿਆਨ ਅਤੇ ਟੈਕਨਾਲੋਜੀ ਦੀ ਸਿੱਖਿਆ ਨੂੰ ਮਜ਼ਬੂਤ ਕੀਤਾ ਜਾਵੇ।
6. ਜੀਵਨ ਪ੍ਰਯੰਤ ਸਿੱਖਿਆ ਦਾ ਨਾਹਰਾ ਅਮਲ ਵਿਚ ਲਿਆਉਣ ਲਈ ਸਾਧਨ ਮੁਹੱਈਆ ਕੀਤੇ ਜਾਣ।
7. ਸਿੱਖਿਆ ਦਾ ਵਿਸ਼ਾ ਸਮਵਰਤੀ ਸੂਚੀ (Concurrent List) ਤੇ ਰਹੇਗਾ ਤੇ ਕੇਂਦਰੀ ਸਰਕਾਰ ਪਹਿਲਾਂ ਨਾਲੋਂ ਵੱਧ ਜ਼ਿੰਮੇਵਾਰੀ ਕੌਮੀ ਏਕਤਾ, ਚਰਿਤਰ ਨਿਰਮਾਣ ਤੇ ਸਿੱਖਿਆ ਦੇ ਮਿਆਰਾਂ ਨੂੰ ਉੱਚਾ ਕਰਨ ਵਾਲੇ ਪ੍ਰੋਗਰਾਮਾਂ ਵਿਚ ਨਿਭਾਏਗਾ।

8. ਨਵੀਂ ਨੀਤੀ ਵਿਦਿਅਕ ਅਸਮਾਨਤਾਵਾਂ ਨੂੰ ਦੂਰ ਕਰਨ ਤੇ ਜ਼ੋਰ ਦਿੰਦੀ ਹੈ।
9. ਸਿੱਖਿਆ ਦੇ ਬਹੁਤ ਸਾਰੇ ਪ੍ਰੋਗਰਾਮ ਕੇਵਲ ਔਰਤਾਂ ਦੀ ਸਿੱਖਿਆ ਨੂੰ ਉੱਨਤ ਕਰਨ ਲਈ ਉਲੀਕੇ ਜਾਣਗੇ। ਕਿੱਤਾ ਅਤੇ ਵਿਵਸਾਇਕ ਕੋਰਸਾਂ ਵਿਚ ਔਰਤਾਂ ਦੀ ਸਿੱਖਿਆ ਲਈ ਵਧੇਰੇ ਜ਼ੋਰਦਾਰ ਉਪਰਾਲੇ ਕੀਤੇ ਜਾਣਗੇ।
10. ਪੱਛੜੇ ਵਰਗਾਂ ਦੀ ਸਿੱਖਿਆ ਸਰਕਾਰ ਦੀ ਉਚੇਰੀ ਜ਼ਿੰਮੇਵਾਰੀ ਰਹੇਗੀ।
11. ਬਾਲਗ ਸਿੱਖਿਆ ਦੇ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। 15-35 ਸਾਲ ਦੇ ਉਮਰ ਜੁੱਟ ਦੇ ਬਾਲਗਾਂ ਵਿਚ ਅਨਪੜ੍ਹਤਾ ਸਮਾਪਤ ਕੀਤੀ ਜਾਵੇਗੀ।
12. ਨਿੱਕੇ ਬੱਚਿਆਂ ਦੀ ਸਿੱਖਿਆ ਨੂੰ ਆਧੁਨਿਕ ਬਣਾਇਆ ਜਾਵੇਗਾ। ਉਹਨਾਂ ਦੇ ਭੋਜਨ, ਸਿਹਤ ਤੇ ਮਨੋਵਿਗਿਆਨਕ ਵਿਕਾਸ ਉੱਤੇ ਜ਼ੋਰ ਦਿੱਤਾ ਜਾਵੇਗਾ।
13. ਸਥਾਨਕ ਸਮਾਜ ਨੂੰ ਸਿੱਖਿਆ ਕੰਮਾਂ ਵਿਚ ਸਹਿਯੋਗੀ ਬਣਾਇਆ ਜਾਵੇਗਾ।
14. ਪ੍ਰਾਇਮਰੀ ਸਿੱਖਿਆ ਨੂੰ ਵਿਆਪਕ ਬਣਾਉਣ ਦੇ ਯਤਨਾਂ ਦਾ ਪ੍ਰਸਾਰ ਕਰਦੇ ਹੋਏ ਸਿੱਖਿਆ ਦੇ ਗੁਣਾਂ ਨੂੰ ਹੋਰ ਵੀ ਵਧਾਇਆ ਜਾਵੇਗਾ। ਗੈਰ ਰਸਮੀ ਸਿੱਖਿਆ ਦੇ ਵਧੇਰੇ ਪ੍ਰੋਗਰਾਮ ਚਾਲੂ ਕੀਤੇ ਜਾਣਗੇ
15. ਨਵੀਂ ਨੀਤੀ ਹਰ ਸੰਭਵ ਯਤਨ ਕਰੇਗੀ ਕਿ ਸਕੂਲਾਂ ਵਿਚੋਂ ਬੱਚੇ ਕਿਰ ਨਾ ਜਾਣ। 1995 ਤੱਕ ਸਾਰੇ ਬੱਚਿਆਂ (6-14) ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਨ ਦਾ ਸਰਕਾਰ ਦ੍ਰਿੜ੍ਹ ਨਿਸ਼ਚਾ ਕਰਦੀ ਹੈ।
16. ਹੋਣਹਾਰ ਅਤੇ ਪ੍ਰਭਾਵਸ਼ਾਲੀ ਬੱਚਿਆਂ ਦੀ ਪਛਾਣ ਲਈ ਤੇ ਉਨ੍ਹਾਂ ਦੇ ਵਿਕਾਸ ਲਈ ਸਰਕਾਰ ਸਾਰੇ ਦੇਸ਼ ਵਿਚ ਕੁੱਝ ਉਚੇਚੇ ਸਕੂਲ ਖੋਹਲੇਗੀ। ਪਿੰਡਾਂ ਵਿਚ ਨਵੋਦਿਆ ਸਕੂਲ, ਜੋ ਰਿਹਾਇਸ਼ੀ ਹੋਣਗੇ, ਖੋਲ੍ਹੇ ਜਾਣਗੇ।
17. ਸਿੱਖਿਆ ਦਾ ਪੂਰੀ ਤਰ੍ਹਾਂ ਕਿੱਤਾਕਰਨ ਕੀਤਾ ਜਾਵੇਗਾ। 1990 ਤੱਕ 10% ਸੈਕੰਡਰੀ ਸਕੂਲਾਂ ਨੂੰ ਕਿੱਤਾ ਸਕੂਲਾਂ ਵਿਚ ਅਤੇ 1995 ਨੂੰ ਕਿੱਤਾ ਸਕੂਲਾਂ ਵਿਚ ਬਦਲਿਆ ਜਾਵੇਗਾ।
18. 160 ਯੂਨੀਵਰਸਿਟੀਆਂ ਤੇ 550 ਕਾਲਜਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਤੇ ਸਿੱਖਿਆ ਮਿਆਰਾਂ ਨੂੰ ਡਿੱਗਣ ਤੋਂ ਰੋਕਿਆ ਜਾਵੇਗਾ, ਨਵੇਂ ਲਾਹੇਵੰਦ ਕੋਰਸ ਸ਼ੁਰੂ ਕੀਤੇ ਜਾਣਗੇ।
19. ਓਪਨ ਯੂਨੀਵਰਸਿਟੀਆਂ, ਪੱਤਰ-ਵਿਹਾਰ ਸਿੱਖਿਆ, ਪੇਂਡੂ ਯੂਨੀਵਰਸਿਟੀਆਂ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਵੇਗਾ।
20. ਕੁਝ ਚੋਣਵੇਂ ਖੇਤਰਾਂ ਵਿਚ ਡਿਗਰੀਆਂ ਨੂੰ ਨੌਕਰੀਆਂ ਤੋਂ ਅੱਡ ਕੀਤਾ ਜਾਵੇਗਾ।
21. ਨਵੀਂ ਨੀਤੀ ਇਹ ਨਿਸ਼ਚਿਤ ਕਰੇਗੀ ਕਿ ਸਾਰੇ ਅਧਿਆਪਕ ਪੜ੍ਹਾਉਣ ਤੇ ਸਾਰੇ ਵਿਦਿਆਰਥੀ ਅਧਿਐਨ ਕਰਨ, ਸਰਕਾਰ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆਂ ਕਰਵਾਏਗੀ।
22. ਵਿਦਿਆਰਥੀਆਂ ਵਿਚ ਨੈਤਿਕਤਾ ਅਤੇ ਉਚੇਰੀਆਂ ਕੀਮਤਾਂ ਪੈਦਾ ਕਰਨ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।
23. ਭਾਰਤੀ ਭਾਸ਼ਾਵਾਂ ਦੇ ਵਿਕਾਸ ਲਈ ਹਰ ਢੁਕਵੇਂ ਉਪਰਾਲੇ ਕੀਤੇ ਜਾਣਗੇ।
24. ਸਸਤੀਆਂ ਪਰ ਸੋਹਣੀਆਂ ਠੋਸ ਤੇ ਸਹੀ ਸਮੱਗਰੀ ਨਾਲ ਭਰੀਆਂ ਪੁਸਤਕਾਂ ਤਿਆਰ ਕਰਨ ਦੇ ਯਤਨ ਕੀਤੇ ਜਾਣਗੇ। ਵਿਦਿਆਰਥੀਆਂ ਵਿਚ ਪੜ੍ਹਨ ਦੀ ਆਦਤ ਵਿਕਸਿਤ ਕੀਤੀ ਜਾਵੇਗੀ।
25. ਲਾਹੇਵੰਦ ਜਾਣਕਾਰੀ ਦੇ ਸੰਚਾਰ ਲਈ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ।
26. ਹੱਥ ਦੇ ਕੰਮ, ਖੇਡਾਂ ਤੇ ਸਰੀਰਕ ਸਿੱਖਿਆ ਨੂੰ ਪਹਿਲ ਦਿੱਤੀ ਜਾਵੇਗੀ।
27. ਪਰੀਖਿਆ ਪੱਧਤੀ ਵਿਚ ਸੱਚਮੁੱਚ ਹੀ ਠੋਸ ਸੁਧਾਰ ਕੀਤਾ ਜਾਵੇਗਾ।
28. ਅਧਿਆਪਕਾਂ ਦੀ ਪ੍ਰਤੀਸ਼ਤਾ ਨਿਸ਼ਚਿਤ ਕਰਨ ਦਾ ਹਰ ਉਪਰਾਲਾ ਕੀਤਾ ਜਾਵੇਗਾ।
29. ਭਾਰਤੀ ਸਿੱਖਿਆ ਸੇਵਾ ਦਾ ਆਰੰਭ ਕੀਤਾ ਜਾਵੇਗਾ ਤਾਂ ਜੋ ਰਾਸ਼ਟਰੀ ਏਕਤਾ ਨੂੰ ਮਜ਼ਬੂਤ

ਕੀਤਾ ਜਾ ਸਕੇ।

30. ਪ੍ਰਾਇਮਰੀ ਏਜੰਸੀਆਂ ਦਾ ਸਿੱਖਿਆ ਦੇ ਵਿਕਾਸ ਵਿਚ ਵੱਧ ਤੋਂ ਵੱਧ ਸਹਿਯੋਗ ਪ੍ਰਾਪਤ ਕੀਤਾ ਜਾਵੇਗਾ।
31. ਸਿੱਖਿਆ ਦੇ ਮਹਾਨ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੋੜੀਂਦਾ ਧਨ ਮੁਹੱਈਆ ਕੀਤਾ ਜਾਵੇਗਾ।
32. ਨਵੀਂ ਨੀਤੀ ਨੂੰ ਅਮਲ ਵਿਚ ਲਿਆਉਣ ਤੇ ਇਸ ਦੇ ਸਿੱਟਿਆਂ ਦੀ ਸਮੀਖਿਆ ਕਰਨ ਲਈ ਇਕ ਮਸ਼ੀਨਰੀ ਕਾਇਮ ਕੀਤੀ ਜਾਵੇਗੀ।
33. ਪੰਜ ਸਾਲਾਂ ਮਗਰੋਂ ਇਸ ਨੀਤੀ ਦੀ ਸਮੀਖਿਆ ਕੀਤੀ ਜਾਵੇਗੀ।

## 2.4.4.4 1986 ਦੀ ਸਿੱਖਿਆ ਨੀਤੀ ਦਾ ਵਿਰੋਧ ਅਤੇ ਇਸ ਦੀ ਸੋਧ

ਇਸ ਸਿੱਖਿਆ ਨੀਤੀ ਦਾ ਵਿਰੋਧ ਵੀ ਬੜੀ ਤਕੜਾਈ ਨਾਲ ਸਿਆਸੀ ਪੱਧਰ ਤੇ ਹੋਣ ਲੱਗਾ। ਦੇਸ਼ ਦੇ 6 ਰਾਜਾਂ ਵਿਚ ਜਿਥੇ ਗੈਰ ਕਾਂਗਰਸੀ ਹਕੂਮਤਾਂ ਸਨ, ਇਸ ਨੀਤੀ ਬਾਰੇ ਸੰਦੇਹ ਦਾ ਪ੍ਰਗਟਾਵਾ ਹੋਇਆ। ਵਿਰੋਧੀ ਪਾਰਟੀਆਂ ਨੇ ਇਕ ਸਰਬ ਹਿੰਦ ਸਿੱਖਿਆ ਬਚਾਉ ਕਮੇਟੀ ਦਾ ਗਠਨ ਕੀਤਾ। ਇਹ ਕਮੇਟੀ 1986 ਤੋਂ ਹੀ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰ ਰਹੀ ਹੈ। ਮਈ 1989 ਵਿਚ ਇਸ ਕਮੇਟੀ ਨੇ ਇਕ ਸਮਾਗਮ ਕਲਕੱਤੇ ਵਿਚ ਕੀਤਾ ਜਿਸ ਵਿਚ ਕੁਝ ਸੰਕਲਪਾਂ ਨੂੰ ਪਾਸ ਕੀਤਾ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਕਿ ਦੇਸ਼ ਵਾਸੀਆਂ ਦੇ ਲੱਖਾਂ-ਕਰੋੜਾਂ ਦਸਤਖਤ ਕਰਵਾ ਕੇ ਇਕ ਯਾਦ-ਪੱਤਰ ਲੋਕ ਸਭਾ ਤੇ ਸਪੀਕਰ ਰਾਹੀਂ ਸਰਕਾਰ ਨੂੰ ਦਿੱਤਾ ਜਾਵੇ, ਜਿਸ ਰਾਹੀਂ ਨਵੀਂ ਸਿੱਖਿਆ ਨੀਤੀ 1986 ਦਾ ਵਿਰੋਧ ਕੀਤਾ ਜਾਵੇ।

9 ਅਗਸਤ, 1989 ਨੂੰ ਕਮੇਟੀ ਦੇ ਪ੍ਰਧਾਨ, ਸੁਪਰੀਮ ਕੋਰਟ ਦੇ ਪੁਰਾਣੇ ਜੱਜ ਦੇ ਪ੍ਰਸਿੱਧ ਵਿਚਾਰਕ ਸ੍ਰੀ ਵੀ. ਆਰ. ਕ੍ਰਿਸ਼ਨਾ ਆਇਰ ਨੇ ਕਲਕੱਤੇ ਵਿਚ ਐਲਾਨ ਕੀਤਾ ਕਿ 1986 ਵਾਲਾ ਸਿੱਖਿਆ ਨੀਤੀ ਉਦਾਰਵਾਦੀ ਲੋਕਤੰਤਰੀ ਸਿੱਖਿਆ ਉੱਤੇ ਹਮਲਾ ਹੈ। ਇਹ ਨੀਤੀ ਪ੍ਰਾਇਮਰੀ ਸਿੱਖਿਆ ਨੂੰ ਵਿਆਪਕ ਬਣਾਉਣ ਵਿਚ ਅਸਫਲ ਰਹੀ ਹੈ ਤੇ ਅਨਪੜ੍ਹਤਾ ਨੂੰ ਖਤਮ ਨਹੀਂ ਕਰ ਸਕੀ, ਦੇਸ਼ ਵਿਚ ਬੇਕਾਰੀ ਵੱਧ ਰਹੀ ਹੈ ਤੇ ਸਿੱਖਿਆ ਸਭਿਆਚਾਰਕ ਰੂਪ ਧਾਰਨ ਕਰ ਰਹੀ ਹੈ। ਇਸ ਲਈ ਆਪਣੇ ਯਾਦ ਪੱਤਰ ਰਾਹੀਂ ਜਿਸ ਉੱਤੇ ਕਰੋੜਾਂ ਲੋਕਾਂ ਦੇ ਦਸਤਖਤ ਹੋਣਗੇ, ਮੰਗ ਕਰਾਂਗੇ ਕਿ 1986 ਵਾਲੀ ਨੀਤੀ ਨੂੰ ਵਾਪਸ ਲੈ ਲਿਆ ਜਾਵੇ ਅਤੇ ਇਕ ਨਵੀਂ ਨੀਤੀ ਨੂੰ ਜਿਸ ਦਾ ਖਰੜਾ ਅਸੀਂ ਤਿਆਰ ਕੀਤਾ ਹੈ, ਅਮਲ ਵਿੱਚ ਲਿਆਂਦਾ ਜਾਵੇ। ਸ੍ਰੀ ਆਇਰ ਆਪਣੀ ਨੀਤੀ ਨੂੰ 1986 ਵਾਲੀ ਨੀਤੀ ਦਾ ਬਦਲ ਦੱਸਦੇ ਹਨ। ਇਸ ਨਵੇਂ ਬਦਲ ਨੂੰ ਅੰਤਿਮ ਰੂਪ ਨਹੀਂ ਦਿਤਾ ਗਿਆ ਪਰ ਇਸ ਦੇ ਮੁੱਖ ਅੰਸ਼ ਇਸ ਪ੍ਰਕਾਰ ਹਨ :

1. ਪ੍ਰਾਇਮਰੀ ਸਿੱਖਿਆ (ਪਹਿਲੀ ਤੋਂ ਅੱਠਵੀਂ ਜਮਾਤ) ਵਿਆਪਕ ਹੋਵੇਗੀ। 6-14 ਸਾਲ ਦੀ ਉਮਰ ਜੁੱਟ ਦੇ ਸਾਰੇ ਬੱਚੇ ਲਾਜ਼ਮੀ ਤੌਰ ਤੇ ਸਕੂਲਾਂ ਵਿਚ ਲਿਆਂਦੇ ਜਾਣਗੇ। ਇਸ ਵੇਲੇ 6-11 ਜੁੱਟ ਦੇ 98% ਅਤੇ 11-14 ਜੁੱਟ ਦੇ 50% ਬੱਚੇ ਹੀ ਸਕੂਲਾਂ ਵਿਚ ਹਨ ਅਤੇ ਉਹਨਾਂ ਹਰ 100 ਬੱਚਿਆਂ ਵਿਚੋਂ ਜਿਹੜੇ ਪ੍ਰਾਇਮਰੀ ਸਿੱਖਿਆ ਵਿਚ ਪ੍ਰਵੇਸ਼ ਲੈਂਦੇ ਹਨ ਕੇਵਲ 24 ਬੱਚੇ ਅੱਠਵੀਂ ਜਮਾਤ ਤੱਕ ਪਹੁੰਚਦੇ ਹਨ, 76 ਬੱਚੇ ਰਸਤੇ ਵਿਚ ਹੀ ਝੜ ਜਾਂਦੇ ਹਨ।
2. ਸੈਕੰਡਰੀ ਸਿੱਖਿਆ ਗਿਆਨ ਅਤੇ ਖੋਜ ਦਾ ਆਧਾਰ ਬਣੇਗੀ।
3. ਉਚੇਰੀ ਵਿਦਿਆ ਹਰ ਕਿਸੇ ਨੂੰ ਪ੍ਰਾਪਤ ਹੋ ਸਕੇਗੀ, ਕਿਸੇ ਬੱਚੇ ਨੂੰ ਵੀ ਹਾਈ ਸਕੂਲ ਤੱਕ ਪਹੁੰਚਣ ਲਈ ਇਕ ਕਿਲੋਮੀਟਰ ਤੋਂ ਵੱਧ ਤੁਰਨਾ ਨਹੀਂ ਪਵੇਗਾ। ਸਕੂਲਾਂ ਵਿਚ ਸਾਰੀਆਂ ਭੌਤਿਕ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ।
4. ਸਕੂਲਾਂ ਵਿਚ ਵਿਗਿਆਨਕ ਰੁਝਾਨ ਪੈਦਾ ਕੀਤਾ ਜਾਵੇਗਾ ਅਤੇ ਸਿੱਖਿਆ ਧਰਮ ਨਿਰਪੱਖ ਹੋਵੇਗੀ।
5. ਸਿੱਖਿਆ ਬੋਰਡ ਅਤੇ ਯੂਨੀਵਰਸਿਟੀਆਂ ਪੂਰੀ ਤਰ੍ਹਾਂ ਖੁਦ-ਮੁਖਤਿਆਰ ਹੋਣਗੀਆਂ।
6. ਖੋਜ ਨੂੰ ਮਜ਼ਬੂਤ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦਾ ਪ੍ਰਬੰਧ ਹੋਵੇਗਾ।
7. ਸਿੱਖਿਆ ਪ੍ਰਣਾਲੀ ਵਿਚੋਂ ਡਰ ਅਤੇ ਨਿਰਾਸ਼ਾ ਸਮਾਪਤ ਕਰ ਦਿੱਤੇ ਜਾਣਗੇ।

8. ਪਹਿਲੀ ਵਾਰ ਇਕ ਆਦਰਸ਼ ਨੀਤੀ ਦੇਸ਼ ਦੇ ਸਾਹਮਣੇ ਆਏਗੀ, ਸਿੱਖਿਆ ਦਾ ਸਾਰਾ ਖਰਚ ਸਰਕਾਰ ਝੱਲੇਗੀ।

ਵਿਰੋਧ ਦੇ ਬਾਵਜੂਦ 1986 ਵਾਲੀ ਨੀਤੀ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਪਰੰਤੂ ਦੇਸ਼ ਦੇ ਸਾਹਮਣੇ ਸਿੱਖਿਆ ਨਾਲੋਂ ਵੀ ਵੱਧ ਜ਼ਰੂਰੀ ਸਮੱਸਿਆਵਾਂ ਸਨ, ਜਿਸ ਕਰਕੇ ਸਿੱਖਿਆ ਵਿੱਚ ਸੁਧਾਰਾਂ ਦੀ ਗਤੀ ਮੱਠੀ ਹੀ ਸੀ। ਰਾਜੀਵ ਗਾਂਧੀ ਨੌਜਵਾਨ ਪ੍ਰਧਾਨ ਮੰਤਰੀ ਸਨ। ਉਹ ਸਿੱਖਿਆ ਦੀ ਪੈਸੰਜਰ ਟਰੇਨ ਨੂੰ ਮੇਲ ਟਰੇਨ ਦਾ ਰੂਪ ਦੇਣਾ ਚਾਹੁੰਦੇ ਸਨ, ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਕਾਂਗਰਸ ਸਰਕਾਰ ਟੁੱਟ ਗਈ। ਵੀ.ਪੀ. ਸਿੰਘ ਦੀ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲੀ।

ਹਰ ਨਵੀਂ ਸਰਕਾਰ ਦੇਸ਼ ਦੀ ਨਵੀਂ ਸਿੱਖਿਆ ਨੀਤੀ ਦੇਣ ਦਾ ਐਲਾਨ ਕਰਦੀ ਹੈ। ਜਦੋਂ ਇੰਦਰਾ ਦੀ ਸਰਕਾਰ ਟੁੱਟੀ ਸੀ ਤੇ ਮੁਰਾਰਜੀ ਦੇਸਾਈ ਦੀ ਜਨਤਾ ਦਲ ਸਰਕਾਰ ਬਣੀ ਸੀ, ਉਦੋਂ ਵੀ 1979 ਵਿਚ ਨਵੀਂ ਸਿੱਖਿਆ ਨੀਤੀ ਦਾ ਖਰੜਾ ਸੰਸਦ ਵਿਚ ਪੇਸ਼ ਕੀਤਾ ਗਿਆ ਸੀ। ਪਰੰਤੂ ਸਰਕਾਰ ਦੇ ਟੁੱਟਣ ਕਰਕੇ 1979 ਵਾਲੀ ਸਿੱਖਿਆ ਨੀਤੀ ਖਰੜਾ ਹੀ ਬਣ ਕੇ ਰਹਿ ਗਈ ਸੀ। ਇਸੇ ਤਰ੍ਹਾਂ ਵੀ.ਪੀ. ਸਿੰਘ ਸਰਕਾਰ ਨੇ ਵੀ 1986 ਵਾਲੀ ਸਿੱਖਿਆ ਨੀਤੀ ਦਾ ਵਿਰੋਧ ਕੀਤਾ ਅਤੇ ਅਚਾਰੀਆ ਰਾਮਾ ਮੂਰਤੀ (Acharya Rama Murti) ਸਮੀਖਿਆ ਕਮੇਟੀ ਇਸ ਨੀਤੀ ਦੀ ਘੋਖ ਕਰਨ ਲਈ ਬਣਾਈ। ਅਚਾਰੀਆ ਰਾਮਾ ਪੂਰਤੀ ਸਮੀਖਿਆ ਕਮੇਟੀ ਅਜੇ ਆਪਣੀ ਰਿਪੋਰਟ ਲਿਖ ਹੀ ਰਹੀ ਸੀ ਕਿ ਵੀ.ਪੀ. ਸਿੰਘ ਦੀ ਸਰਕਾਰ ਟੁੱਟ ਗਈ ਅਤੇ ਸ੍ਰੀ ਚੰਦਰ ਸ਼ੇਖਰ ਦੀ ਸਰਕਾਰ ਨੇ ਸੱਤਾ ਸੰਭਾਲੀ। ਰਾਮਾ ਮੂਰਤੀ ਕਮੇਟੀ ਨੇ ਆਪਣੀ ਰਿਪੋਰਟ ਦਸੰਬਰ 1990 ਵਿਚ ਚੰਦਰ ਸ਼ੇਖਰ ਸਰਕਾਰ ਨੂੰ ਪੇਸ਼ ਕੀਤੀ।

ਮੰਦਭਾਗਾਂ ਨੂੰ ਸ੍ਰੀ ਰਾਜੀਵ ਗਾਂਧੀ ਦਾ ਕਤਲ ਕਰ ਦਿੱਤਾ ਗਿਆ। ਦੇਸ਼ ਵਿਚ ਨਰਸਿਮ੍ਹਾ ਰਾਉ ਦੀ ਸਰਕਾਰ ਬਣੀ। ਕਾਂਗਰਸ ਸਰਕਾਰ ਹੋਣ ਕਰਕੇ ਰਾਉ ਸਰਕਾਰ ਰਾਜੀਵ ਵੱਲੋਂ ਬਣਾਈ 1986 ਦੀ ਨੀਤੀ ਨੂੰ ਹੀ ਬਹਾਲ ਕਰਨਾ ਚਾਹੁੰਦੀ ਸੀ। ਪਰੰਤੂ ਸੰਸਦ ਦੇ ਸਾਹਮਣੇ ਆਚਾਰੀਆ ਰਾਮਾ ਮੂਰਤੀ ਸਮੀਖਿਆ ਕਮੇਟੀ ਦੀ ਰਿਪੋਰਟ ਵਿਚਾਰ ਅਧੀਨ ਸੀ।

ਸਰਕਾਰ ਦੇ ਕਹਿਣ ਤੇ ਕੇਂਦਰੀ ਸਲਾਹਕਾਰ ਸਿੱਖਿਆ ਬੋਰਡ (CABE) ਨੇ ਰਾਮਾ ਮੂਰਤੀ ਦੀ ਰਿਪੋਰਟ, 1986 ਦੀ ਸਿੱਖਿਆ ਨੀਤੀ ਅਤੇ ਭਾਰਤ ਦੇ ਵਰਤਮਾਨ ਹਾਲਾਤ ਦਾ ਜਾਇਜ਼ਾ ਲੈਣ ਲਈ ਜਨਾਰਦਾਨ ਰੈਡੀ ਕਮੇਟੀ ਮੁਕੱਰਰ ਕੀਤੀ।

ਜਨਾਰਦਾਨ ਰੈਡੀ ਕਮੇਟੀ ਨੇ ਜਨਵਰੀ, 1992 ਵਿਚ ਆਪਣੀ ਰਿਪੋਰਟ ਰਾਉ ਸਰਕਾਰ ਨੂੰ ਪੇਸ਼ ਕੀਤੀ। ਇਸ ਰਿਪੋਰਟ ਨੂੰ ਸੰਸਦ (Parliament) ਨੇ ਵਿਚਾਰਿਆ। 1986 ਵਾਲੀ ਨੀਤੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਅਤੇ ਜੁਲਾਈ 1992 ਨੂੰ 1986 ਵਾਲੀ ਨੀਤੀ ਦਾ ਸੋਧਿਆ ਰੂਪ ਕੌਮੀ ਨੀਤੀ ਵੱਜੋਂ ਦੇਸ਼ ਦੇ ਸਾਹਮਣੇ ਆਇਆ।

ਜਨਾਰਦਨ ਕਮੇਟੀ ਦੀਆਂ ਸਿਫਾਰਸ਼ਾਂ ਦਾ ਸੰਖੇਪ ਹੇਠਾਂ ਪੇਸ਼ ਕੀਤਾ ਜਾਂਦਾ ਹੈ :

1. ਪ੍ਰਾਇਮਰੀ ਸਿੱਖਿਆ ਨੂੰ ਸਰਵ ਵਿਆਪੀ ਬਣਾਇਆ ਜਾਵੇ। 6–14 ਸਾਲ ਦੇ ਸਾਰੇ ਬੱਚਿਆਂ ਦੇ ਨਾਂ ਰਜਿਸਟਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਜਬਰਨ 8 ਸਾਲ ਦੀ ਸਿੱਖਿਆ ਦਿੱਤੀ ਜਾਵੇ। ਦੇਸ਼ ਦੇ ਸਾਰੇ ਪਿੰਡਾਂ ਵਿਚ ਸਕੂਲ ਖੋਹਲੇ ਜਾਣ ਅਤੇ ਕਿਸੇ ਵੀ ਬੱਚੇ ਨੂੰ ਸਕੂਲ ਜਾਣ ਲਈ ਇਕ ਕਿਲੋਮੀਟਰ ਤੋਂ ਵੱਧ ਫਾਸਲਾ ਨਾ ਟੁਰਨਾ ਪਵੇ।
2. ਗੈਰ ਰਸਮੀ ਸਿੱਖਿਆ ਦੇ ਪ੍ਰੋਗਰਾਮ ਨੂੰ ਵੀ ਸਹੀ ਪੈਮਾਨੇ ਤੇ ਫੈਲਾਇਆ ਜਾਵੇ ਤਾਂ ਜੋ ਜਿਹੜੇ ਬੱਚੇ ਕੁਝ ਕਾਰਨਾਂ ਕਰਕੇ ਸਕੂਲ ਛੱਡ ਗਏ ਹਨ ਜਾਂ ਸਕੂਲ ਨਹੀਂ ਜਾ ਸਕੇ ਅਨਪੜ੍ਹ ਰਹਿ ਗਏ ਹਨ, ਉਨ੍ਹਾਂ ਨੂੰ ਪ੍ਰਾਇਮਰੀ ਸਿੱਖਿਆ ਦਾ ਲਾਭ ਪਹੁੰਚਾਇਆ ਜਾ ਸਕੇ।
3. ਕਮੇਟੀ ਨੇ ਸਕੂਲ ਦਾਖਲ ਹੋਣ ਤੋਂ ਬਾਅਦ ਬਿਨਾਂ ਅੱਠਵੀਂ ਤੱਕ ਪੜ੍ਹਿਆ ਸਕੂਲ ਛੱਡ ਜਾਣ ਵਾਲੇ ਬੱਚਿਆਂ ਦੀ ਵੱਧਦੀ ਗਿਣਤੀ ਬਾਰੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ 1 ਤੋਂ 5 ਤੱਕ ਦੀਆਂ ਜਮਾਤਾਂ ਵਿਚਲੇ, ਡਰਾਪ ਆਊਟ ਡੋਰ ਦੀ ਦਰ ਨੂੰ 45% ਤੋਂ ਘਟਾ ਕੇ 20% ਤੱਕ ਅਤੇ ਮਿਡਲ ਜਮਾਤਾਂ ਛੇਵੀਂ ਤੋਂ ਅੱਠਵੀਂ ਤੱਕ ਦੀਆਂ 60% ਤੋਂ ਘਟਾ ਕੇ 40% ਲਿਆਂਦਾ ਜਾਵੇ। ਜਦੋਂ

ਤੱਕ ਪ੍ਰਾਇਮਰੀ ਸਿੱਖਿਆ ਵਿਚ ਵਰਤਮਾਨ 55% ਡਰਾਪ ਆਊਟ ਰੇਟ ਨੂੰ ਰੋਕਿਆ ਨਹੀਂ ਜਾਂਦਾ ਪ੍ਰਾਇਮਰੀ ਸਿੱਖਿਆ ਕਦੇ ਸਫਲ ਨਹੀਂ ਹੋ ਸਕਦੀ। ਜੇ ਇਸੇ ਤਰ੍ਹਾਂ ਬੱਚੇ ਪੜ੍ਹਾਈ ਤੋਂ ਦੌੜਦੇ ਰਹੇ, ਕਾਰਨ ਚਾਹੇ ਕੁਝ ਵੀ ਹੋਵੇ, ਨਾ ਦੇਸ਼ ਦੀ ਆਰਥਿਕ ਸਥਿਤੀ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ, ਨਾ ਦੇਸ਼ ਵਿਚੋਂ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਆਦਿ ਬਿਮਾਰੀਆਂ ਤੇ ਕਾਬੂ ਪਾਇਆ ਜਾ ਸਕਦਾ ਹੈ।

ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਪ੍ਰਾਇਮਰੀ ਸਿੱਖਿਆ ਦੀ ਦੇਖ-ਰੇਖ ਲਈ ਸਥਾਨਕ ਕਮੇਟੀਆਂ ਬਣਾਈਆਂ ਜਾਣ ਜੋ ਇਹ ਨਿਸ਼ਚਿਤ ਕਰਨ ਕਿ ਪ੍ਰਾਇਮਰੀ ਸਕੂਲਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣ ਅਤੇ ਅਧਿਆਪਕ ਆਪਣਾ ਫਰਜ਼ ਜ਼ਿੰਮੇਵਾਰੀ ਨਾਲ ਨਿਭਾਉਣ। ਇਨ੍ਹਾਂ ਕਮੇਟੀਆਂ ਵਿਚ ਵੱਡੀ ਗਿਣਤੀ ਮਹਿਲਾ ਮੈਂਬਰਾਂ ਅਤੇ ਮਹਿਲਾਂ ਅਧਿਆਪਕਾਂ ਦੀ ਹੋਵੇ। ਕਮੇਟੀ ਦਾ ਇਹ ਸੁਝਾਅ ਨਵਾਂ ਹੈ ਅਤੇ ਵਿਵਹਾਰਕ ਨਜ਼ਰ ਆਉਂਦਾ ਹੈ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਕਮੇਟੀਆਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਨ੍ਹਾਂ ਨੂੰ ਕੁਝ ਕੁ ਅਧਿਕਾਰ ਵੀ ਦਿੱਤੇ ਜਾਣ ਅਤੇ ਇਨ੍ਹਾਂ ਕਮੇਟੀਆਂ ਦੇ ਕੰਮ ਨੂੰ ਅਸਰਦਾਰ ਬਣਾਉਣ ਲਈ ਜ਼ਿਲ੍ਹਾ ਪੱਧਰ ਤੇ ਨਿਰੀਖਕ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ।

4. ਰੈਡੀ ਕਮੇਟੀ ਦਾ ਸਭ ਤੋਂ ਇਨਕਲਾਬੀ ਸੁਝਾਅ ਇਹ ਹੈ ਕਿ ਪ੍ਰਾਇਮਰੀ ਸਿੱਖਿਆ ਨੂੰ ਬਾਲਗ ਸਿੱਖਿਆ ਨਾਲ ਜੋੜਿਆ ਜਾਵੇ ਜਿਵੇਂ ਕਿ ਚੀਨ ਵਿਚ ਕੀਤਾ ਗਿਆ ਹੈ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਜਦੋਂ ਤੱਕ ਪ੍ਰਾਇਮਰੀ ਸਿੱਖਿਆ ਅਤੇ ਬਾਲਗ ਸਿੱਖਿਆ ਦੇ ਪ੍ਰੋਗਰਾਮ ਅੱਡੋ-ਅੱਡਰੇ ਪ੍ਰਸ਼ਾਸਕਾਂ ਅਧੀਨ ਰਹਿਣਗੇ, ਪ੍ਰਾਇਮਰੀ ਸਿੱਖਿਆ ਕੇਵਲ ਬਾਲਗ ਸਿੱਖਿਆ ਲਈ ਅਨਪੜ੍ਹ ਪੈਦਾ ਕਰਨ ਵਿਚ ਹੀ ਸਹਾਈ ਹੋਵੇਗੀ। ਕਮੇਟੀ ਦਾ ਅਜਿਹਾ ਸੋਚਣਾ ਸਹੀ ਜਾਪਦਾ ਹੈ ਕਿਉਂਕਿ ਜੋ ਪ੍ਰਾਇਮਰੀ ਸਿੱਖਿਆ ਦੇ 100 ਸਾਲ ਪੂਰੇ ਹੋ ਜਾਣ ਤੋਂ ਬਾਅਦ ਵੀ ਭਾਰਤ ਦੀ 50% ਵਸੋਂ ਅਨਪੜ੍ਹ ਹੈ।

ਵਿਸ਼ਵ ਬੈਂਕ ਦਾ ਇਕ ਅਧਿਐਨ ਦੱਸਦਾ ਹੈ ਕਿ ਪ੍ਰਾਇਮਰੀ ਸਿੱਖਿਆ ਕੇਵਲ ਉਹਨਾਂ ਦੇਸ਼ਾਂ ਵਿਚ ਹੀ ਸਫਲ ਹੋਈ ਹੈ ਜਿਥੋਂ ਕਿ 72% ਬਾਲਗ ਪੜ੍ਹੇ ਲਿਖੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਪ੍ਰਾਇਮਰੀ ਸਿੱਖਿਆ ਅਤੇ ਬਾਲਗ ਸਿੱਖਿਆ ਦੇ ਪ੍ਰੋਗਰਾਮ ਇਕੋ ਹੀ ਸੰਸਥਾ ਦੇ ਅਧੀਨ ਕੀਤੇ ਜਾਣ। ਉਹੀ ਅਧਿਆਪਕ ਜੋ ਬੱਚਿਆਂ ਨੂੰ ਪੜ੍ਹਾਉਂਦੇ ਹਨ, ਅਨਪੜ੍ਹ ਮਾਪਿਆਂ ਨੂੰ ਵੀ ਪੜ੍ਹਾਉਣ।

5. ਕਮੇਟੀ ਨੇ ਇਹ ਸਿਫਾਰਿਸ਼ ਵੀ ਕੀਤੀ ਹੈ ਕਿ ''ਅਪਰੇਸ਼ਨ ਬਲੈਕ ਬੋਰਡ'' ਜਿਸ ਦੇ ਅਧੀਨ ਕੁਝ ਕੁ ਪ੍ਰਾਇਮਰੀ ਸਕੂਲਾਂ ਨੂੰ ਲੋੜੀਂਦੀਆਂ ਭਵਨ ਅਤੇ ਸਮੱਗਰੀ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਹਨ, ਜਾਰੀ ਰੱਖਿਆ ਜਾਵੇ ਅਤੇ ਜਲਦੀ ਤੋਂ ਜਲਦੀ ਸਾਰੇ ਸਕੂਲਾਂ ਨੂੰ ਇਸ ਪ੍ਰੋਗਰਾਮ ਦੇ ਅਧੀਨ ਲਿਆਂਦਾ ਜਾਵੇ।

**2.4.5 ਸਾਰ:** ਰਾਸ਼ਟਰੀ ਸਿੱਖਿਆ ਨੀਤੀ (NPE) 1986 ਭਾਰਤ ਵਿਚ ਸਿੱਖਿਆ ਲਈ ਇਕ ਪਰਿਵਰਤਨਸ਼ੀਲ ਖਾਕਾ ਹੈ। ਇਸ ਦਾ ਉਦੇਸ਼ ਰੋਟ ਲਰਨਿੰਗ ਨਾਲੋ ਅਲਾਚੋਨਾਤਮਕ ਸੋਚ ਅਤੇ ਰਚਨਾਤਮਕਤਾ ਤੇ ਜੋਰ ਦਿੰਦੇ ਹੋਏ, ਬਰਾਬਰੀ, ਸੰਪੂਰਨ ਸਿੱਖਿਆ ਪ੍ਰਦਾਨ ਕਰਨਾ ਹੈ। ਇਹ ਯੂਨੀਵਰਸਲ ਐਲੀਮੈਟਰੀ ਸਿੱਖਿਆ, ਕੇਂਦ੍ਰਿਤ ਹੈ। NPE ਲਚਕਦਾਰ ਪਾਠਕ੍ਰਮ, ਤਕਨਾਲੋਜੀ ਏਕੀਕਰਣ ਅਤੇ ਭਾਂਈਚਾਰਕ ਭਾਗੀਦਾਰੀ ਨੂੰ ਉਤਸਾਹਿਤ ਕਰਦਾ ਹੈ। ਸਮਾਂਵੇਸ ਅਤੇ ਗੁਣਵੱਤਾ ਨੂੰ ਉਤਸ਼ਾਹਿਤ ਕਰਕੇ NPE ਦਾ ਉਦੇਸ਼ ਭਾਰਤ ਦੀ ਸਿੱਖਿਆ ਪ੍ਰਣਾਲੀ ਦਾ ਆਧੁਨਿਕੀਕਰਨ ਅਤੇ ਸੁਧਾਰ ਕਰਨਾ, ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਸਿੱਖਿਆ ਨੂੰ ਸਮਾਜਿਕ ਲੋੜਾਂ ਨਾਲ ਜੋੜਨਾ ਹੈ।

**2.4.6 ਮੁੱਖ ਧਾਂਰਨਾਵਾਂ**

1. ਬਾਲਗ ਸਿੱਖਿਆਂ– ਇੱਕ ਅਭਿਆਸ ਹੈ ਜਿਸ ਵਿਚ ਬਾਲਗ ਗਿਆਨ, ਹੁਨਰ, ਰਵੱਈਏ

ਜਾਂ ਮੁੱਲਾਂ ਦੇ ਨਵੇ ਰੂਪਾਂ ਨੂੰ ਪ੍ਰਾਪਤ ਕਰਨ ਲਈ ਯੋਜਨਾਬੱਧ ਅਤੇ ਨਿਰੰਤਰ ਸਵੈ-ਸਿੱਖਿਆ ਦੀਆਂ ਗਤੀਵਿਧੀਆਂ ਵਿੱਚ ਸਾਮਲ ਹੁੰਦੇ ਹਨ।

2. ਕਾਰਵਾਈ ਦੀ ਯੋਜਨਾ– ਇੱਕ ਕਾਰਜ ਯੋਜਨਾ ਇੱਕ ਪ੍ਰੋਜੈਕਟ ਨੂੰ ਪੂਰਾ ਕਰਨ ਜਾਂ ਇਕ ਟੀਚਾ ਪ੍ਰਾਪਤ ਕਰਨ ਲਈ ਲੋੜੀਦੇ ਕਾਰਜਾਂ ਅਤੇ ਸਰੋਤਾਂ ਦੀ ਇੱਕ ਨਿਸ਼ਚਿਤ ਚੈਕ ਲਿਸਟ ਹੈ।

### 2.4.7 ਸਵੈ-ਮੁਲਾਂਕਣ ਲਈ ਪ੍ਰਸ਼ਨ

**ਪ੍ਰਸ਼ਨ**

**ਉੱਤਰ**

1. ਪ੍ਰਾਚੀਨ ਭਾਰਤ ਵਿਚ ਕੋਈ ਕੌਮੀ ਸਿੱਖਿਆ ਨੀਤੀ ਨਹੀਂ ਸੀ ਹੁੰਦੀ। ਹਾਂ/ਨਹੀਂ
2. ਮੁਸਲਮਾਨ ਸ਼ਾਸਕਾਂ ਅਤੇ ਲੁਟੇਰੇ ਵੀ ਸਿੱਖਿਆ ਦੀ ਕੋਈ ਰਾਸ਼ਟਰੀ ਨੀਤੀ ਨਹੀਂ ਸੀ ਰਖਦੇ। ਹਾਂ/ਨਹੀਂ
3. 1813 ਦੇ ਚਾਰਟਰ ਐਕਟ ਨੇ ਭਾਰਤ ਵਿਚ ਬ੍ਰਿਟਿਸ਼ ਸ਼ਾਸਕਾਂ ਨੂੰ ਭਾਰਤੀ ਸਿੱਖਿਆ ਲਈ ਜ਼ਿੰਮੇਵਾਰ ਬਣਾਇਆ ਸੀ। ਹਾਂ/ਨਹੀਂ
4. 1813 ਅਤੇ 1921 ਦੇ ਦੌਰਾਨ ਭਾਰਤ ਦੀ ਸਿੱਖਿਆ ਪ੍ਰਣਾਲੀ ਦਾ ਨਿਯੰਤਰਣ ਕੇਂਦਰੀ ਸਰਕਾਰ ਦੇ ਹੱਥ ਵਿਚ ਸੀ। ਹਾਂ/ਨਹੀਂ
5. ਰਾਜੀਵ ਗਾਂਧੀ ਸਰਕਾਰ ਨੇ 1986 ਵਿਚ ਸਿੱਖਿਆ ਦੀ ਰਾਸ਼ਟਰੀ ਨੀਤੀ ਬਣਾਈ ਸੀ। ਹਾਂ/ਨਹੀਂ
6. ਕੌਮੀ ਸਿੱਖਿਆ ਨੀਤੀ ਇਸਦੇ ਪ੍ਰੋਗਰਾਮ ਆਫ ਐਕਸ਼ਨ ਦੇ ਨਾਲ ਲੋਕਰਾਜੀ ਅਸੂਲਾਂ ਅਨੁਸਾਰ ਨਹੀਂ ਸੀ ਬਣਾਈ ਗਈ। ਹਾਂ/ਨਹੀਂ
7. ਕੌਮੀ ਨੀਤੀ 1986 ਵਿਚ ਇਕਵੀਂ ਸਦੀ ਦੀ ਸਿੱਖਿਆ ਨੂੰ ਸਾਹਮਣੇ ਰੱਖਿਆ ਗਿਆ ਸੀ, ਇਸ ਲਈ ਇਸ ਦੀ ਸਮੀਖਿਆ ਕਰਨ ਦੀ ਲੋੜ ਨਹੀਂ ਸੀ। ਹਾਂ/ਨਹੀਂ
8. ਇਸ ਨੀਤੀ ਵਿਚ ਵਿਸਥਾਰ ਨਾਲ ਸਾਰੇ ਸਿੱਖਿਅਕ ਪੜਾਵਾਂ ਬਾਰੇ ਦੱਸਿਆ ਗਿਆ ਹੈ। ਹਾਂ/ਨਹੀਂ
9. 1992 ਦੀ ਕੌਮੀ ਸਿੱਖਿਆ ਨੀਤੀ ਆਪਣੇ ਆਪ ਵਿਚ ਇਕ ਸੁਤੰਤਰ ਸਿੱਖਿਆ ਨੀਤੀ ਹੈ ਜਿਸ ਦਾ 1986 ਦੀ ਸਿੱਖਿਆ ਨੀਤੀ ਨਾਲ ਕੋਈ ਸਬੰਧ ਨਹੀਂ ਸੀ। ਹਾਂ/ਨਹੀਂ
10. 1992 ਦੀ ਰਾਸ਼ਟਰੀ ਸਿੱਖਿਆ ਨੀਤੀ ਤੇ ਪ੍ਰਾਇਮਰੀ ਸਿੱਖਿਆ ਨੀਤੀ ਨੂੰ ਇਕ ਮੂਲ ਅਧਿਕਾਰ ਬਣਾ ਦਿੱਤਾ ਹੈ। ਹਾਂ/ਨਹੀਂ

### 2.4.8 ਸੁਝਾਏ ਪ੍ਰਸ਼ਨ

1. ਸਿੱਖਿਆ ਦੀ ਕੌਮੀ ਨੀਤੀ 1986 ਦੀਆਂ ਮੁੱਖ ਸਿਫਾਰਸ਼ਾਂ ਲਿਖੋ।
2. 1964-66 ਦੇ ਸਿੱਖਿਆ ਕਮਿਸ਼ਨ ਨੇ ਕਿਹਾ ਹੈ ਕਿ ਸਿੱਖਿਆਂ ਦੇਸ਼ ਦੀ ਤੁਰੱਕੀ ਦਾ ਸਾਧਨ ਹੈ। ਵਿਆਖਿਆ ਕਰੋ।
3. ਹੇਠ ਲਿਖਿਆਂ ਉੱਤੇ ਸੰਖੇਪ ਨੋਟ ਲਿਖੋ :

(ੳ) ਆਜ਼ਾਦ ਭਾਰਤ ਅਤੇ ਗੁਲਾਮ ਭਾਰਤ ਦੀਆਂ ਕੌਮੀ ਸਿੱਖਿਆ ਨੀਤੀਆਂ ਦੇ ਨਾਮ ਦੱਸੋ।

(ਅ) 1986 ਦੀ ਕੌਮੀ ਸਿੱਖਿਆ ਨੀਤੀ ਦੀ ਬਣਤਰ ਲਈ ਕਿਹੜੀਆਂ ਘਟਨਾਵਾਂ ਜ਼ਿੰਮੇਵਾਰ ਹਨ।

(ੲ) 1986 ਵਾਲੀ ਸਿੱਖਿਆ ਨੀਤੀ ਅਮਲ ਵਿਚ ਕਿਉਂ ਨਾ ਲਿਆਂਦੀ ਗਈ?

(ਸ) 1986 ਦੀ ਸਿੱਖਿਆ ਨੀਤੀ ਦੇ 6 ਖਾਸ ਲੱਛਣ ਲਿਖੋ।

(ਹ) 1986 ਦੀ ਸਿੱਖਿਆ ਨੀਤੀ ਬਾਰੇ ਆਰ. ਕ੍ਰਿਸ਼ਨਾ ਆਇਅਰ ਦੇ ਵਿਚਾਰਾਂ ਦਾ ਸੰਖੇਪ ਪੇਸ਼ ਕਰੋ।

## 2.4.9 ਸੁਝਾਈਆਂ ਪੁਸਤਕਾਂ

ਸਿੱਖਿਆ ਮੰਤਰਾਲਾ ਦਿੱਲੀ : *ਸਿੱਖਿਆ ਦੀ ਕੌਮੀ ਨੀਤੀ 1986-1992 ਦੀਆਂ ਸੋਧਾਂ ਸਣੇ*

ਸਿੱਖਿਆ ਮੰਤਰਾਲਾ ਦਿੱਲੀ : *ਕਾਰਜ ਯੋਜਨਾ, 1992*

ਸਿੱਖਿਆ ਮੰਤਰਾਲਾ ਦਿੱਲੀ : *ਸਿੱਖਿਆ ਦੀ ਵੰਗਾਰ-ਇਕ ਨੀਤੀ,* 1985

ਸੋਢੀ, ਟੀ. ਐਸ. : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਅਧਾਰ

ਪਾਠ ਨੰ. 2.5 ਲੇਖਕ : ਡਾ.ਮਨਜੀਤ ਕੌਰ

# ਕਦਰਾਂ ਕੀਮਤਾਂ ਦਾ ਵਰਗੀਕਰਨ, ਤਰਜੀਹ ਅਤੇ ਪਤਨ

**ਪਾਠ ਦੀ ਬਣਤਰ**

2.5.1 ਉਦੇਸ਼
2.5.2 ਜਾਣ-ਪਛਾਣ
2.5.3 ਕਦਰਾਂ ਕੀਮਤਾਂ ਦਾ ਵਰਗੀਕਰਨ
2.5.3.1 ਭਾਰਤੀ ਦਰਸ਼ਨ ਦੇ ਆਧਾਰ ਤੇ ਵਰਗੀਕਰਨ
2.5.3.2 ਭਾਰਤੀ ਸਿੱਖਿਆ ਸ਼ਾਸਤਰੀਆਂ ਦੇ ਆਧਾਰ ਮੁੱਲ ਦਾ ਵਰਗੀਕਰਨ
2.5.3.3 ਭਾਰਤੀ ਵਿਚਾਰਧਾਰਕ ਅਤੇ ਲਿਖਾਰੀ ਦੁਆਰਾ ਮੁੱਲਾਂ ਦਾ ਵਰਗੀਕਰਨ
2.5.3.4 ਸਿੱਖਿਆ ਮੁੱਲਾਂ ਦਾ ਆਧੁਨਿਕ ਵਰਗੀਕਰਨ
2.5.3.5 ਪ੍ਰੇਰਨਾ ਦੇ ਆਧਾਰ ਤੇ ਮੁੱਲਾਂ ਦਾ ਆਧੁਨਿਕ ਵਰਗੀਕਰਨ
2.5.4 ਕਦਰਾਂ-ਕੀਮਤਾਂ ਦੀ ਦਰਜਾਬੰਦੀ
2.5.5 ਕਦਰਾਂ-ਕੀਮਤਾਂ ਦਾ ਪਤਨ
2.5.6 ਸਾਰ
2.5.7 ਮੁੱਖ ਸੰਕਲਪ
2.5.8 ਸਵੈ-ਅਭਿਆਸ ਪ੍ਰਸ਼ਨ
2.5.9 ਸੁਝਾਏ ਪ੍ਰਸ਼ਨ
2.5.10 ਸੁਝਾਈਆਂ ਕਿਤਾਬਾਂ

## 2.5.1 ਉਦੇਸ਼ :

1. ਵਿਦਿਆਰਥੀ ਕਦਰਾਂ ਕੀਮਤਾਂ ਦੇ ਵਰਗੀਕਰਨ ਨੂੰ ਸਮਝ ਸਕਣਗੇ।
2. ਵਿਦਿਆਰਥੀ ਕਦਰਾਂ ਕੀਮਤਾਂ ਦੀ ਦਰਜਾਬੰਦੀ ਕਰ ਸਕਣਗੇ।

## 2.5.2 ਜਾਣ-ਪਛਾਣ :

ਕਦਰਾਂ ਕੀਮਤਾਂ ਜ਼ਿੰਦਗੀ ਨੂੰ ਸਹੀ ਰਾਹ ਪਾਉਂਦੀਆਂ ਹਨ। ਕਦਰਾਂ ਕੀਮਤਾਂ ਵਾਲੀ ਸਿੱਖਿਆ ਦਾ ਅਰਥ ਹੈ ਕਿ ਵਿਦਿਆਰਥੀ ਨੇ ਸੱਭਿਆ ਸਮਾਜ ਵਿੱਚ ਕਿਸ ਤਰ੍ਹਾਂ ਵਿਚਰਨਾ ਹੈ ਅਤੇ ਆਪਣੇ ਆਪ ਨੂੰ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਵਿੱਚ ਕਿਵੇਂ ਢਾਲਣਾ ਹੈ। ਕਦਰਾਂ ਕੀਮਤਾਂ ਮਨੁੱਖੀ ਚਰਿੱਤਰ ਬਾਰੇ ਦੱਸਦਿਆਂ ਅਤੇ ਉਸ ਦਾ ਸਮਾਜ ਅਤੇ ਦੂਜਿਆਂ ਪ੍ਰਤੀ ਕੀ ਰਵੱਈਆ ਹੈ ਬਾਰੇ ਦੱਸਦੀਆਂ ਹਨ। ਕਦਰਾਂ ਕੀਮਤਾਂ ਵਾਲੀ ਸਿੱਖਿਆ ਦਾ ਉਦੇਸ਼ ਹੈ ਕਿ ਹਰ ਇਨਸਾਨ ਦੇ ਅੰਦਰ ਉਸ ਦੀ ਸਮੱਰਥਾ ਦਾ ਵਿਕਾਸ ਕਰਨਾ ਤਾਂ ਜੋ ਉਹ ਮਨੁੱਖਤਾ ਦੀ ਭਲਾਈ ਵਾਸਤੇ ਆਪਣਾ ਯੋਗਦਾਨ ਪਾ ਸਕਣ।

**2.5.3.1 ਭਾਰਤੀ ਦਰਸ਼ਨ ਦੇ ਆਧਾਰ ਤੇ ਵਰਗੀਕਰਨ :**

ਭਾਰਤੀ ਦਰਸ਼ਨ ਦਾ ਚਾਰ ਕਦਰਾਂ ਕੀਮਤਾਂ ਵਿੱਚ ਵਿਸ਼ਵਾਸ ਹੈ। ਜਿਵੇਂ ਕਿ ਧਰਮ, ਅਰਥ, ਕਰਮ ਅਤੇ ਮੁਕਤੀ। ਧਰਮ ਦਾ ਅਰਥ ਹੈ-ਨੈਤਿਕਤਾ ਹੈ, ਅਰਥ ਦਾ ਮਤਲਬ ਪੈਸਾ, ਕਰਮ ਦਾ ਵਿਸ਼ਵਾਸ ਖੁਸ਼ਹਾਲੀ ਅਤੇ ਮੋਕਸ਼ ਹੈ ਮੁਕਤੀ। ਧਰਮ ਅਤੇ ਮੁਕਤੀ ਉਚ ਦਰਜੇ ਦੀਆਂ ਕਦਰਾਂ ਕੀਮਤਾਂ ਹਨ ਅਤੇ ਕਰਮ ਨੀਵੇਂ ਦਰਜੇ ਦੀਆਂ ਕਦਰਾਂ ਕੀਮਤਾਂ।

**2.5.3.2 ਸਿੱਖਿਆ ਸ਼ਾਸਤਰੀਆਂ ਦੇ ਆਧਾਰ ਤੇ ਮੁੱਲਾਂ ਦਾ ਵਰਗੀਕਰਨ :**

**1. ਪਾਰਕਰ ਦੁਆਰਾ ਕੀਤਾ ਵਰਗੀਕਰਨ :**

ਜੀਵ-ਵਿਗਿਆਨੀ, ਆਰਥਿਕ ਮੁੱਲ, ਪ੍ਰਭਾਵਕਾਰੀ ਮੁੱਲ, ਸਮਾਜਿਕ ਮੁੱਲ, ਬੌਧਿਕ ਮੁੱਲ, ਸੁਹਜਾਤਮਕ ਮੁੱਲ, ਨੈਤਿਕ ਮੁੱਲ, ਧਾਰਮਿਕ ਮੁੱਲ।

**2. ਪਲੈਟੋ ਦੇ ਦੁਆਰਾ ਕੀਤਾ ਵਰਗੀਕਰਨ :**

ਦੇਗਾਈ, ਖੂਬਸੂਰਤੀ, ਸੱਚਾਈ ਜ਼ਿੰਦਗੀ ਦੇ ਇਨ੍ਹਾਂ ਮੁੱਲਾਂ ਅਥਵਾ ਕੀਮਤਾਂ ਨੂੰ ਭਾਰਤੀ ਵਿਚਾਰਵਾਨਾਂ ਨੇ ਸਤਿਅਮ, ਸ਼ਿਵਮ, ਸੁੰਦਰਮ ਦੇ ਨਾਂ ਨਾਲ ਐਲਾਨਿਆ ਹੈ।

**3. ਸਪਰੇਜ਼ਰ ਦਾ ਵਰਗੀਕਰਨ :**

ਸਮਾਜਿਕ ਮੁੱਲ, ਰਾਜਨੀਤਿਕ ਮੁੱਲ, ਆਰਥਿਕ ਮੁੱਲ, ਸੁੰਦਰਾਤਮਕ ਮੁੱਲ, ਧਾਰਮਿਕ ਮੁੱਲ, ਸਿਧਾਂਤਕ ਮੁੱਲ।

**4. ਬਰਾਉਂਡੀ ਦਾ ਵਰਗੀਕਰਨ :**

ਆਰਥਿਕ ਮੁੱਲ, ਸਿਹਤ ਨਾਲ ਸੰਬੰਧਿਤ, ਮਨੋਰੰਜਨ ਦੇ ਮੁੱਲ, ਸੰਯੋਗੀ ਮੁੱਲ, ਸੁਹਜਾਤਮਿਕ ਮੁੱਲ, ਨੈਤਿਕ ਮੁੱਲ, ਧਾਰਮਿਕ ਮੁੱਲ।

**2.5.3.3 ਭਾਰਤੀ ਵਿਚਾਰਧਾਰਕ ਅਤੇ ਲਿਖਾਰੀ ਦੁਆਰਾ ਮੁੱਲਾਂ ਦਾ ਵਰਗੀਕਰਨ :**

ਸਿੱਖਿਆ ਸ਼ਾਸਤਰੀ ਮੁੱਲਾਂ ਨੂੰ ਦੋ ਵਿਸ਼ਾਲ ਵਰਗਾਂ ਵਿਚ ਵੰਡਦੇ ਹਨ :

**1. ਅੰਦਰੂਨੀ ਅਤੇ ਵਿਸ਼ਾਨਿਸ਼ਠ ਮੁੱਲ :** ਕੁੱਝ ਸਿੱਖਿਆ-ਸ਼ਾਸਤਰੀ ਇਹ ਵਿਚਾਰ ਰੱਖਦੇ ਹਨ ਕਿ ਮੁੱਲ ਨਿੱਜੀ ਵਿਚਾਰਾਂ ਅਤੇ ਤਜ਼ਰਬਿਆਂ ਉੱਪਰ ਨਿਰਭਰ ਕਰਦੇ ਹਨ। ਦੂਸਰੇ ਸ਼ਬਦਾਂ ਵਿਚ ਮਨ ਦੀ ਕਲਪਨਾ ਸ਼ਕਤੀ ਤੋਂ ਉਪਜਦੇ ਹਨ। H. Parkar ਲਿਖਦੇ ਹਨ, "ਮੁੱਲ ਪੂਰੀ ਤਰ੍ਹਾਂ ਅੰਦਰੂਨੀ ਸੰਸਾਰ, ਮਨ ਦੇ ਸੰਸਾਰ ਨਾਲ ਸੰਬੰਧਿਤ ਹਨ।" ਇਸ ਤਰ੍ਹਾਂ ਸਿੱਖਿਅਕ ਮੁੱਲ ਅੰਦਰੂਨੀ ਅਤੇ ਵਿਸ਼ਾਨਿਸ਼ਠ ਹਨ। ਇਹਨਾਂ ਸਿੱਖਿਆ ਸ਼ਾਸਤਰੀਆਂ ਅਨੁਸਾਰ ਪਾਠਕ੍ਰਮ ਤਿਆਰ ਕਰਨ, ਸਿੱਖਿਅਕ ਸਮੱਗਰੀ ਦੀ ਚੋਣ, ਤਰੀਕੇ ਅਤੇ ਜੁਗਤਾਂ ਸਾਰੇ ਅਧਿਆਪਕ ਅਤੇ ਬੱਚੇ ਉਪਰ ਨਿਰਭਰ ਕਰਦੇ ਹਨ।

**2. ਬਾਹਰੀ ਅਤੇ ਵਸਤੂਨਿਸ਼ਠ ਮੁੱਲ :** ਕੁੱਝ ਸਿੱਖਿਆ ਸ਼ਾਸਤਰੀਆਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਮੁੱਲ ਉਹਨਾਂ ਦੀਆਂ ਯੋਗਤਾਵਾਂ ਅਤੇ ਗੁਣਾਂ ਕਾਰਨ ਵਸਤੂਆਂ ਅਤੇ ਕਿਰਿਆਵਾਂ ਵਿਚ ਹੁੰਦੇ ਹਨ। ਸਮਾਜਿਕ ਵਾਤਾਵਰਨ ਵਸਤੂ ਦੀ ਯੋਗਤਾ ਜਾਂ ਮੁੱਲ ਨੂੰ ਪ੍ਰਭਾਵਿਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸਮਾਜਿਕ ਵਾਤਾਵਰਨ ਵਸਤੂ ਨੂੰ ਮੁੱਲ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਹਰ ਸਮਾਜਿਕ ਮੁੱਲ ਵਾਤਾਵਰਨ ਦੇ ਅਨੁਸਾਰ ਹਰ ਵਸਤੂ ਵਿਚ ਜਾ ਕੇ ਉਸ ਦਾ ਇਕ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਮੁੱਲ ਬਾਹਰੀ ਅਤੇ

ਵਸਤੂਨਿਸ਼ਠ ਹੁੰਦੇ ਹਨ। ਪਾਠਕ੍ਰਮ ਦਾ ਨਿਰਮਾਣ, ਸਿੱਖਿਅਕ ਸਮੱਗਰੀ, ਤਰੀਕੇ ਅਤੇ ਜੁਗਤਾਂ ਦੀ ਚੋਣ ਸਮਾਜਿਕ ਵਾਤਾਵਰਨ ਜਿਸ ਵਿਚ ਅਧਿਆਪਕ ਅਤੇ ਬੱਚਾ ਵਿਚਰਦਾ ਹੈ, ਦੇ ਪ੍ਰਸੰਗ ਵਿਚ ਵਰਤੇ ਜਾਂਦੇ ਹਨ। ਇਹ ਸਪੱਸ਼ਟ ਹੁੰਦਾ ਹੈ ਕਿ ਕਈ ਸਿੱਖਿਆ ਸ਼ਾਸਤਰੀ ਮੁੱਲਾਂ ਨੂੰ ਅੰਦਰੂਨੀ ਅਤੇ ਵਿਸ਼ਾਨਿਸ਼ਠ ਸਮਝਦੇ ਹਨ ਜਦਕਿ ਦੂਸਰੇ ਬਾਹਰੀ ਅਤੇ ਵਸਤੂਨਿਸ਼ਠ ਕਹਿੰਦੇ ਹਨ। ਇਹ ਹਮੇਸ਼ਾ ਖਿਆਲ ਵਿਚ ਰੱਖਣਾ ਚਾਹੀਦਾ ਹੈ ਕਿ ਦੋਨੋਂ ਵਿਚਾਰ ਇਕ ਪੱਖੀ ਹਨ ਅਤੇ ਸੱਚ ਦਾ ਇਕ ਪਾਸਾ ਦੱਸਦੇ ਹਨ। ਸਿੱਖਿਆ ਸ਼ਾਸਤਰੀਆਂ ਦੀ ਪਹਿਲੀ ਸ਼੍ਰੇਣੀ ਬਾਹਰੀ ਸਮਾਜਿਕ ਵਾਤਾਵਰਨ ਨੂੰ ਨਹੀਂ ਸਮਝਦੀ ਅਤੇ ਦੂਸਰੀ ਸ਼੍ਰੇਣੀ ਬੱਚੇ ਦੀ ਰੁਚੀ, ਝੁਕਾਅ, ਰੁਝਾਨ ਅਤੇ ਸਮਰਥਾ ਪ੍ਰਤੀ ਉਦਾਸੀਨ ਹੈ।

### 2.5.3.4 ਸਿੱਖਿਅਕ ਮੁੱਲਾਂ ਦਾ ਆਧੁਨਿਕ ਵਰਗੀਕਰਨ :

Brubacher ਆਪਣੀ ਪੁਸਤਕ 'Modern Philosophies of Education' ਵਿਚ ਸਿੱਖਿਅਕ ਮੁੱਲਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦਾ ਹੈ :

1. ਰੁਚੀਆਂ ਨਾਲ ਸੰਬੰਧਿਤ ਜਾਂ ਤਤਕਾਲੀ ਮੁੱਲ
2. ਸੂਝਵਾਨ ਰੁਚੀਆਂ ਨਾਲ ਸੰਬੰਧਿਤ ਜਾਂ ਦੂਰ ਅੰਦੇਸ਼ੀ ਮੁੱਲ।

**1. ਰੁਚੀਆਂ ਨਾਲ ਸੰਬੰਧਿਤ ਜਾਂ ਤਤਕਾਲੀ ਮੁੱਲ :** ਇਹ ਉਹ ਮੁੱਲ ਹਨ ਜੋ ਬੱਚਿਆਂ ਦੀਆਂ ਜੈਵਿਕ ਅਤੇ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਕਰਦੇ ਹਨ। ਦੂਰ ਅੰਦੇਸ਼ੀ ਵਸਤੂ ਦੀ ਕੋਈ ਪ੍ਰਸੰਗਿਕਤਾ ਨਹੀਂ। ਉਦਾਹਰਨ ਵਜੋਂ : ਕੋਮਲ ਕਲਾ ਵਿਚ ਰੁਚੀ ਰੱਖਣ ਵਾਲਾ ਬੱਚਾ ਕੇਵਲ ਕਲਾਤਮਕ ਕਿਰਿਆਵਾਂ ਵਿਚ ਭਾਗ ਲੈ ਕੇ ਆਪਣੀ ਕਲਾ ਸੰਬੰਧੀ ਭੁੱਖ ਨੂੰ ਪੂਰਾ ਕਰ ਸਕੇਗਾ। ਸੰਖੇਪ ਵਿਚ ਇਹ ਮੁੱਲ ਤਤਕਾਲੀ ਲੋੜਾਂ ਦੀ ਪੂਰਤੀ ਨਾਲ ਸੰਬੰਧਿਤ ਹਨ ਅਤੇ ਇਹਨਾਂ ਦੀ ਪੂਰਤੀ ਆਤਮ-ਸੰਤੁਸ਼ਟੀ ਲਈ ਕੀਤੀ ਜਾਂਦੀ ਹੈ।

**2. ਸੂਝਵਾਨ ਰੁਚੀਆਂ ਨਾਲ ਸੰਬੰਧਿਤ ਜਾਂ ਦੂਰ ਅੰਦੇਸ਼ੀ ਮੁੱਲ :** ਇਹ ਮੁੱਲ ਬੌਧਿਕ ਅਤੇ ਤਰਕਸੰਗਤ ਲੋੜਾਂ ਨਾਲ ਸੰਬੰਧਿਤ ਹਨ। ਸਾਡਾ ਆਮ ਤਜਰਬਾ ਹੈ ਕਿ ਸਕੂਲ ਦਾ ਹਰ ਪ੍ਰੋਗਰਾਮ ਅਧਿਆਪਕ ਅਤੇ ਬੱਚਿਆਂ ਦੀਆਂ ਵਿਭਿੰਨ ਲੋੜਾਂ ਦੀ ਪੂਰਤੀ ਕਰਦਾ ਹੈ ਪਰ ਇਹਨਾਂ ਵਿਚੋਂ ਕੁਝ ਲੋੜਾਂ ਹੀ ਕੀਮਤੀ ਹਨ। ਇਹ ਵੀ ਜਾਨਣਯੋਗ ਹੈ ਕਿ ਇਹ ਸਾਰੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਇਸੇ ਕਰਕੇ ਹਰ ਵਿਅਕਤੀ ਨੇ ਇਹਨਾਂ ਵਿਚੋਂ ਸਿਆਣਪ ਭਰੀ ਚੋਣ ਕਰਨੀ ਹੁੰਦੀ ਹੈ ਅਤੇ ਸਕੂਲ ਦੀਆਂ ਸਾਰੀਆਂ ਕਿਰਿਆਵਾਂ ਵਿਚੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਹ ਮੁੱਲ ਅੱਗੇ ਦੋ ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ :

**1. ਸਾਧਨ ਜਾਂ ਬਾਹਰੀ ਮੁੱਲ :** ਜੇ ਕੋਈ ਮੁੱਲ ਕਿਸੇ ਨਿਸ਼ਚਿਤ ਅੰਤਿਮ ਲਕਸ਼ ਦੀ ਪ੍ਰਾਪਤੀ ਵਿਚ ਮਦਦ ਕਰਦਾ ਹੈ, ਇਹ ਸਾਧਨ ਰੂਪੀ ਮੁੱਲ ਕਹਾਉਂਦਾ ਹੈ। ਉਦਾਹਰਨ ਵਜੋਂ ਜੇ ਇਕ ਲੜਕਾ ਡਾਕਟਰ ਬਣਨ ਲਈ ਵਿਗਿਆਨ ਪੜ੍ਹਦਾ ਹੈ। ਇਹ ਵਸਤੂਪਰਕ ਹਨ ਅਤੇ ਹਾਲਾਤਾਂ ਦੇ ਬਦਲਣ ਨਾਲ ਬਦਲ ਜਾਂਦੇ ਹਨ।

**2. ਅੰਦਰੂਨੀ ਮੁੱਲ :** ਜੇ ਕੋਈ ਲੜਕਾ ਗਿਆਨ ਪ੍ਰਾਪਤ ਕਰਨ ਲਈ ਵਿਗਿਆਨ ਪੜ੍ਹਦਾ ਹੈ, ਇਹ ਅੰਦਰੂਨੀ ਮੁੱਲ ਹੈ। ਇਸ ਤਰ੍ਹਾਂ ਇਕੋ ਵਿਸ਼ਾ ਉਪਯੋਗਤਾ ਦੇ ਆਧਾਰ 'ਤੇ ਅੰਦਰੂਨੀ ਅਤੇ ਸਾਧਨ ਮੁੱਲ ਬਣ ਸਕਦਾ ਹੈ। ਇਸੇ ਤਰ੍ਹਾਂ ਦਰਸ਼ਨ ਸ਼ਾਸਤਰ ਵਿਸ਼ੇ ਦਾ ਅੰਦਰੂਨੀ ਮੁੱਲ ਹੈ। ਇਹ ਗਿਆਨ ਅਤੇ ਬੁੱਧੀ ਦਿੰਦਾ ਹੈ ਜੇ ਵਿਸ਼ੇ ਨੂੰ ਕਾਲਜ ਵਿਚ ਲੈਕਚਰਾਰ ਦੀ ਪੋਸਟ ਲਈ ਵਰਤਿਆ ਜਾਵੇ ਤਾਂ ਇਹ ਸਾਧਨ ਮੁੱਲ ਹੈ। ਇਸੇ ਤਰ੍ਹਾਂ ਅੰਦਰੂਨੀ ਅਤੇ ਸਾਧਨ ਮੁੱਲ ਸੁਭਾਅ ਅਤੇ ਦ੍ਰਿਸ਼ਟੀਗੋਚਰਤਾ ਤੋਂ ਸਾਪੇਖਕ ਹਨ।

### 2.5.3.5 ਪ੍ਰੇਰਨਾ ਦੇ ਆਧਾਰ 'ਤੇ ਮੁੱਲਾਂ ਦਾ ਆਧੁਨਿਕ ਵਰਗੀਕਰਨ :

ਪ੍ਰੇਰਨਾ ਦੇ ਆਧਾਰ 'ਤੇ ਮੁੱਲਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : ਅਹੰਕਾਰ ਅਤੇ ਪਰਉਪਕਾਰ। ਅਭਿਮਾਨੀ ਸੋਚਦੇ ਹਨ ਕਿ ਵਿਅਕਤੀ ਦੇ ਕੰਮ ਉਸਦੀ ਆਪਣੀ ਰੁਚੀ ਦੀ ਪਾਲਣਾ ਕਰਦੇ ਹਨ। ਹਰ ਵਿਅਕਤੀ ਆਪਣੀ ਜ਼ਿੰਦਗੀ ਨੂੰ ਇਸ ਢੰਗ ਨਾਲ ਚਲਾਉਂਦਾ ਹੈ ਤਾ ਜੋ ਆਪਣੇ ਆਪ ਨੂੰ ਵੱਧ ਤੋਂ ਵੱਧ ਪ੍ਰਸੰਨਤਾ ਦੇ ਸਕੇ। ਅਹੰਕਾਰਵਾਦ ਸਵਾਰਥੀਪੁਣੇ ਨਾਲ ਮਿਲਦਾ ਜੁਲਦਾ ਹੈ। ਇਹ ਅਸਲੀਅਤ ਹੈ ਕਿ ਅਹੰਕਾਰੀ ਸੁਭਾਅ ਦੇ ਕੁੱਝ ਤੱਤ ਹਰ ਮਨੁੱਖੀ ਕਾਰਜ ਵਿਚ ਮਿਲਦੇ ਹਨ। ਫਿਰ ਵੀ ਇਸ ਨੂੰ ਨੀਵਾਂ ਮੁੱਲ ਕਿਹਾ ਜਾਂਦਾ ਹੈ।

ਪਰਉਪਕਾਰ ਅਹੰਕਾਰ ਦੇ ਉਲਟ ਹੈ। ਇਸ ਵਿਚ ਵਿਅਕਤੀ ਸੰਪੂਰਨ ਸਵੈ ਨੂੰ ਮਹਿਸੂਸ ਕਰਦਾ ਹੈ ਪਰ ਇਹ ਦੂਸਰਿਆਂ ਦੀਆਂ ਰੁਚੀਆਂ ਦੀ ਤਲਾਸ਼ ਵਿਚ ਕੀਤਾ ਜਾਂਦਾ ਹੈ। ਉਪਰਲੀ ਚਰਚਾ ਦੇ ਆਧਾਰ 'ਤੇ ਪਰਉਪਕਾਰ ਨੂੰ ਅਹੰਕਾਰ ਦੇ ਉਲਟ ਕਿਹਾ ਜਾਂਦਾ ਹੈ।

**ਚੋਣ ਦੇ ਸਿਧਾਂਤ ਜਾਂ ਕਦਰਾਂ-ਕੀਮਤਾਂ ਨੂੰ ਤਰਜੀਹ :**

1. **ਅੰਦਰੂਨੀ ਮੁੱਲਾਂ ਨੂੰ ਤਰਜੀਹ :** ਅੰਦਰੂਨੀ ਮੁੱਲਾਂ ਨੂੰ ਬਾਹਰੀ ਮੁੱਲਾਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ। ਅਸੀਂ ਦੱਸਿਆ ਹੈ ਕਿ ਸਰੀਰਕ, ਆਰਥਿਕ ਅਤੇ ਮਨੋਰੰਜਨ ਮੁੱਲ ਸਾਧਨ ਮੁੱਲ ਹਨ, ਇਹ ਵਧੀਆ ਹਨ ਕਿਉਂਕਿ ਸਰੀਰਕ ਅਹੰ ਦੀ ਸੰਤੁਸ਼ਟੀ ਕਰਨ ਵਿਚ ਯੋਗਦਾਨ ਪਾਉਦੇ ਹਨ। ਸੰਘ ਅਤੇ ਚਰਿੱਤਰ ਮੁੱਲ ਉੱਚ ਸਤਰ ਦੇ ਮੁੱਲ ਹਨ ਕਿਉਂਕਿ ਇਹ ਅੰਦਰੂਨੀ ਅਤੇ ਬਾਹਰੀ ਮੁੱਲ ਹਨ। ਇਹ ਸਮਾਜਿਕ ਅਹੰ ਨੂੰ ਸੰਤੁਸ਼ਟ ਕਰਦੇ ਹਨ। ਪ੍ਰੰਤੂ ਸੁੰਦਰਤਾ, ਚੰਗਿਆਈ ਅਤੇ ਧਰਮ ਜਿਹੀਆਂ ਅਧਿਆਤਮਿਕ ਕੀਮਤਾਂ ਦੇ ਮੁਕਾਬਲੇ ਇਹ ਅਧੀਨ ਸਥਿਤੀ ਰੱਖਦੀਆਂ ਹਨ। ਅਧਿਆਤਮਿਕ ਮੁੱਲ ਉੱਚ ਸਵੈ ਨੂੰ ਸੰਤੁਸ਼ਟ ਕਰਦੇ ਹਨ। ਇਹ ਅੰਦਰੂਨੀ ਮੁੱਲ ਹੋਣ ਕਰਕੇ ਮਨੁੱਖੀ ਮੁੱਲਾਂ ਵਿਚ ਉੱਚ ਸਥਾਨ ਰੱਖਦੇ ਹਨ।

2. **ਸਥਿਰ ਮੁੱਲਾਂ ਨੂੰ ਤਰਜੀਹ :** ਅਲਪਕਾਲੀ ਮੁੱਲਾਂ ਨਾਲੋਂ ਸਥਿਰ ਮੁੱਲਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਰੀਰਕ, ਆਰਥਿਕ ਅਤੇ ਮਨੋਰੰਜਨ ਮੁੱਲ ਤਤਕਾਲੀ ਸੁੱਖ ਪ੍ਰਦਾਨ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਇੰਦ੍ਰੀ ਸੁੱਖ ਸਾਪੇਖਕ ਅਤੇ ਸੀਮਤ ਹਨ। ਇਹ ਹਮੇਸ਼ਾ ਦੁੱਖ ਤੋਂ ਬਾਅਦ ਆਉਂਦੇ ਹਨ। ਇਸ ਤਰ੍ਹਾਂ, ਇੰਦ੍ਰੀ ਸੁੱਖ ਅਸਥਿਰ, ਸੰਘ ਦਾ ਸੁੱਖ ਅਤੇ ਅਤੇ ਚਰਿੱਤਰ ਵਧੇਰੇ ਸਥਿਰ ਅਤੇ ਚਿਰਸਥਾਈ ਹਨ। ਸੰਘ ਦੇ ਸੁੱਖ, ਚਰਿੱਤਰ ਦੇ ਮੁਕਾਬਲੇ ਸੁੰਦਰਤਾ, ਚੰਗਿਆਈ ਅਤੇ ਧਰਮ ਦੇ ਮੁੱਲ ਵਧੇਰੇ ਸਥਾਈ ਹਨ ਜੋ ਵਧੇਰੇ ਸਥਾਈ ਸੁੱਖ ਦਿੰਦੇ ਹਨ।


3. **ਪੈਦਾਇਸ਼ੀ ਮੁੱਲਾਂ ਨੂੰ ਤਰਜੀਹ :** ਪੈਦਾਇਸ਼ੀ ਮੁੱਲ ਗੈਰ-ਪੈਦਾਇਸ਼ੀ ਮੁੱਲਾਂ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਬਾਹਰੀ ਮੁੱਲ (ਸਾਧਨ ਮੁੱਲ) - ਆਰਥਿਕ, ਸਰੀਰਕ ਅਤੇ ਮਨੋਰੰਜਨ-ਦੂਜੀਆਂ ਸੁੰਦਰਤਾ, ਧਰਮ ਜਿਹੇ ਅੰਦਰੂਨੀ ਮੁੱਲਾਂ ਦੀ ਤਰ੍ਹਾਂ ਪੈਦਾਇਸ਼ੀ ਨਹੀਂ। ਅੰਦਰੂਨੀ ਮੁੱਲ ਸਵੈ, ਸੁਮੇਲਤਾ ਅਤੇ ਸ਼ਾਂਤੀ ਨੂੰ ਅਮੀਰ ਬਣਾਉਂਦੇ ਹਨ। ਇਹ ਸਵੈ ਨੂੰ ਬੁਲੰਦੀ 'ਤੇ ਲੈ ਕੇ ਜਾਂਦੇ ਹਨ। ਜਦਕਿ ਬਾਹਰੀ ਮੁੱਲ ਵਰਤਦੇ ਹੋਏ ਖਪਤ ਹੋ ਜਾਂਦੇ ਹਨ, ਗਿਆਨ, ਕਲਾ, ਧਰਮ ਆਦਿ ਦੇ ਅਧਿਆਤਮਿਕ ਮੁੱਲ ਇਸ ਕਿਰਿਆ ਦਾ ਵਿਸ਼ਾ ਨਹੀਂ। ਦੂਜਿਆਂ ਨਾਲ ਇਹ ਗੱਲਾਂ ਵੰਡਣ ਨਾਲ ਕਿਸੇ ਨੂੰ ਕੋਈ ਘਾਟਾ ਨਹੀਂ ਪੈਂਦਾ। ਅਜਿਹੀਆਂ ਵਸਤਾਂ ਦਾ ਆਨੰਦ ਇਕ ਵਿਅਕਤੀ ਨੂੰ ਨਹੀਂ ਸਗੋਂ ਦੂਜਿਆਂ ਨੂੰ ਵੀ ਮਿਲਦਾ ਹੈ। ਜਿੰਨੇ ਵਿਸਤ੍ਰਿਤ ਅਤੇ ਵਿਸ਼ਾਲ ਮੁੱਲ ਹੋਣਗੇ ਉੱਨਾ ਹੀ ਇਹ ਵਧੇਰੇ ਪੈਦਾਇਸ਼ੀ ਹੋਣਗੇ।

ਉੱਪਰਲੀ ਚਰਚਾ ਤੋਂ ਬਾਅਦ, ਇਹ ਸਪੱਸ਼ਟ ਹੁੰਦਾ ਹੈ ਕਿ ਸਰੀਰਕ ਅਤੇ ਆਰਥਿਕ ਮੁੱਲ ਸੰਘ ਅਤੇ ਚਰਿੱਤਰ ਜਿਹੇ ਉੱਚ ਮੁੱਲਾਂ ਦੇ ਅਧੀਨ ਹਨ ਜੋ ਅੱਗੇ ਗਿਆਨ, ਸੁੰਦਰਤਾ, ਨੈਤਿਕ ਚੰਗਿਆਈ, ਸਦਾਚਾਰ ਅਤੇ ਧਰਮ ਦੇ ਉੱਚ ਅਤੇ ਸਿਆਣੇ ਮੁੱਲਾਂ ਦੇ ਅਧੀਨ ਹਨ। ਚੰਗਾ ਅਤੇ ਆਕਰਸ਼ਕ ਚਰਿੱਤਰ, ਸੰਘ ਦੀਆ ਭਾਵਨਾਵਾਂ, ਵੱਖ-ਵੱਖ ਧਰਮ, ਰੰਗ ਜਾਂ ਮਤ ਵਿਚਕਾਰ ਭਰਾਤਰੀਭਾਵ ਦੀ ਭਾਵਨਾ ਆਦਿ ਸਰੀਰਕ ਅਤੇ ਆਰਥਿਕ ਮੁੱਲਾਂ ਨਾਲੋਂ ਵਧੇਰੇ ਯੋਗ, ਸਥਿਰ ਅਤੇ ਨਵੇਂ ਮੁੱਲਾਂ ਦੇ ਪੈਦਾਇਸ਼ੀ ਹਨ। ਪ੍ਰੰਤੂ ਉਹਨਾਂ ਨੂੰ ਸੱਚ, ਸੁੰਦਰਤਾ, ਚੰਗਿਆਈ ਅਤੇ ਧਰਮ ਮੁੱਲਾਂ ਨਾਲੋਂ ਨੀਵਾਂ ਰੱਖਿਆ ਜਾਣਾ ਚਾਹੀਦਾ ਹੈ। ਅਧਿਆਤਮਕ ਮੁੱਲਾਂ ਦਾ ਸਥਾਨ ਸਾਰੇ ਮੁੱਲਾਂ ਤੋਂ ਵਧੇਰੇ ਉੱਚਾ ਹੈ।

**2.5.4 ਕਦਰਾਂ-ਕੀਮਤਾਂ ਦੀ ਦਰਜਾਬੰਦੀ :** ਅਸਲ ਤੱਥ ਇਹ ਹੈ ਕਿ ਮੁੱਲ ਵਿਸ਼ਾਨਿਸ਼ਠ ਜਾਂ ਵਸਤੂਨਿਸ਼ਠ, ਅੰਦਰੂਨੀ ਜਾਂ ਬਾਹਰੀ, ਅਤੇ ਹੋਰ ਵੱਖ-ਵੱਖ ਕਿਸਮਾਂ ਸਾਬਿਤ ਕਰਦੀਆਂ ਹਨ ਕਿ ਇਹਨਾਂ ਦੀ ਦਰਜਾਬੰਦੀ ਹੁੰਦੀ ਹੈ। ਅਰਸਤੂ ਅਤੇ ਕਾਂਤ ਅਨੁਸਾਰ ਮਨੁੱਖ ਜੋ ਕੀਮਤ ਪਾਉਣ ਵਾਲਾ ਹੈ ਮਨ ਜਾਂ ਇੱਛਾ ਦਾ ਵਿਸ਼ੇਸ਼ ਗੁਣ ਰੱਖਦਾ ਹੈ ਜੋ ਮਹਾਨ ਮੁੱਲਾਂ ਨੂੰ ਨੀਵੇਂ ਮੁੱਲਾਂ ਨਾਲੋਂ ਅਲੱਗ ਕਰਨ ਵਿਚ ਮਦਦ ਕਰਦਾ ਹੈ।

ਮੌਜੂਦਾ ਮੁੱਲ ਪ੍ਰਬੰਧ ਨੂੰ ਚਿੱਤਰ 5.1 ਵਿਚ ਵੰਡਿਆ ਗਿਆ ਹੈ। ਇਹ ਗੁਰੂ ਨਾਨਕ ਦੇਵ ਜੀ ਦੇ ਸਿੱਖਿਆ ਦਰਸ਼ਨ-ਸ਼ਾਸਤਰ ਉੱਪਰ ਆਧਾਰਿਤ ਹੈ ਜੋ ਪ੍ਰਾਚੀਨ ਭਾਰਤੀ ਨੀਤੀ ਸ਼ਾਸਤਰ ਦਾ ਸਮਰਥਨ ਕਰਦਾ ਹੈ।

ਚਿਤਰ 5.1
ਕਦਰਾਂ-ਕੀਮਤਾਂ ਦੀ ਦਰਜਾਬੰਦੀ
(Hierarchy of Values)



1. **ਨੀਵੇਂ ਮੁੱਲ :** ਉਹ ਮੁੱਲ ਜੋ ਬਿਨਾਂ ਸੋਚੀ ਇੱਛਾ ਜਾਂ ਪਸ਼ੂ ਬਿਰਤੀ ਵਿਚੋਂ ਪੈਦਾ ਹੁੰਦੇ ਹਨ, ਨੀਵੇਂ ਮੁੱਲ ਹਨ। ਸਿੱਖਿਆ ਦੇ ਮਾਧਿਅਮ ਦੁਆਰਾ ਅਸੀਂ ਨੀਵੇਂ ਮੁੱਲਾਂ ਜਿਵੇਂ ਲਾਲਸਾ, ਲੋਭ, ਪਿਆਰ, ਮਾਣ, ਗੁੱਸਾ, ਚੁਗਲੀ ਕਰਨਾ, ਕਮਜ਼ੋਰਾਂ ਦੀ ਲੁੱਟ-ਖਸੁੱਟ, ਵਿਭਚਾਰ ਆਦਿ ਪ੍ਰਤੀ ਨਾਕਾਰਾਤਮਕ ਰਵੱਈਆ ਬਣਾਉਂਦੇ ਹਨ।

2. **ਉੱਤਰਜੀਵਿਤਾ ਮੁੱਲ :** ਕਿੱਤਈ ਮੁੱਲਾਂ ਦੇ ਮਾਧਿਅਮ ਦੁਆਰਾ ਅਸੀਂ ਮਨੁੱਖ ਨੂੰ ਆਪਣਾ ਜੀਵਿਕਾ ਕਮਾਉਣ ਯੋਗ ਬਣਾਉਂਦੇ ਹਾਂ ਜਿਵੇਂ ਭੋਜਨ, ਮਕਾਨ, ਕਾਮ ਆਦਿ। ਫਿਰ ਵੀ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹੀ ਸਾਰਾ ਕੁੱਝ ਨਹੀਂ ਹੈ। ਇਹ ਜ਼ਿੰਦਾ ਰਹਿਣ ਲਈ ਇਕ ਉਦੇਸ਼ ਹੈ। ਇਸ ਨੂੰ ਪੂਰੀ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

3. **ਸਮਾਜਿਕ ਮੁੱਲ :** ਇਹ ਉੱਤਰਜੀਵਿਤਾ ਮੁੱਲਾਂ ਨਾਲੋਂ ਕੁੱਝ ਉੱਚੇ ਮੁੱਲ ਹਨ। ਇਹ ਦੂਜਿਆਂ ਦੀ ਭਲਾਈ ਅਤੇ ਮਨੁੱਖਤਾ ਲਈ ਹੁੰਦੇ ਹਨ। ਇਸ ਵਿਚ ਮਨੁੱਖਤਾ, ਮੁਆਫ਼ੀ ਦੇਣਾ, ਬੁੱਧੀ, ਹੌਂਸਲਾ, ਦਇਆ ਆਦਿ। ਸਿੱਖਿਆ ਪਾਠਕ੍ਰਮ ਅਤੇ ਸਹਿਪਾਠੀ ਕਿਰਿਆਵਾਂ ਦੁਆਰਾ ਇਹ ਮੁੱਲ ਪੈਦਾ ਕਰਦੀ ਹੈ।

4. **ਉੱਚ ਮੁੱਲ :** ਇਹ ਤਿੰਨ ਮੁੱਲ (ਮੁੱਲਾਂ ਦੀ ਤਿਕੜੀ) ਭਾਵ ਸੱਚ, ਸੁੰਦਰਤਾ ਅਤੇ ਚੰਗਿਆਈ ਨੂੰ ਅੰਤਿਮ ਮੁੱਲ ਕਹਿੰਦੇ ਹਨ। ਅਰਸਤੂ ਵੀ ਇਹਨਾਂ ਨੂੰ ਉੱਚ ਮੁੱਲ ਕਹਿੰਦਾ ਹੈ ਅਤੇ ਬਾਕੀ ਸਾਰੇ ਮੁੱਲਾਂ ਨੂੰ ਇਹਨਾਂ ਤਿੰਨ ਮੁੱਲਾਂ ਦੇ ਅਧੀਨ ਸਮਝਦਾ ਹੈ।

ਲੋਕਤੰਤਰਿਕ ਦੇਸ਼ ਵਿਚ ਬਰਾਦਰੀ, ਮਾਪੇ, ਧਰਮ ਦੇ ਸਹਿਯੋਗ ਨਾਲ ਸਿੱਖਿਆ ਵਿਦਿਆਰਥੀਆਂ ਵਿਚ ਉੱਚ ਮੁੱਲਾਂ ਭਾਵ ਸੱਚ, ਸੁੰਦਰਤਾ ਅਤੇ ਚੰਗਿਆਈ ਦਾ ਵਿਕਾਸ ਕਰਦੀ ਹੈ। ਜਿਹੜੀ ਸਿੱਖਿਆ ਉੱਚ ਮੁੱਲਾਂ ਦਾ ਵਿਕਾਸ ਨਹੀਂ ਕਰਦੀ, ਸਿੱਖਿਆ ਨਹੀਂ ਕਹਾ ਸਕਦੀ।

5. **ਅੰਤਿਮ ਮੁੱਲ :** ਸਾਡੀ ਰਾਸ਼ਟਰੀ ਸਿੱਖਿਆ ਪ੍ਰਣਾਲੀ ਅਨੁਸਾਰ ਸਿੱਖਿਆ ਦਾ ਉੱਚ ਉਦੇਸ਼ ਹੈ -ਸਵੈ-ਪਹਿਚਾਣ ਭਾਵ ਪਰਮਾਤਮਾ ਨਾਲ ਅਭੇਦਤਾ। ਸਾਡੀ ਜ਼ਿੰਦਗੀ ਦਾ ਇਹ ਸਭ ਤੋਂ ਉੱਚਾ ਮੁੱਲ ਹੈ। ਸਿੱਖਿਆ ਇਹ ਰਸਤਾ ਵਿਖਾਏਗੀ ਭਾਵੇਂ ਆਮ ਵਿਅਕਤੀ ਲਈ ਇਹ ਪ੍ਰਾਪਤ ਕਰਨਾ ਅਸੰਭਵ ਹੈ। ਇਹ ਪੜਾ 'ਤੇ ਬਹੁਤ ਘੱਟ ਵਿਅਕਤੀ ਪਹੁੰਚਦੇ ਹਨ। ਸਾਰਾਂਸ਼ ਰੂਪ ਵਿਚ ਅਧਿਆਤਮਕ ਅਤੇ ਬੌਧਿਕ ਉੱਚ ਮੁੱਲ, ਪਦਾਰਥਕ ਅਤੇ ਸਰੀਰਕ ਮੁੱਲ ਨੀਵੇਂ ਮੁੱਲ ਹਨ। ਮੁੱਲ ਸਾਡੀ ਸਿੱਖਿਆ ਪ੍ਰਣਾਲੀ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਾਧਨਵਾਦੀ, ਪ੍ਰਯੋਗਵਾਦੀ ਅਤੇ ਤਜਰਬੇਵਾਦੀ ਵੱਖ-ਵੱਖ ਕਦਰਾਂ-ਕੀਮਤਾਂ ਦੀ ਦਰਜਾਬੰਦੀ ਬਣਾਉਂਦੇ ਹਨ। ਉਹਨਾਂ ਅਨੁਸਾਰ ਕੋਈ ਮੁੱਲ ਉੱਚਾ ਦਰਜਾ ਹਾਸਲ ਕਰ ਜਾਂਦਾ ਹੈ ਜਦ ਉਹ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਵਧੀਆ ਸਾਧਨ ਦਾ ਕੰਮ ਕਰਦਾ ਹੈ। ਉਹ ਕਹਿੰਦੇ ਹਨ ਕਿ ਦਰਜਾਬੰਦੀ ਪਹਿਲਾਂ ਨਹੀਂ ਕੀਤੀ ਜਾ ਸਕਦੀ ਨਾ ਹੀ ਇਹ ਅੰਤਿਮ ਹੁੰਦੀ ਹੈ। ਕੋਈ ਵਿਅਕਤੀ ਕਿਸੇ ਸਮੇਂ ਕਿਸੇ ਖਾਸ ਸਥਿਤੀ ਵਿਚ ਕਿਹੜੇ ਮੁੱਲ ਰੱਖਦਾ ਹੈ, ਤੇ ਨਿਰਭਰ ਕਰਦਾ ਹੈ। ਇਹ ਕਾਰਕ ਕਦਰਾਂ-ਕੀਮਤਾਂ ਦੀ ਦਰਜਾਬੰਦੀ ਤਹਿ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਕੋਈ ਪਾਠ-ਪੁਸਤਕ ਵਿਦਿਆਰਥੀਆਂ ਨੂੰ ਸਿਫ਼ਾਰਿਸ਼ ਕਰਨ ਲਈ ਕੀਮਤ, ਬਣਤਰ, ਸਮੱਗਰੀ ਜਾਂ ਵਿਸ਼ਾ ਵਸਤੂ ਦੀ ਪੇਸ਼ਕਾਰੀ ਵਿਚੋਂ ਕਿਹੜੇ ਕਾਰਕ ਨੂੰ ਵਧੇਰੇ ਤਰਜੀਹ ਦਿੱਤੀ ਜਾਵੇ। ਤਰਜੀਹ ਦਾ ਕ੍ਰਮ ਸਿੱਖਿਆ ਨੀਤੀ, ਸਮਾਂ ਅਤੇ ਸਥਾਨ 'ਤੇ ਨਿਰਭਰ ਕਰਦਾ ਹੈ। ਪਾਠ-ਪੁਸਤਕ ਦੀ ਚੋਣ ਵਿਚਲੇ ਮੁੱਲਾਂ ਦੀ ਦਰਜਾਬੰਦੀ ਇਸ ਪਦਕ੍ਰਮ ਉੱਪਰ ਨਿਰਭਰ ਕਰਦੀ ਹੈ।

**2.5.5 ਕਦਰਾਂ-ਕੀਮਤਾਂ ਦਾ ਪਤਨ (Erosion of Values) :**

ਕਦਰਾਂ ਕੀਮਤਾਂ ਮਨੁੱਖੀ ਸਮਾਜ ਦੇ ਪਛਾਣ ਚਿੰਨ੍ਹ ਹਨ, ਇਸੇ ਲਈ ਇਹਨਾਂ ਨੂੰ ਮਨੁੱਖੀ ਕਦਰਾਂ ਕੀਮਤਾਂ ਦਾ ਨਾਂ ਦਿੱਤਾ ਜਾਂਦਾ ਹੈ। ਵੱਖ-ਵੱਖ ਸਮਾਜ ਵੱਖ-ਵੱਖ ਕਦਰਾਂ ਕੀਮਤਾਂ ਨੂੰ ਮਾਨਤਾ ਦਿੰਦੇ ਹੋਏ ਸਮਾਜ ਨੂੰ ਮਾਨਵੀ ਮੁਹਾਂਦਰਾ ਪ੍ਰਦਾਨ ਕਰਦੇ ਹਨ। ਭਾਰਤੀ ਸਮਾਜ ਇਨ੍ਹਾਂ ਕਦਰਾਂ ਕੀਮਤਾਂ ਨੂੰ ਮਾਨਤਾ ਦਿੰਦਾ ਹੋਇਆ ਉਨ੍ਹਾਂ ਵਿਚ ਸੱਚਾਈ, ਚੰਗਿਆਈ, ਭਰਾਤਰੀ ਭਾਵ, ਹਮਦਰਦੀ, ਦਿਆਲੁਤਾ, ਨਿਮਰਤਾ, ਇਮਾਨਦਾਰੀ, ਸਹਿਯੋਗ, ਸ਼ਾਂਤੀ, ਅਹਿੰਸਾ, ਸਮਾਜਿਕ ਨਿਆਂ, ਸਾਦਗੀ, ਸਮਾਜ-ਸੇਵਾ, ਬਰਾਬਰੀ ਅਤੇ ਦੇਸ਼ ਭਗਤੀ ਆਦਿ ਪ੍ਰਮੁੱਖ ਹਨ। ਅੱਜ ਕਲ੍ਹ ਭਾਰਤੀ ਸਮਾਜ ਦਾ ਅਧਿਐਨ ਕਰਨ ਤੇ ਇਹ ਪਤਾ ਲਗਦਾ ਹੈ ਕਿ ਮਾਨਵੀ ਕਦਰਾਂ ਕੀਮਤਾਂ ਵਿਚ ਨਿਘਾਰ ਜਾਂ ਗਿਰਾਵਟ ਆ ਰਹੀ ਹੈ। ਕਦਰਾਂ ਕੀਮਤਾਂ ਦੇ ਇਸ ਵਿਆਪਕ ਨਿਘਾਰ ਨੇ ਸਮਾਜ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕੀਤਾ ਹੈ। ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰਾਂ 'ਚ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ :

**ਆਰਥਿਕ ਕੀਮਤਾਂ ਦੇ ਗਿਰਾਵਟ ਵਾਲੇ ਮੁੱਖ ਕਾਰਨ (Erosion of Economic Values):** ਜਿਸ ਤਰ੍ਹਾਂ ਕਿ ਅਸੀਂ ਉਪਰ ਜ਼ਿਕਰ ਕੀਤਾ ਹੈ, ਹੇਠ ਲਿਖੀਆਂ ਆਰਥਿਕ ਕੀਮਤਾਂ ਦੀ ਗਿਰਾਵਟ ਦੇ ਨਿਮਨ ਲਿਖੇ ਕਾਰਨ ਵੀ ਹਨ। ਅੱਜ ਸਮਾਜ ਇਕ ਅਜਿਹੇ ਚੌਰਾਹੇ ਤੇ ਖੜ੍ਹਾ ਹੈ ਜਿਥੇ ਕਈ ਰਾਹ ਜਾਂਦੇ ਹਨ। ਸਾਇੰਸ ਤੇ ਤਕਨੋਲੋਜੀ ਨੇ ਇਨਸਾਨ ਨੂੰ ਅਜਿਹੇ ਹਥਿਆਰ ਦਿੱਤੇ ਹਨ ਕਿ ਜੇ ਉਨ੍ਹਾਂ ਦਾ ਦੁਰਉਪਯੋਗ ਕੀਤਾ ਜਾਵੇ ਤਾਂ ਦੁਨੀਆਂ ਵਿੱਚ ਇਨਸਾਨੀਅਤ ਦਾ ਬੀਜ ਨਾਸ਼ ਹੋ ਸਕਦਾ ਹੈ। ਇਸ ਨਾਲ ਇਨਸਾਨੀ ਆਰਥਿਕ ਕੀਮਤਾਂ ਵਿੱਚ ਵੀ ਗਿਰਾਵਟ ਆਈ ਹੈ।

1. **ਸਾਇੰਸ ਤੇ ਤਕਨੋਲੌਜੀ ਦਾ ਵਿਕਾਸ (Development of Science and Technology) :** ਕਾਰਖਾਨੇਦਾਰੀ, ਜ਼ਰਾਇਤ ਦੇ ਮਸ਼ੀਨੀਕਰਨ, ਸ਼ਹਿਰੀਕਰਨ ਅਤੇ ਆਬਾਦੀ ਦੇ ਵਾਧੇ ਨੂੰ ਜੀਵਨ ਨੂੰ ਆਰਥਿਕ ਪੱਖ ਤੋਂ ਵਿਉਪਾਰ ਦਾ ਰੂਪ ਦੇ ਦਿੱਤਾ ਹੈ। ਪੁਰਾਣੇ ਪਰਿਵਾਰਿਕ ਸੰਬੰਧ ਟੁੱਟ ਗਏ ਹਨ ਤੇ ਹੁਣ ਇਨ੍ਹਾਂ ਨੂੰ ਆਰਥਿਕ ਪੱਖ ਤੋਂ ਵਧੇਰੇ ਮਹੱਤਤਾ ਦਿੱਤੀ ਜਾਂਦੀ ਹੈ।
2. **ਮਸ਼ੀਨੀਕਰਨ ਤੇ ਸ਼ਹਿਰੀਕਰਨ ਦਾ ਵਿਕਾਸ (Growth of Industrialisation and Urbanisatio) :** ਇਨ੍ਹਾਂ ਦੇ ਪ੍ਰਭਾਵ ਨਾਲ ਜੀਵਨ ਵਿੱਚ ਬਹੁਤ ਤਨਾਵ ਆਇਆ ਹੈ ਤੇ ਮਾਨਵੀ ਕੀਮਤਾਂ ਵਿੱਚ ਗਿਰਾਵਟ ਆਈ ਹੈ ਇਨਸਾਨ ਮਤਲਬੀ ਬਣ ਗਿਆ ਹੈ।
3. **ਪਦਾਰਥਵਾਦੀ ਕੀਮਤ (Materialistic Values) :** ਇਨਸਾਨੀ ਵਤੀਰਾ ਪਦਾਰਥਵਾਦੀ ਬਣ ਗਿਆ ਹੈ ਅਤੇ ਉਹ ਆਰਥਿਕ ਪੱਖ ਨੂੰ ਵਧੇਰੇ ਮਹੱਤਤਾ ਦੇਣ ਲਗ ਗਿਆ ਹੈ। ਉਹ ਧਨ ਨੂੰ ਇਕੱਠਾ ਕਰਨ ਲਈ ਬਾਕੀ ਹਰ ਪ੍ਰਕਾਰ ਦੀਆਂ ਕੀਮਤਾਂ ਦੀ ਕੁਰਬਾਨੀ ਦੇ ਦੇਂਦਾ ਹੈ। ਇਸ ਨਾਲ ਕੀਮਤਾਂ ਵਿੱਚ ਗਿਰਾਵਟ ਆਉਂਦੀ ਹੈ।
4. **ਮਨੋਵਿਗਿਆਨਕ ਕਾਰਨ (Psychological Reasons) :** ਹੁਣ ਮਨੋਵਿਗਿਆਨਕ ਕੀਮਤਾਂ ਨੂੰ ਅਧਿਆਤਮਕ ਕੀਮਤਾਂ ਤੇ ਮਹੱਤਤਾ ਦਿੱਤੀ ਜਾਂਦੀ ਹੈ। ਇਸ ਦੇ ਕਾਰਨ ਸਪੱਸ਼ਟ ਤੌਰ ਤੇ ਸਾਹਮਣੇ ਆ ਜਾਂਦੇ ਹਨ।
5. **ਆਰਥਿਕ ਵਿਕਾਸ ਦਾ ਗਲਤ ਸੰਕਲਪ (Wrong Concept of Economic Development) :** ਆਰਥਿਕਤਾ ਦੇ ਵਿਕਾਸ ਦਾ ਭਾਵ ਇਹ ਨਹੀਂ ਹੋਣਾ ਚਾਹੀਦਾ ਕਿ ਦੇਸ਼ ਵਿੱਚ ਕਿੰਨਾ

ਧਨ ਇਕੱਠਾ ਹੋਇਆ ਹੈ। ਅਸਲ ਵਿੱਚ ਇਸ ਦਾ ਭਾਵ ਹੁੰਦਾ ਹੈ ਕਿ ਹੇਠਲੀ ਆਮਦਨ ਵਾਲੇ 40 ਫੀਸਦੀ ਲੋਕਾਂ ਦੀ ਹਾਲਤ ਸੁਧਾਰੀ ਜਾਵੇ। ਅਜਿਹਾ ਸਾਡੇ ਦੇਸ਼ ਵਿੱਚ ਨਹੀਂ ਹੋ ਸਕਿਆ।

**ਸਮਾਜਿਕ ਕੀਮਤਾਂ ਦੇ ਗਿਰਾਵਟ ਦੇ ਕਾਰਨ (Causes of the Erosion of Social Values) :** ਉਪਰੋਕਤ ਕਾਰਨ ਤੋਂ ਇਲਾਵਾ ਹੇਠ ਲਿਖੇ ਕਾਰਨ ਵੀ ਇਸ ਲਈ ਜ਼ਿੰਮੇਵਾਰ ਹਨ ਕਿਉਂਕਿ ਹਾਲੇ ਤਕ ਇਨਸਾਨ ਇਕ ਦੂਸਰੇ ਨਾਲ ਮਿਲ ਕੇ, ਭਾਈਚਾਰਾ ਬਣਾ ਕੇ, ਅਮਨ ਵਿੱਚ ਰਹਿਣ ਦੇ ਪੂਰਨ ਢੰਗ ਅਪਣਾ ਨਹੀਂ ਸਕਿਆ। ਇਸ ਦੇ ਕਾਰਨ ਇਨਸਾਨ ਵਿੱਚ ਹੇਠ ਲਿਖੀਆਂ ਊਣਤਾਈਆਂ ਆ ਗਈਆਂ ਹਨ :

1. ਇਨਸਾਨ ਸਮਾਜਿਕ ਕੀਮਤਾਂ, ਯੋਗ ਪੱਧਰ ਤੇ ਯੋਗ ਢੰਗ ਨਾਲ ਰਹਿਣ ਦੇ ਅਸੂਲ ਨੂੰ ਤੋੜਦੇ ਹਨ ਤੇ ਇਨ੍ਹਾਂ ਦੀ ਪ੍ਰਵਾਹ ਨਹੀਂ ਕਰਦੇ।
2. ਇਨਸਾਨ ਮਗਰੂਰ, ਸਵੈ-ਕੇਂਦਰਤ ਅਤੇ ਅਭਿਮਾਨੀ ਹੋ ਗਏ ਹਨ।
3. ਦੂਸਰਿਆਂ ਲਈ ਸਤਿਕਾਰ ਤੇ ਸਮਾਜਿਕ ਪ੍ਰਸ਼ਾਸਨ ਦਾ ਆਦਰ ਮਾਨ ਖਤਮ ਹੋ ਚੁੱਕਾ ਹੈ।
4. ਸਮਾਜਿਕ ਭਾਂਤ ਦਾ ਇਨਸਾਨ ਬਹੁਤ ਘੱਟ ਗਿਆ ਹੈ।
5. ਮਿਲ ਜੁਲ ਕੇ ਰਹਿਣਾ, ਆਪਸੀ ਮੇਲ ਜੋਲ, ਇਨਸਾਨੀ ਭਾਈਚਾਰਾ, ਸਮਾਜ ਸੇਵਾ, ਇਨਸਾਨਾਂ ਦੀ ਭਲਾਈ ਨੂੰ ਅੱਜ ਕਲ ਬਹੁਤ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ ਤੇ ਨਾ ਹੀ ਸਤਿਕਾਰਿਆ ਜਾਂਦਾ ਹੈ।
6. ਮਿਹਨਤ ਕਰਨ, ਬਰਾਬਰੀ ਅਤੇ ਭਾਈਚਾਰਾ, ਆਧੁਨਿਕ ਦੁਨੀਆਂ ਵਿੱਚ ਸਤਿਕਾਰਿਆ ਨਹੀਂ ਜਾਂਦਾ।
7. ਸਮਾਜ ਵਿੱਚ ਬੇਈਮਾਨੀ, ਅਤਿ ਦਾ ਮੁਕਾਬਲਾ, ਤੰਗ ਕੀਮਤਾਂ ਲਈ ਭਜਦੌੜ ਆਮ ਹੋ ਗਈਆਂ ਹਨ।
11. ਸਮਾਜਿਕ ਬੇਚੈਨੀ ਤੇ ਈਰਖਾ ਆਮ ਹੋ ਗਈ ਤੇ ਇਨ੍ਹਾਂ ਦੇ ਕਾਰਨ ਵੀ ਸਮਾਜਿਕ ਕੀਮਤਾਂ ਵਿੱਚ ਗਿਰਾਵਟ ਆਈ ਹੈ।
9. ਸਮਾਜਿਕ ਅਤਿਆਚਾਰ ਜਿਵੇਂ ਵੱਖ-ਵੱਖ ਤਰ੍ਹਾਂ ਦੇ ਵਿਤਕਰੇ, ਅਮੀਰੀ ਗਰੀਬੀ ਦੇ, ਧਰਮਾਂ ਦੇ, ਜਾਤ ਪਾਤ ਆਦਿ ਵਿਤਕਰੇ ਵੀ ਸਿਰ ਚੁੱਕੀ ਆਉਂਦੇ ਹਨ, ਜਿਨ੍ਹਾਂ ਨੇ ਸਮਾਜਿਕ ਕੀਮਤਾਂ ਨੂੰ ਢਾਹ ਲਾਈ ਹੈ।
10. ਲਿੰਗ ਦੇ ਵਿਤਕਰੇ ਵੀ ਦੇਸ਼ ਨੂੰ ਨੀਵੇਂ ਪਾਸੇ ਲੈ ਜਾ ਰਹੇ ਹਨ। ਕਈ ਪ੍ਰਾਂਤਾਂ ਵਿੱਚ ਡਾਇਰੈਕਟਰ ਜਨਰਲ ਪੁਲਿਸ ਵਰਗੇ ਉੱਚੇ ਪਦਾਂ ਦੇ ਅਫਸਰ ਜਿਨ੍ਹਾਂ ਨੇ ਕਿ ਇਸਤਰੀਆਂ ਦੀ ਸੁਰੱਖਿਆ ਤੇ ਪਹਿਰਾ ਦੇਣਾ ਹੁੰਦਾ ਹੈ, ਆਪ ਜਬਰ ਜ਼ਿਨਾਹ ਤੇ ਛੇੜ ਛਾੜ ਦੇ ਜੁਰਮ ਵਿੱਚ ਫਸ ਜਾਂਦੇ ਹਨ।
11. ਬਜ਼ੁਰਗ ਦੀ ਇੱਜ਼ਤ, ਇਸਤਰੀ ਲਿੰਗ ਲਈ ਸਤਿਕਾਰ, ਸੱਚ ਬੋਲਣਾ, ਨੇਕੀ ਦੇ ਕੰਮ ਕਰਨੇ ਅਤੇ ਲੋਕਾਂ ਨੂੰ ਸੁੱਖ ਸ਼ਾਂਤੀ ਵਿੱਚ ਰਹਿਣ ਦੇਣਾ ਆਦਿ ਹੁਣ ਪੁਰਾਣੀਆਂ ਗੱਲਾਂ ਹੋ ਗਈਆ ਹਨ।

ਸਿੱਖਿਆ ਦਾ ਇਹ ਮਨੋਰਥ ਹੁੰਦਾ ਹੈ ਕਿ ਇਸ ਨੇ ਨੀਵੀਂ ਪ੍ਰਕਾਰ ਦੀਆਂ ਸਮਾਜਿਕ ਕੀਮਤਾਂ ਖਤਮ ਕਰਨੀਆਂ ਹੁੰਦੀਆਂ ਹਨ ਅਤੇ ਉੱਚ ਪੱਧਰ ਦੀਆਂ ਸਮਾਜਿਕ ਕੀਮਤਾਂ ਸਥਾਪਤ ਕਰਨੀਆਂ ਹੁੰਦੀਆਂ ਹਨ।

**ਸਿਆਸੀ ਕੀਮਤਾਂ ਦੀ ਗਿਰਾਵਟ ਦੇ ਕਾਰਨ (Reasons for Lowering of Political Values) :** ਜਿਨੀ ਤੇਜ਼ੀ ਨਾਲ ਸਾਡੇ ਦੇਸ਼ ਵਿੱਚ ਸਿਆਸੀ ਕੀਮਤਾਂ ਡਿੱਗੀਆਂ ਹਨ ਉਨੀਆਂ ਹੋਰ ਪ੍ਰਕਾਰ ਦੀਆਂ ਕੀਮਤਾਂ ਨਾਲ ਨਹੀਂ ਹੋਇਆ। ਵੈਸੇ ਵੀ ਇੰਝ ਲੱਗਦਾ ਹੈ ਕਿ ਸਿਆਸੀ ਕੀਮਤਾਂ ਦੇ ਡਿੱਗਣ ਦੇ ਕਾਰਨ ਵੀ ਆਰਥਿਤ ਤੇ ਸਮਾਜਿਕ ਕੀਮਤਾਂ ਵਿੱਚ ਗਿਰਾਵਟ ਆਈ ਹੈ। ਇਸ ਦੇ ਕੁਝ ਇਕ ਮੋਟੇ ਕਾਰਨ ਨਿਮਨ ਲਿਖਤ ਹਨ :

1. **ਸਿਆਸੀ ਦੁਰ-ਉਪਯੋਗ (Political Exploitation) :** ਲੋਕ ਅਨਪੜ੍ਹ ਹਨ ਤੇ ਸਿਆਸੀ ਲੀਡਰ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤ ਲੈਂਦੇ ਹਨ। ਇਸ ਤਰ੍ਹਾਂ ਨਾਲ ਲੋਕਾਂ ਵਿੱਚ ਦੁਸ਼ਮਣੀਆਂ ਵੱਧ ਜਾਂਦੀਆਂ ਹਨ। ਲੋਕਾਂ ਵਿੱਚ ਗਿਰਾਵਟਾਂ ਆਉਂਦੀਆਂ ਹਨ। ਲੀਡਰ ਉਨ੍ਹਾਂ ਨੂੰ ਝੂਠੇ ਲਾਰੇ ਲਾ ਦੇਂਦੇ ਹਨ ਤੇ ਉਹ ਗੁਮਰਾਹ ਹੋ ਜਾਂਦੇ ਹਨ।

2. **ਸਵੈ-ਭਲਾਈ (Selfish Motives) :** ਲਗਭਗ ਸਾਰੀਆਂ ਪਾਰਟੀਆਂ ਆਪਣੇ ਆਪਣੇ ਹਿੱਤਾਂ ਨੂੰ ਸਾਹਮਣੇ ਰੱਖਦੀਆਂ ਹਨ। ਚੋਣਾਂ ਹੋ ਜਾਣ ਤੋਂ ਬਾਅਦ ਲੀਡਰ ਦੇਸ਼ ਭਲਾਈ ਤੇ ਲੋਕ ਭਲਾਈ ਨੂੰ ਪਿੱਛੇ ਪਾ ਦੇਂਦੇ ਹਨ ਅਤੇ ਸਵੈ-ਭਲਾਈ ਨੂੰ ਮੁੱਖ ਰੱਖ ਲੈਂਦੇ ਹਨ।

3. **ਸੰਵਿਧਾਨਿਕ ਵਾਇਦਿਆਂ ਦੀ ਅਪੂਰਨਤਾ (Non-Fulfillment of Constitutional Provisions) :** ਜੋ ਵਾਇਦੇ ਸੰਵਿਧਾਨ ਵਿੱਚ ਕੀਤੇ ਗਏ ਸਨ ਜਿਵੇਂ ਅਨਪੜ੍ਹਤਾ ਦਾ ਨਾਸ਼, ਗਰੀਬੀ ਦਾ ਖਾਤਮਾ, ਜਾਤ-ਪਾਤ ਦੀ ਸਮਾਪਤੀ ਆਦਿ ਅੱਜ ਵੀ ਪੂਰੇ ਨਹੀਂ ਕੀਤੇ ਜਾ ਸਕੇ। ਇਸ ਪ੍ਰਕਾਰ ਹੀ 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਦੀ ਮੁਫਤ, ਲਾਜ਼ਮੀ ਅਤੇ ਸਰਵਵਿਆਪੀ ਸਿੱਖਿਆ ਵੀ ਪ੍ਰਦਾਨ ਨਹੀਂ ਹੋ ਸਕੀ ਹੈ।

4. **ਪੁਲਿਸ ਦੀ ਤੇ ਧਕੜਾਂ ਦੀ ਤਾਨਾਸ਼ਾਹੀ (Exploitations of Police and Muscle Powers) :** ਜੋ ਸਿਆਸੀ ਪਾਰਟੀ ਵੀ ਸੱਤਾ ਵਿੱਚ ਆਉਂਦੀ ਹੈ ਉਹ ਤਾਨਾਸ਼ਾਹੀ ਤੇ ਪੁਲਿਸ ਦਾ ਦੁਰਉਪਯੋਗ ਕਰਦੀ ਹੈ। ਇਸ ਦੇ ਕਾਰਨ ਨੈਤਿਕ ਕੀਮਤਾਂ ਡਿੱਗ ਗਈਆਂ ਹਨ ਤੇ ਅਫਸਰਸ਼ਾਹੀ ਨੇ ਇਨਸਾਫ ਨੂੰ ਇਕ ਪਾਸੇ ਰੱਖ ਕੇ ਆਪਣੇ ਆਪ ਨੂੰ ਸਿਆਸੀ ਪਾਰਟੀਆਂ ਨਾਲ ਜੋੜ ਲਿਆ ਹੈ।

5. **ਸਿਆਸੀ ਕੋਡ ਦੀ ਘਾਟ (Loss of Political Code) :** ਰਾਜਨੀਤਿਕ ਕੋਡ ਦਾ ਕੋਈ ਸਤਿਕਾਰ ਨਹੀਂ ਰਿਹਾ। ਅਸੈਂਬਲੀਆਂ ਵਿੱਚ ਅਤੇ ਪਾਰਲੀਮੈਂਟ ਵਿੱਚ ਰੋਲਾ ਰੱਪਾ ਪਿਆ ਅਤੇ ਕਾਰਵਾਈ ਠੀਕ ਢੰਗ ਨਾਲ ਨਹੀਂ ਹੁੰਦੀ।

**2.5.6 ਸਾਰ :**

ਜੋ ਸਾਡੀ ਇੱਛਾ ਨੂੰ ਪੂਰਾ ਕਰਦਾ ਹੈ, ਉਹ ਮੁੱਲ ਹੈ। ਕਦਰਾਂ ਕੀਮਤਾਂ ਜ਼ਿੰਦਗੀ ਨੂੰ ਪ੍ਰਭਾਸ਼ਿਤ ਕਰਦੀਆਂ ਹਨ। ਅਸੀਂ ਕਦਰਾਂ ਕੀਮਤਾਂ ਨੂੰ ਸਿਰਫ ਕਿਤਾਬਾਂ ਰਾਹੀਂ ਨਹੀਂ ਪੜ੍ਹਾ ਸਕਦੇ। ਮਾਤਾ ਪਿਤਾ ਅਤੇ ਸਮਾਜ ਬਹੁਤ ਮਦਦ ਕਰਦੇ ਹਨ। ਅੱਜ ਸਾਡਾ ਸਮਾਜ ਜਿਨ੍ਹਾਂ ਬੁਰਾਈਆਂ ਦਾ ਸ਼ਿਕਾਰ ਹੈ, ਉਸ ਦਾ ਮੁੱਖ ਕਾਰਨ ਮੁੱਲਾਂ ਦਾ ਵਿਨਾਸ਼ ਹੈ। ਸਰਵਜਨਕ ਜੀਵਨ ਵਿੱਚ ਮੁੱਖ ਪਤਨ ਦੇ ਕੰਢੇ ਤੇ ਪੜ੍ਹੇ ਹਨ। ਲੋਕ ਬੜੀ ਦੇਰ ਤੋਂ ਚਲੇ ਆ ਰਹੇ ਮੁੱਲਾਂ ਦਾ ਤਿਆਗ ਕਰ ਰਹੇ ਹਨ। ਸਭ ਪੱਧਰਾਂ ਤੇ ਸਮਾਜਿਕ, ਨੈਤਿਕ, ਸੰਸਕ੍ਰਿਤਕ, ਆਰਥਿਕ ਅਤੇ ਰਾਜਨੀਤਿਕ ਮੁੱਲਾਂ ਦਾ ਪਤਨ ਹੋ ਰਿਹਾ ਹੈ।

### 2.5.7 ਮੁੱਖ ਧਾਰਨਾ

ਮੁੱਲ- ਉਹ ਸਿਧਾਂਤ ਜੋ ਤੁਹਾਨੂੰ ਇਹ ਫੈਸਲਾ ਕਰਨ ਵਿਚ ਮਦਦ ਕਰਦਾ ਹੈ ਕੀ ਸਹੀ ਹੈ ਅਤੇ ਕੀ ਗਲਤ ਅਤੇ ਵੱਖ ਵੱਖ ਸਥਿਤੀਆਂ ਵਿਚ ਕਿਵੇ ਕੰਮ ਕਰਨਾ ਹੈ।

ਲੜੀ - ਇਕ ਪ੍ਰਣਾਲੀ ਜੋ ਸ਼ਕਤੀ ਜਾਂ ਮਹੱਤਤਾ ਦੇ ਅਨੁਸਾਰ ਅਕਸਰ ਚੀਜ਼ਾ ਨੂੰ ਸੰਗਠਿਤ ਜਾ ਦਰਜਾ ਦਿੰਦੀ ਹੈ।

ਪ੍ਰੇਣਾ- ਸੰਕਲਪ ਕਿਸੇ ਵਿਚ ਗਿਆਨ ਜਾਂ ਕਦਰਾਂ ਕੀਮਤਾਂ ਨੂੰ ਪੈਦਾ ਕਰਨਾ ਹੈ, ਆਮ ਤੌਰ ਤੇ ਦਰਸਾਓ ਦੁਆਰਾ।

ਉਕਸਾਉਣਾ ਕਿਸੇ ਤੇ ਕਿਸੇ ਵਿਚਾਰ ਨੂੰ ਪੈਦਾ ਕਰਨਾ ਜਾਂ ਪ੍ਰਭਾਵਿਤ ਕਰਨ ਹੈ, ਇਸ ਲਈ ਪ੍ਰੇਰਣਾ ਵਿਚਾਰਾਂ ਨੂੰ ਪੈਦਾ ਕਰਨ ਜਾਂ ਪ੍ਰਭਾਵਿਤ ਕਰਨ ਦੀ ਪ੍ਰਕਿਰਿਆ ਹੈ।

### 2.5.8 ਸਵੈ-ਅਭਿਆਸ ਪ੍ਰਸਨ:

1. ਭਾਰਤੀ ਦਰਸ਼ਨ ਚਾਰ ਮੁੱਲਾਂ ਵਿਚ ਵਿਸਵਾਸ ਕਰਦਾ ਹੈ ਜਿਨ੍ਹਾਂ ਨੂੰ ਪੁਰਸ਼ਾਰਥ................................ ਕਿਹਾ ਜਾਂਦਾ ਹੈ।
2. ਥਾਮਸ ਮੁੱਲਾਂ ਨੂੰ ਸਮੂਹਾਂ ਵਿਚ ਸ੍ਰੇਣੀ ਬੱਧ ਕਰਦਾ ਹੈ 1)...........ਮੁੱਲ 2) ਮਾਨਵਤਾਵਾਦੀ ਮੁੱਲ 3) ਬੌਧਿਕ ਮੁੱਲ 4) ਸ਼ਕਤੀ ਮੁੱਲ 5) ........... ਮੁੱਲ 6).............. ਮੁੱਲ ਹਨ।
3. ............ ਮੁੱਲ ਮਾਰਕੀਟ ਕੀਮਤ ਦੁਆਰਾ ਦਰਸਾਏ ਜਾਂਦੇ ਹਨ।
4. ਗਿਆਨ ਦੀਆਂ ਕਦਰਾਂ ਕੀਮਤਾਂ ਅਤੇ ਸੱਚ ਦੀ ਪ੍ਰਾਪਤੀ ਲਈ ਖੋਜ਼................ ਮੁੱਲਾਂ ਵਿਚ ਸ਼ਾਮਲ ਹਨ।
5. ਬੈਕਬਿਟਿੰਗ................... ਮੁੱਲ ਦੀ ਇਕ ਉਦਾਹਰਣ ਹੈ।

ਉਤਰ: 1 ਧਰਮ, ਅਰਥ, ਕਾਮਾ ਅਤੇ ਮੋਕਸ 2) ਸੁਹਜ, ਸਮੱਗਰੀ, ਧਾਰਮਿਕ 3) ਆਰਥਿਕ 4) ਬੌਧਿਕ 5) ਘੱਟ

### 2.5.9 ਸੁਝਾਏ ਪ੍ਰਸ਼ਨ :

1. ਕਦਰਾਂ ਕੀਮਤਾਂ ਦੀ ਵਿਸਥਾਰਪੂਰਵਕ ਵਿਆਖਿਆ ਕਰੋ?
2. ਕਦਰਾਂ ਕੀਮਤਾਂ ਦੀ ਦਰਜਾਬੰਦੀ ਨੂੰ ਵਿਸਥਾਰ ਪੂਰਵਕ ਬਿਆਨ ਕਰੋ?
3. ਮੁੱਲਾਂ ਦੇ ਪਤਨ ਤੋਂ ਤੁਸੀਂ ਕੀ ਸਮਝਦੇ ਹੋ?

### 2.5.10 ਸੁਝਾਈਆਂ ਪੁਸਤਕਾਂ :


1. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਡਾ. ਟੀ.ਐਸ.ਸੋਢੀ, ਹਰਿੰਦਰ ਕੌਰ ਸੋਢੀ
2. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਇੰਦਰਦੇਵ ਸਿੰਘ ਨੰਦਾ, ਮੋਨਿਕਾ
3. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਐਮ.ਐਸ. ਸਚਦੇਵਾ, ਸੁਰਜੀਤ ਸਿੰਘ।

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.